Volume - 1
ISBN 978-93-5205-22-2

Multilingual Biannual
Social Sciences Peer Reviewed Journal

# VIDIYA SAGAR PATRIKA

# ਵਿੱਦਿਆ ਸਾਗਰ ਪਤ੍ਰਿਕਾ

ਅਕਤੂਬਰ-ਦਸੰਬਰ 2019

ਵਿਸ਼ੇਸ਼ ਅੰਕ:- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ
ਜਨਮ ਸ਼ਤਾਬਦੀ ਨੂੰ ਸਮਰਪਿਤ

ਸੰਨੀ ਓਬਰਾਏ ਵਿਵੇਕ ਸਦਨ:
ਐਡਵਾਂਸ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼
ਸ੍ਰੀ ਅਨੰਦਪੁਰ ਸਾਹਿਬ, ਪੰਜਾਬ

Multilingual Biannual
Social Sciences Peer Reviewed Journal

# ਵਿੱਦਿਆ ਸਾਗਰ ਪਤ੍ਰਿਕਾ

ਅਕਤੂਬਰ-ਦਸੰਬਰ 2019

ਵਿਸ਼ੇਸ਼ ਅੰਕ:- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ
ਜਨਮ ਸ਼ਤਾਬਦੀ ਨੂੰ ਸਮਰਪਿਤ

ਮੁਖ ਸੰਪਾਦਕ
ਡਾ. ਸੋਨਦੀਪ ਮੋਂਗਾ

ਕਾਰਜਕਾਰੀ ਸੰਪਾਦਕ
ਪ੍ਰੋ. ਦਿਨੇਸ਼ ਆਰ. ਜਰੋਂਦੇ

ਸੰਨੀ ਓਬਰਾਏ ਵਿਵੇਕ ਸਦਨ:
ਐਡਵਾਂਸ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼
ਸ੍ਰੀ ਅਨੰਦਪੁਰ ਸਾਹਿਬ, ਪੰਜਾਬ

# ਸੰਦੇਸ਼



ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦਾ ਮੁੱਖ ਉਦੇਸ਼ ਸਮੁੱਚੇ ਵਿਸ਼ਵ ਵਿੱਚ ਮਾਨਵਵਾਦੀ ਕਦਰਾਂ ਕੀਮਤਾਂ ਅਤੇ ਕਲਿਆਣਕਾਰੀ ਹਿੱਤ ਪੇਸ਼ ਕਰਨਾ ਹੈ।ਉੱਤਮ ਸਾਹਿਤ ਆਦਰਸ਼ ਸਮਾਜ ਦੇ ਨਿਰਮਾਣ ਲਈ ਲਾਜ਼ਮੀ ਹੈ। ਇਸ ਕਰਕੇ ਸਾਡਾ ਟਰੱਸਟ ਚੰਗੀਆਂ ਪੁਸਤਕਾਂ ਦੀ ਪ੍ਰਕਾਸ਼ਨਾ ਲਈ ਯਤਨਸ਼ੀਲ ਰਹਿੰਦਾ ਹੈ, ਟਰੱਸਟ ਵੱਲੋਂ ਵੱਖ-ਵੱਖ ਸਿੱਖਿਆ ਸੰਸਥਾਵਾਂ ਵਿੱਚ ਗਿਆਨ ਭਰਪੂਰ ਪੁਸਤਕਾਂ ਖਰੀਦ ਕੇ ਮੁਫਤ ਵੰਡੀਆਂ ਜਾਂਦੀਆਂ ਹਨ, ਇੱਥੋਂ ਤੱਕ ਕਿ ਜੇਲਾਂ ਵਿੱਚ ਵੀ ਟਰੱਸਟ ਦੁਆਰਾ ਲਾਇਬ੍ਰੇਰੀਆਂ ਸਥਾਪਿਤ ਕੀਤੀਆਂ ਜਾਂਦੀਆਂ ਹਨ। ਮੇਰਾ ਇਹ ਮੰਨਣਾ ਹੈ ਕਿ ਹਰੇਕ ਇਨਸਾਨ ਨੂੰ ਚੰਗੀ ਜ਼ਿੰਦਗੀ ਜਿਊਣ ਦਾ ਦੂਸਰਾ ਮੌਕਾ ਮਿਲਣਾ ਚਾਹੀਦਾ ਹੈ।ਚੰਗੇ ਸਾਹਿਤ ਦੀ ਰੋਸ਼ਨੀ ਲੈ ਕੇ ਸਹੀ ਜੀਵਨ ਰਸਤੇ ਦੀ ਖੋਜ ਸੁਖਾਲੀ ਹੋ ਜਾਂਦੀ ਹੈ। ਇਸ ਤਰ੍ਹਾਂ ਸਾਹਿਤ ਨਰੋਏ ਸਮਾਜ ਦੀ ਸਿਰਜਣਾ ਦਾ ਇੱਕ ਸਾਰਥਕ ਮਾਧਿਅਮ ਬਣਦਾ ਹੈ।

ਸਾਡੀ ਖੋਜ ਸੰਸਥਾ ਸੰਨੀ ਓਬਰਾਏ ਵਿਵੇਕ ਸਦਨ: ਐਡਵਾਂਸ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼ ਦਾ ਉਦੇਸ਼ ਸ੍ਰੀ ਅਨੰਦਪੁਰ ਸਾਹਿਬ ਦੀ ਸੱਭਿਆਚਾਰਕ ਅਤੇ ਸਾਹਿਤਕ ਵਿਰਾਸਤ ਨੂੰ ਸੰਭਾਲ ਕੇ ਇਸ ਨੂੰ ਭਾਰਤ ਦੇ ਅਕਾਦਮਿਕ ਕੇਂਦਰ ਵਜੋਂ ਵਿਕਸਿਤ ਕਰਨਾ ਹੈ, ਜਿਹਾ ਕਿ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਖ਼੍ਵਾਬ ਸੀ। ਕਿਉਂਕਿ ਗੁਰੂ ਸਾਹਿਬ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਨੂੰ ਸਮਕਾਲੀ ਸਮੇਂ ਵਿੱਚ ਭਾਰਤ ਦੇ ਉੱਤਮ ਰਾਜਨੀਤਿਕ ਧਾਰਮਿਕ ਅਤੇ ਅਕਾਦਮਿਕ ਕੇਂਦਰ ਵਜੋਂ ਸਥਾਪਿਤ ਕੀਤਾ ਸੀ ਅਤੇ ਇਸ 'ਅਨੰਦ' ਪੁਰੀ ਵਿੱਚ ਕੌਮੀ ਸਸ਼ਕਤੀਕਰਣ ਅਤੇ ਅਕਾਦਮਿਕ ਵਿਕਾਸ ਲਈ ਕਈ ਸਾਹਿਤਕਾਰਾਂ, ਲੇਖਕਾਂ, ਕਵੀਆਂ, ਸੰਗੀਤਕਾਰਾਂ ਨੂੰ ਇਸ ਪਵਿੱਤਰ ਨਗਰੀ ਵਿਖੇ ਵਿਸ਼ੇਸ਼ ਤੌਰ 'ਤੇ ਬੁਲਾ ਕੇ ਵਸਾਇਆ ਅਤੇ ਸਮਕਾਲੀ ਸਾਹਿਤ ਦਾ ਅਨੁਵਾਦ ਕਰਵਾ, ਨਵ ਸਾਹਿਤਕ ਰਚਨਾ ਵੀ ਕਰਵਾਈ। ਉਸ ਸਮੇਂ ਇੱਥੇ ਉਹਨਾਂ ਕਈ ਸਾਹਿਤਕ ਸਰਗਰਮੀਆਂ, ਜਿਵੇਂ ਕਿ ਸਾਹਿਤ ਕਾਨਫਰੰਸਾਂ, ਕਵੀ ਦਰਬਾਰ, ਕੀਰਤਨ ਦਰਬਾਰ ਕਰਵਾਏ। ਸਾਡੀ ਖੋਜ ਸੰਸਥਾ ਦੀ ਪਤ੍ਰਿਕਾ 'ਵਿੱਦਿਆ ਸਾਗਰ ਪਤ੍ਰਿਕਾ' ਸਾਨੂੰ ਗੁਰੂ ਸਾਹਿਬ ਦੇ ਪਾਏ ਉਹਨਾਂ ਪੂਰਨਿਆਂ ਦੀ ਯਾਦ ਤਾਜ਼ਾ ਕਰਵਾਏਗੀ।

ਮੈਨੂੰ ਪਾਠਕਾਂ ਨੂੰ ਇਹ ਦੱਸਦਿਆਂ ਖ਼ੁਸ਼ੀ ਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ ਪਤ੍ਰਿਕਾ ਦਾ ਇਹ ਪਹਿਲਾ ਅੰਕ 'ਗੁਰੂ ਨਾਨਕ ਦੇਵ ਜੀ ਦੀ 550ਵੀਂ ਜਨਮ ਸ਼ਤਾਬਦੀ' ਨੂੰ ਸਮਰਪਿਤ ਹੈ।ਇਸ ਵਿੱਚ ਯੋਗਦਾਨ ਪਾਉਣ ਵਾਲੇ ਸਾਰੇ ਵਿਦਵਾਨ ਅਤੇ ਖੋਜਾਰਥੀਆਂ ਨੂੰ ਮੈਂ ਮੁਬਾਰਕਬਾਦ ਪੇਸ਼ ਕਰਦਾ ਹਾਂ।

**ਡਾ. ਐਸ. ਪੀ. ਸਿੰਘ ਓਬਰਾਏ**
ਮੈਨੇਜਿੰਗ ਟਰੱਸਟੀ
ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ।

# ਸੰਪਾਦਕੀ



ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਰਤ ਵਿੱਚ ਤੌਹੀਦ ਭਾਵ ਇਕ ਈਸ਼ਵਰਵਾਦ ਨੂੰ ਦ੍ਰਿੜ੍ਹ ਕਰਵਾ ਕੇ ਗੁਰ ਪ੍ਰਸਾਦਿ ਦੀ ਮਹਿਮਾ ਸਥਾਪਿਤ ਕਰਦਿਆਂ ਨਵ-ਧਾਰਮਿਕ ਚੇਤਨਾ ਦਾ ਅਗਾਜ਼ ਕੀਤਾ। ਪਹਿਲੀ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਰਤੀ ਅਵਾਮ ਵਿੱਚ ਅੰਧ-ਵਿਸ਼ਵਾਸਾਂ ਅਤੇ ਗਲਤ ਧਾਰਮਿਕ ਮਨੌਤਾਂ ਪ੍ਰਤੀ ਚੇਤਨਾ ਪੈਦਾ ਕਰਕੇ ਇਸ ਵਿੱਚ ਕ੍ਰਾਂਤੀਕਾਰੀ ਰੂਪ ਵਿੱਚ ਸੁਧਾਰਾਂ ਨੂੰ ਲਾਗੂ ਕੀਤਾ। ਗੁਰੂ ਨਾਨਕ ਦੇਵ ਜੀ ਨੇ ਇਹ ਸਪਸ਼ਟ ਕੀਤਾ ਕਿ ਧਰਮ ਨੂੰ ਅੱਡਰੇ ਤੌਰ 'ਤੇ ਨਹੀਂ ਸਵੀਕਾਰਿਆ ਜਾ ਸਕਦਾ ਸਗੋਂ ਇਸ ਨੂੰ ਮਨੁੱਖੀ ਸੰਸਥਾ ਦੇ ਤੌਰ 'ਤੇ ਹੀ ਦੇਖਿਆ ਜਾਣਾ ਚਾਹੀਦਾ ਹੈ ਅਤੇ ਵਿਚਾਰਾਤਮਕ ਸਾਧਨ ਦੇ ਵਜੋਂ ਵੀ ਇਹ ਆਪਣੇ ਸਮਾਜਿਕ ਸੱਭਿਆਚਾਰ ਰੂਪ ਵਿੱਚ ਸਾਰਥਕ ਹੈ ਅਤੇ ਸਰਵਜਨਕ ਜੀਵਨ ਦਾ ਪਹਿਰੇਦਾਰ ਹੈ। ਤਤਕਾਲੀਨ ਸਮੇਂ ਦੇਸ਼ ਦਾ ਵਾਤਾਵਰਣ ਵਰਣ-ਵੰਡ ਦਾ ਸ਼ਿਕਾਰ ਸੀ ਅਤੇ ਧਾਰਮਿਕ ਵਖਰੇਵਿਆਂ ਕਾਰਨ ਲੋਕ ਮਨੁੱਖਵਾਦੀ ਬਿਰਤੀ ਤੋਂ ਦੂਰ ਹੁੰਦੇ ਜਾ ਰਹੇ ਸਨ। ਗੁਰੂ ਨਾਨਕ ਦੇਵ ਜੀ ਦੀ ਦੂਰ ਅੰਦੇਸ਼ੀ ਨੇ ਮਨੁੱਖਵਾਦ ਦਾ ਹੋਕਾ ਦਿੰਦਿਆਂ ਸੱਚ ਅਚਾਰ ਦੀ ਪਿਰਤ ਪਾਈ ਤੇ ਮਿਹਨਤੀ ਅਤੇ ਹਿੰਮਤੀ ਜੀਵਨ ਜਾਚ ਨੂੰ ਸਰਵਸਾਂਝੀ ਕਲਿਆਣਕਾਰੀ ਵਿਚਾਰਧਾਰਾ ਦੇ ਤੌਰ 'ਤੇ ਸਦੈਵ ਸਮਿਆਂ ਲਈ ਸਥਾਪਿਤ ਕਰਨ ਲਈ ਗੁਰਬਾਣੀ ਉਪਦੇਸ਼ ਪ੍ਰਦਾਨ ਕੀਤੇ।

'ਵਿੱਦਿਆ ਸਾਗਰ ਪਤ੍ਰਿਕਾ' ਦਾ ਇਹ ਅੰਕ ਗੁਰੂ ਨਾਨਕ ਦੇਵ ਜੀ ਦੀ 550 ਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ ਹੈ ਜਿਸ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਰਾਜਨੀਤਿਕ, ਇਤਿਹਾਸਕ, ਸਮਾਜਿਕ ਸਮਕਾਲੀ ਪਰਿਸਥਿਤੀਆਂ, ਅਧਿਆਤਮਕ ਅਤੇ ਵਿਗਿਆਨਕ, ਸੰਗੀਤਾਤਮਕ ਤੇ ਦਾਰਸ਼ਨਿਕ ਵਿਭਿੰਨ ਅੰਤਰ-ਦ੍ਰਿਸ਼ਟੀਆਂ ਤੋਂ ਵਿਚਾਰਿਆ ਗਿਆ ਹੈ। ਉਹਨਾਂ ਦਾ ਸਾਹਿਤਕ ਪ੍ਰਵਚਨ ਅਤੇ ਸੰਗੀਤਕ ਮਾਧਿਅਮ ਅਜੋਕੇ ਸਮੇਂ ਵਿੱਚ ਕਿਵੇਂ ਪ੍ਰਸੰਗਿਕ ਹੈ ਇਸ ਨੂੰ ਵੱਖ ਵੱਖ ਵਿਦਵਾਨਾਂ ਅਤੇ ਖੋਜਾਰਥੀਆਂ ਨੇ ਸਿੱਖ ਧਰਮ ਦੇ ਸਮਾਜਿਕ ਸੱਭਿਆਚਾਰਕ ਸੰਦਰਭ ਅਤੇ

ਪੰਜਾਬ ਦੀ ਧਾਰਮਿਕ ਪਰੰਪਰਾ ਵਜੋਂ ਪ੍ਰਸਤੁਤ ਕਰਦਿਆਂ ਇਸ ਦੀ ਵਿਸ਼ਵਵਿਆਪਕਤਾ ਦਰਜ ਕੀਤੀ ਹੈ। ਪਰਮਾਤਮਾ ਦੀ ਬਖਸ਼ਿਸ਼ ਸਦਕਾ ਇਹ ਮਾਨਸਿਕ ਉਦਾਤ ਸਹਿਤ ਪ੍ਰਬੁੱਧ ਅਕਾਦਮਿਕ ਯਤਨ ਹੈ ਜਿਸ ਵਿੱਚ ਬਹੁ ਭਾਸ਼ਾਈ ਵਿਵੇਚਨ ਸਹਿਤ ਸਮੁੱਚੇ ਵਿਸ਼ਵ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਪ੍ਰਤੀ ਜਾਣੂ ਕਰਵਾਇਆ ਜਾ ਰਿਹਾ ਹੈ।

**ਡਾ. ਸੋਨਦੀਪ ਮੋਂਗਾ**

# ਸਰਪ੍ਰਸਤ


- **ਡਾ. ਐਸ. ਪੀ. ਸਿੰਘ ਓਬਰਾਏ**

  ਮੈਨੇਜਿੰਗ ਟਰੱਸਟੀ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ।


# ਸਲਾਹਕਾਰ ਬੋਰਡ


- **ਡਾ. ਰਾਜ ਬਹਾਦਰ**

  ਵਾਈਸ ਚਾਂਸਲਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ

- **ਡਾ. ਬੀ. ਐਸ. ਘੁੰਮਣ**

  ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ।

- **ਪਦਮ ਸ੍ਰੀ ਸੁਰਜੀਤ ਪਾਤਰ**

  ਸ਼੍ਰੋਮਣੀ ਸਾਹਿਤਕਾਰ ਅਤੇ ਪ੍ਰਧਾਨ, ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ।

- **ਡਾ. ਜੋਰਾ ਸਿੰਘ**

  ਵਾਈਸ ਚਾਂਸਲਰ, ਦੇਸ਼ ਭਗਤ ਯੂਨੀਵਰਸਿਟੀ, ਪੰਜਾਬ।

- **ਡਾ. ਜਤਿੰਦਰ ਸਿੰਘ ਬੱਲ**

  ਵਾਈਸ ਚਾਂਸਲਰ, ਬਾਬਾ ਭਾਗ ਸਿੰਘ ਯੂਨੀਵਰਸਿਟੀ, ਪੰਜਾਬ।

- **ਡਾ. ਬਲਕਾਰ ਸਿੰਘ**

  ਸ਼੍ਰੋਮਣੀ ਸਾਹਿਤਕਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ।

- **ਡਾ. ਸਰਬਜਿੰਦਰ ਸਿੰਘ**

  ਮੁਖੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,

  ਪੰਜਾਬ ਯੂਨੀਵਰਸਿਟੀ, ਪਟਿਆਲਾ।

- **ਡਾ. ਲਖਵਿੰਦਰ ਜੌਹਲ**

  ਟੈਲੀਵਿਜ਼ਨ ਅਤੇ ਪੱਤਰਕਾਰੀ ਮਾਹਰ।

# ਸੰਪਾਦਕੀ ਮੰਡਲ


**ਮੁਖ ਸੰਪਾਦਕ**

**ਡਾ. ਸੋਨਦੀਪ ਮੋਂਗਾ**

ਪ੍ਰੋਫੈਸਰ ਅਤੇ ਮੁਖੀ

ਸੰਨੀ ਓਬਰਾਏ ਵਿਵੇਕ ਸਦਨ:

ਐਡਵਾਂਸ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼

ਸ੍ਰੀ ਅਨੰਦਪੁਰ ਸਾਹਿਬ, ਪੰਜਾਬ, ਭਾਰਤ

**ਕਾਰਜਕਾਰੀ ਸੰਪਾਦਕ**

**ਪ੍ਰੋ. ਦਿਨੇਸ਼ ਆਰ. ਜਰੋਂਦੇ**

ਮੁਖੀ, ਮਨੋਵਿਗਿਆਨ ਵਿਭਾਗ

ਇੰਦਰਾ ਮਹਾਵਿਦਿਆਲਾ ਕਲੰਬ

ਯਾਵਾਤਮਲ

ਮਹਾਰਾਸ਼ਟਰ, ਭਾਰਤ

## ਮਾਹਰ ਸਮੀਖਿਆ ਪੈਨਲ

| | |
|---|---|
| **ਡਾ. ਫਿਲਿਪ ਟਰਨੈ**<br>ਕਾਠਮੰਡੂ ਯੂਨੀਵਰਸਿਟੀ<br>ਬੁੱਧੀਸਟ ਸਟੱਡੀਜ਼ ਸੈਂਟਰ<br>ਰੈਂਗੁਅਨ ਯੈਸ਼ ਇੰਸਟੀਚਿਊਟ ਨੇਪਾਲ। | **ਡਾ. ਮਰਿਤੁੰਜੇ ਸ਼ਰਮਾ**<br>ਪ੍ਰਦਰਸ਼ਨ ਕਲਾ ਵਿਭਾਗ<br>ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ<br>ਸਮਰਹਿਲ ਸ਼ਿਮਲਾ ਹਿਮਾਚਲ ਪ੍ਰਦੇਸ਼, ਭਾਰਤ। |
| **ਡਾ. ਪ੍ਰਭਲੀਨ ਸਿੰਘ**<br>ਪ੍ਰਬੰਧਨ ਅਤੇ ਇੰਜਨਿਅਰਿੰਗ ਵਿਭਾਗ<br>ਪ੍ਰਬੰਧਕੀ ਅਫ਼ਸਰ<br>ਪੰਜਾਬੀ ਯੂਨੀਵਰਸਿਟੀ ਪਟਿਆਲਾ<br>ਪੰਜਾਬ। | **ਡਾ. ਸੁਜਾਤਾ ਸ਼ਰਮਾ**<br>ਡਾਇਰੈਕਟਰ, ਤਪਨ ਰਿਹੈਬਿਲੀਟੇਸ਼ਨ<br>ਸੋਸਾਇਟੀ ਨੀਲੋਖੇੜੀ, ਕਰਨਾਲ<br>ਹਰਿਆਣਾ। |
| **ਡਾ. ਧਮਾਵਮਸੋ**<br>ਪ੍ਰਿੰਸੀਪਲ<br>ਵੀਅਤਨਾਮ ਥੇਰਵਾਦੀ ਬੁੱਧੀਸਟ ਕਾਲਜ<br>ਹਿਊਨ ਕੋਂਗ ਪੈਗੋਡਾ ਵੀਅਤਨਾਮ। | **ਡਾ. ਜਮੀਰਪਾਲ ਕੌਰ ਸੰਧੂ**<br>ਸਹਾਇਕ ਪ੍ਰੋਫੈਸਰ<br>ਭਾਸ਼ਾ ਅਤੇ ਤੁਲਨਾਤਮਕ ਸਾਹਿਤ<br>ਅਧਿਐਨ ਵਿਭਾਗ<br>ਸੈਂਟਰਲ ਯੂਨੀਵਰਸਿਟੀ ਆਫ ਪੰਜਾਬ। |

| | |
|---|---|
| **ਡਾ. ਅਕਾਪੋਸੂ ਜਮਨਾ**<br>ਇਤਿਹਾਸ ਵਿਭਾਗ<br>ਸ਼੍ਰੀ ਕ੍ਰਿਸ਼ਨਾਦੇਵਰਿਆ ਯੂਨੀਵਰਸਿਟੀ<br>ਅਨੰਤਪੁਰਮਾ, ਆਂਧਰਾ ਪ੍ਰਦੇਸ਼<br>ਭਾਰਤ। | **ਡਾ. ਪਸੰਨਜੀਤ ਕੁਮਾਰ**<br>ਪ੍ਰਿੰਸੀਪਲ<br>ਮੈਨੇਜਮੈਂਟ ਇੰਸਟੀਚਿਊਟ ਆਫ<br>ਮੈਨੇਜਮੈਂਟ ਐਂਡ ਟੈਕਨਾਲੋਜੀ<br>ਗ੍ਰੇਟਰ ਨੋਇਡਾ, ਉੱਤਰ ਪ੍ਰਦੇਸ਼<br>ਭਾਰਤ। |
| **ਡਾ. ਰਾਜੇਸ਼ ਸ਼ਰਮਾ**<br>ਅਸਿਸਟੈਂਟ ਪ੍ਰੋਫੈਸਰ<br>ਸੰਗੀਤ ਵਿਭਾਗ<br>ਗੁਰੂ ਨਾਨਕ ਦੇਵ ਯੂਨੀਵਰਸਿਟੀ<br>ਅੰਮ੍ਰਿਤਸਰ, ਪੰਜਾਬ। | **ਡਾ. ਚੰਦਰਸ਼ੇਖਰ ਵਸੰਤ ਜੋਸ਼ੀ**<br>ਪ੍ਰੋਫੈਸਰ ਅਤੇ ਡੀਨ<br>ਡੋਨ, ਬਾਸਕੋ<br>ਇੰਸਟੀਚਿਊਟ ਆਫ ਟੈਕਨਾਲੋਜ਼ੀ<br>ਕੁਰਲਾ ਵੈਸਟ, ਮੁੰਬਈ, ਭਾਰਤ। |
| **ਡਾ. ਮਨਜੀਤ ਸਿੰਘ ਘੁੰਮਣ**<br>ਮੁਖੀ, ਕਾਮਰਸ ਵਿਭਾਗ<br>ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ<br>ਸ੍ਰੀ ਅਨੰਦਪੁਰ ਸਾਹਿਬ, ਪੰਜਾਬ। | **ਡਾ. ਸੁਭਾਸ਼ ਸਰਕਾਰ**<br>ਐਜੂਕੇਸ਼ਨ ਵਿਭਾਗ<br>ਤ੍ਰਿਪੁਰਾ ਯੂਨੀਵਰਸਿਟੀ<br>ਸੈਂਟਰਲ ਯੂਨੀਵਰਸਿਟੀ ਤ੍ਰਿਪੁਰਾ। |
| **ਡਾ. ਜਸਬੀਰ ਕੌਰ**<br>ਪ੍ਰੋਫੈਸਰ ਅਤੇ ਡੀਨ ਭਾਸ਼ਾ ਫੈਕਲਟੀ<br>ਪੰਜਾਬ ਯੂਨੀਵਰਸਿਟੀ ਪਟਿਆਲਾ<br>ਪੰਜਾਬ। | **ਡਾ. ਪੁਸ਼ਪਮ ਨਾਰਾਇਣ**<br>ਲਲਿਤ ਨਾਰਾਇਣ ਮਿਥਿਲਾ ਯੂਨੀਵਰਸਿਟੀ<br>ਕਾਮੇਸ਼ਵਰ ਨਗਰ, ਦਰਭੰਗਾ<br>ਬਿਹਾਰ। |
| **ਪ੍ਰੋ. ਮਨਜੀਤ ਧਾਰੀਵਾਲ**<br>ਐਸੋਸਿਏਟ ਪ੍ਰੋਫੈਸਰ, ਪੰਜਾਬੀ ਵਿਭਾਗ<br>ਮੇਹਰ ਚੰਦ ਕਾਲਜ ਆਫ ਐਜੂਕੇਸ਼ਨ<br>ਭਨੂਪਲੀ, ਨੰਗਲ, ਪੰਜਾਬ। | **ਡਾ. ਜਸਪਾਲ ਕੌਰ ਕਾਂਗ**<br>ਪ੍ਰੋਫੈਸਰ ਅਤੇ ਮੁਖੀ<br>ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ<br>ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬ। |
| **ਡਾ. ਮੀਨਾਕਸ਼ੀ ਮਦਾਨ**<br>ਲੋਕ ਪ੍ਰਸ਼ਾਸਨ ਵਿਭਾਗ<br>ਪੰਜਾਬ ਯੂਨੀਵਰਸਿਟੀ ਚੰਡੀਗੜ੍ਹ<br>ਪੰਜਾਬ। | **ਡਾ. ਅਸ਼ਵਨੀ ਕੁਮਾਰ**<br>ਅਸਿਸਟੈਂਟ ਪ੍ਰੋਫੈਸਰ<br>ਜੰਮੂ ਯੂਨੀਵਰਸਿਟੀ<br>ਜੰਮੂ, ਭਾਰਤ। |

## ਤਤਕਰਾ


| | | | |
|---|---|---|---|
| 1 | ਡਾ. ਸੋਨਦੀਪ ਮੋਂਗਾ | ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਮਨੁੱਖੀ ਮਨੋਵਿਗਿਆਨਕ ਸਰੋਕਾਰ | 10 |
| 2 | ਸ਼ਰਨਜੀਤ ਕੌਰ | ਗੁਰੂ ਨਾਨਕ ਬਾਣੀ ਵਿਚਲਾ ਦਾਰਸ਼ਨਿਕ ਸੰਦਰਭ | 19 |
| 3 | ਪ੍ਰੋ. ਰਾਕੇਸ਼ ਕੁਮਾਰ | ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਮਾਜਵਾਦੀ ਦ੍ਰਿਸ਼ਟੀਕੋਣ | 28 |
| 4 | ਪ੍ਰੋ ਗੁਰਪ੍ਰੀਤ ਕੌਰ | ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਆਸਾ ਦੀ ਵਾਰ ਬਾਣੀ | 33 |
| 5 | ਰਵਿੰਦਰ ਕੌਰ | ਗੁਰੂ ਨਾਨਕ ਦਾ ਕਰਮ ਸਿਧਾਂਤ | 46 |
| 6 | ਤਰਨਜੋਤ ਕੌਰ | ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿੱਚ ਯੁਗਕਾਲੀਨ ਹਾਲਾਤ | 59 |
| 7 | ਪ੍ਰੋ. ਗੁਰਸਿਮਰਨ ਕੌਰ | ਗੁਰੂ ਨਾਨਕ ਸਾਹਿਬ ਦਾ ਸਮਕਾਲੀ ਧਰਮਾਂ ਨਾਲ ਵਾਰਤਾਲਾਪ | 73 |
| 8 | ਗੁਰਮੁੱਖ ਸਿੰਘ | ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਨੈਤਿਕ ਵਿਚਾਰਧਾਰਾ | 81 |
| 9 | ਰਾਜਦੀਪ ਕਾਲੇਟ | ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸਮਾਜਿਕ ਚੇਤਨਾ | 90 |
| 10 | ਡਾ. ਜਸਬੀਰ ਕੌਰ | ਗੁਰੂ ਨਾਨਕ ਬਾਣੀ ਦਾ ਸੰਗੀਤ ਪ੍ਰਬੰਧ: ਇੱਕ ਇਤਿਹਾਸਿਕ ਪਰਿਪੇਖ | 100 |
| 11 | ਪ੍ਰੋ. ਦਿਨੇਸ਼ ਕੁਮਾਰ | ਗੁਰੂ ਨਾਨਕ ਦੇਵ ਜੀ ਦੀ ਕਾਵਿ ਕਲਾ | 109 |
| 12 | ਡਾ. ਗੁਰਪ੍ਰੀਤ ਕੌਰ | ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ | 115 |
| 13 | Dr. Sondeep Monga | Sri Guru Nanak Dev Ji: Theology and Human Psychology | 123 |
| 14 | Manjeet Dhariwal | Sri Guru Nanak Dev Ji: Visionary Thought | 129 |
| 15 | Dr. Bhupinder Kaur | Guru Nanak Dev Ji: Concept of Meditation | 135 |
| 16 | Asst. Prof Gursev Kaur | Suffering's in Indian Thought And Guru Nanak Dev Ji | 142 |

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਮਨੁੱਖੀ ਮਨੋਵਿਗਿਆਨਕ ਸਰੋਕਾਰ

**ਡਾ. ਸੋਨਦੀਪ ਮੋਂਗਾ**

ਪ੍ਰੋਫੈਸਰ ਅਤੇ ਮੁਖੀ

ਸੰਨੀ ਓਬਰਾਏ ਵਿਵੇਕ ਸਦਨ:

ਐਡਵਾਂਸ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼

ਸ੍ਰੀ ਅਨੰਦਪੁਰ ਸਾਹਿਬ, ਪੰਜਾਬ

---

ਮਨੁੱਖੀ ਮਨੋ-ਬੋਧ ਗੁੰਝਲਦਾਰ ਸਰੰਚਨਾ ਹੈ। ਸਮੁੱਚੀਆਂ ਪੂਰਬੀ ਅਤੇ ਪੱਛਮੀ ਧਾਰਮਿਕ ਸੰਕਲਪਨਾਵਾਂ ਨੇ ਇਸੇ ਮਨੋ-ਬੋਧ ਦੀ ਪ੍ਰਕ੍ਰਿਤੀ ਨੂੰ ਅਧਾਰ ਬਣਾ ਕੇ ਵਿਚਾਰਧਾਰਕ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ। ਮਨੁੱਖੀ ਮਨੋ-ਬੋਧ ਦਾ ਅਧਿਐਨ ਕਰਨ ਵਾਲੀਆਂ ਵਿਧਾਵਾਂ ਜਿਵੇਂ ਸਮਾਜਿਕ ਵਿਗਿਆਨ, ਮਾਨਵ ਵਿਗਿਆਨ ਅਤੇ ਦ੍ਰਿਸ਼ਗਿਆਨਵਾਦ ਵਿੱਚੋਂ ਮਨੋਵਿਗਿਆਨ ਪ੍ਰਮੁੱਖ ਹੈ ਜੋ ਮਨੋਬਿਰਤੀਆਂ ਦੇ ਚਿੰਤਨ ਦਾ ਅਧਿਐਨ ਕਰ ਮਾਨਵ ਵਤੀਰੇ ਦੀਆਂ ਵਿਭਿੰਨ ਸ਼ੈਲੀਆਂ ਨੂੰ ਪ੍ਰਗਟਾਉਂਦਾ ਹੈ। ਜੋ ਮਨੋਵਗਿਆਨ ਦੇ ਪੱਧਰ 'ਤੇ ਚੇਤਨ ਅਤੇ ਅਵਚੇਤਨ ਮਨੋਚੇਤਨਾਵਾਂ ਨੂੰ ਸਮਾਜਿਕ ਸੰਦਰਭ ਵਿੱਚ ਰੱਖ ਕੇ ਵੀ ਵਾਚਦਾ ਹੈ। ਧਰਮ ਦੇ ਸੰਬੰਧ ਵਿੱਚ 'ਮਨੋਵਿਗਿਆਨ ਦੀ ਪਹੁੰਚ ਵਿਧੀ ਵਿਅਕਤੀ ਦੇ ਧਾਰਮਕ ਵਤੀਰੇ ਦਾ ਅਧਿਐਨ ਕਰਨ ਹਿਤ ਸਥਾਪਿਤ ਕੀਤੀ ਗਈ ਹੈ, ਇਸ ਦਾ ਅਸਲ ਉਦੇਸ਼ ਵਿਅਕਤੀ ਦੇ ਮਾਨਸਕ ਜੀਵਨ ਵਿੱਚ ਝਾਤੀ ਪਾਉਣ ਦਾ ਹੁੰਦਾ ਹੈ। ਮੰਤਵਾਂ ਦੀ ਖੋਜ ਮਨੋਵਿਗਿਆਨੀ ਦੇ ਕਾਰਜ-ਖੇਤਰ ਦਾ ਧੁਰਾ ਹੈ। ਕਿਸ ਕਿਸਮ ਦੀ ਮਾਨਸਿਕ ਬਣਤਰ ਵਿਅਕਤੀ ਪਾਸੋਂ ਅਰਦਾਸ ਜਾਂ ਹੋ ਧਾਰਮਕ ਕਰਮ ਕਰਾਉਂਦੀ ਹੈ? ਕਿਸ ਕਿਸਮ ਦੀ ਮਨੋ-ਬਿਰਤੀ ਵਿਅਕਤੀ ਦੇ ਜੀਵਨ ਵਿੱਚ ਦਵੰਦ ਪੈਦਾ ਕਰਦੀ ਹੈ, ਜਦੋਂ ਉਹ ਬੌਧਕ ਤੌਰ 'ਤੇ ਧਰਮ ਦੀ ਮਰਿਆਦਾ ਤੋਂ ਨਾਬਰ ਹੁੰਦਾ ਹੈ, ਪਰ ਭਾਵੁਕ ਰੂਪ ਵਿੱਚ ਕਿਸੇ ਅਦਿੱਖ ਸ਼ਕਤੀ ਦੇ ਡਰ ਤੋਂ ਜਾਂ ਲਾਲਸਾ-ਵਸ ਜਾਂ ਸੰਸਕਾਰਾਂ ਦੇ ਪ੍ਰਭਾਵ ਅਧੀਨ ਧਾਰਮਿਕ ਮਰਿਆਦਾ ਨਿਭਾਈ ਜਾਂਦੀ ਹੈ। ਉਸ ਦੇ ਵਿਸ਼ਵਾਸਾਂ ਵਿੱਚ ਉਲਝਣ ਕਿਨ੍ਹਾਂ ਕਾਰਨਾਂ ਕਰਕੇ ਪੈਦਾ ਹੁੰਦੀ ਹੈ? ਧਰਮ ਦਾ ਮਨੋਵਿਗਿਆਨ ਇਸੇ ਵਿਧੀ ਦੀ ਉਪਜ ਤੇ ਦੇਣ ਹੈ।'[1]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਸੋਮਿਆਂ ਨੂੰ ਨਿਵਿਰਤ ਕਰਨ ਲਈ ਮਨੁੱਖੀ ਮਨੋਵਿਗਿਆਨ ਆਧਾਰਿਤ ਵਿਚਾਰਧਾਰਾ ਪ੍ਰਦਾਨ ਕੀਤੀ ਜੋ ਮਨੁੱਖੀ ਜੀਵਨ ਅਤੇ ਪਰਮਾਤਮਾ ਵਿਚਕਾਰ ਕੜੀਦਾਰ ਪ੍ਰਬੰਧ ਦੀ ਵਿਆਖਿਆ ਕਰਦੀ ਹੈ। ਭਾਵੇਂ ਸਾਰੇ ਹੀ ਧਰਮ ਸ਼ਾਸਤਰੀ ਅਧਿਐਨ ਇਸ ਵਿਚਾਰਧਾਰਕ ਅਧਾਰ ਨੂੰ ਕੇਂਦਰ ਵਿੱਚ ਰੱਖਦੇ ਹਨ ਪਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਮਾਨਸਿਕਤਾ ਨੂੰ ਇਸ ਵੱਲ ਕੇਂਦਰਿਤ ਕਿਵੇਂ ਕੀਤਾ ਜਾ ਸਕਦਾ ਹੈ, ਕਿਵੇਂ ਮਨੁੱਖ ਇਸ ਕੇਂਦਰਿਤ ਮਾਨਸਿਕਤਾ ਨੂੰ ਸ਼ੁਭ ਅਮਲਾਂ ਵਿੱਚ ਵਟਾ ਕੇ ਚੰਗਾ ਸਮਾਜਿਕ ਵਾਤਾਵਰਣ ਸਿਰਜ ਸਕਦਾ ਹੈ ਤੇ ਇੱਕ ਮਾਗਰੀ ਪਹੁੰਚ ਦਰਸਾਈ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਦਾ ਧੁਰਾ ਪਰਮਾਤਮਾ ਨੂੰ ਰੱਖਿਆ ਅਤੇ ਪਰਮਾਤਮਾ ਸ਼ਕਤੀ ਅਤੇ ਪ੍ਰਕ੍ਰਿਤੀ ਨੂੰ ਸਹੀ ਪ੍ਰਕਾਰ ਸਮਝਣ ਦੀ ਜਾਚ ਮਨੁੱਖੀ ਮਨ ਨੂੰ ਕਿਵੇਂ ਆਵੇ ਇਸ ਲਈ ਬਿਬੇਕਸ਼ੀਲਤਾ ਦਾ ਸੰਕਲਪ ਦਿੱਤਾ। ਮਨੁੱਖੀ ਮਨ ਦੀ ਚੰਚਲਤਾ ਬਿਆਨ ਕਰਕੇ ਉਹ ਇਸ ਮਨ ਦੀ ਸਾਧਨਾ ਤੇ ਹੀ ਜ਼ੋਰ ਦਿੰਦੇ ਹਨ ਜਿਸ ਲਈ ਉਨ੍ਹਾਂ ਵਿਲੱਖਣ ਵਿਧੀ ਦਰਸਾਈ ਜੋ ਸਿਰਫ ਇਕਾਗਰਤਾ, ਸੁੰਨ ਅਵਸਥਾ ਦੀ ਅਕਹਿ ਅਨੰਦ ਅਵਸਥਾ ਹੈ ਜਿਸ ਵਿੱਚ ਕਿਸੇ ਵੀ ਤਰ੍ਹਾਂ ਦੀ ਸਰੀਰਕ ਸਾਧਨਾ ਤੇ ਕਠਿਨਾਈ ਨੂੰ ਵੇਰਵਾ ਨਹੀਂ ਦਿੱਤਾ ਗਿਆ। ਗੁਰੂ ਨਾਨਕ ਬਾਣੀ ਅਨੁਸਾਰ ਕਰਮਸ਼ੀਲਤਾ ਤੇ ਮਿਹਨਤ ਅਜਿਹੀ ਸਾਧਨਾ ਹੈ ਜੋ ਸਹਿਜ ਅਵਸਥਾ ਵਿੱਚ ਪਰਵਰਤਿਤ ਹੁੰਦੀ ਹੋਈ ਅਨੰਦ ਵਿਸਮਾਦ ਤੱਕ ਵਿਸਤਾਰ ਗ੍ਰਹਿਣ ਕਰਦੀ ਹੈ। ਪਰਮਾਤਮਾ ਦੀ ਸਰਵਉੱਚਤਾ ਤੇ ਸਰਬਸ਼ਕਤੀਮਾਨਤਾ ਹੀ ਇਸ ਮਨੋਕੇਂਦਰਿਤ ਅਵਸਥਾ ਦਾ ਅਨੁਭਵ ਹੈ ਜੋ ਕਿ ਉਸ ਨੂੰ ਸੰਸਾਰਿਕ ਵਿਕਾਰਾਂ ਤੋਂ ਦੂਰ ਰੱਖਦਾ ਹੈ ਜਿਸ ਤਰ੍ਹਾਂ ਡਬਲਿਊ. ਐਚ. ਮੈਕਲੋਡ (W.H.Mcleod) ਲਿਖਦੇ ਹਨ:

For Guru Nanak the meaning and purpose of Human existence centres in the divine existence of Enternal one, He who creates, sustains and destroys. He who having created reveals himself in his creation. He who by his grace communicates to man the way of Salvation. Set over against this Sovereign Master is man who in his unregenerate condition manifests a corrupt nature cutting him off from the divinely proffed way of Salvation, deluted by the transitory attractions of this world and the creature of evil impulses. He lives a life which binds him more firmly to the wheel of transmigration and comdemns him to an endless cycle of death and and rebirth.[2]

ਗੁਰੂ ਨਾਨਕ ਦੇਵ ਜੀ ਇਸ ਸ੍ਰਿਸ਼ਟੀ ਉੱਤੇ ਚੇਤਨ ਤੱਤ ਦੀ ਦ੍ਰਿੜ੍ਹਤਾ ਕਰਵਾਉਂਦੇ ਹੋਏ ਮਨੁੱਖ ਨੂੰ ਇਸ ਪ੍ਰਕ੍ਰਿਤੀ ਦੇ ਜੀਵਾਂ ਵਿੱਚੋ ਸਰਦਾਰ ਮੰਨਦੇ ਹਨ ਜਿਸ ਦੇ ਉੱਤਮ ਮਾਨਸਿਕ ਗੁਣ ਇਸ ਪ੍ਰਕ੍ਰਿਤੀ ਲਈ ਪ੍ਰਯੋਗਸ਼ੀਲ ਅਤੇ ਲਾਹੇਵੰਦ ਹੋ ਸਕਦੇ ਹਨ ਪਰੰਤੂ ਫਿਰ ਵੀ ਉਸ ਦਾ ਮਨ ਮੌਤ ਤੋਂ ਭੈਅਭੀਤ ਰਹਿੰਦਾ ਹੈ ਉਸ ਨੂੰ ਇਹ ਜਨਮ-ਮਰਨ ਦਾ ਚੱਕਰ ਮਾਇਆ ਜਾਲ ਵਿੱਚ ਫਸਾ ਕੇ ਰੱਖਦਾ ਹੈ। ਇਸ ਤਰ੍ਹਾਂ ਦੀਆਂ ਮਨੋਬਿਰਤੀਆਂ ਉਸ ਨੂੰ ਸੰਸਾਰਿਕ ਵਿਕਾਰਾਂ ਵੱਲ ਧਕੇਲਦੀਆਂ ਹਨ। ਪਰੰਤੂ ਗੁਰੂ ਨਾਨਕ ਦੇਵ ਜੀ ਨੇ ਡਰ ਵਰਗੀ ਮਨੋਬਿਰਤੀ ਨੂੰ ਵੀ ਸਿੱਖ ਧਾਰਮਿਕ ਵਿਸ਼ਵਾਸਾਂ ਅਨੁਸਾਰ ਸਾਕਾਰਾਤਮਕ ਢੰਗ ਨਾਲ ਪ੍ਰਸਤੁਤ ਕੀਤਾ ਕਿ ਮਨੁੱਖੀ ਮਾਨਸਿਕਤਾ ਵਿੱਚ ਜੇ ਪਰਮਾਤਮਾ ਸਰਵਸ਼ਕਤੀਮਾਨ ਦਾ ਡਰ ਬੈਠ ਜਾਵੇ ਤਾਂ ਉਹ ਸ਼ੁਭ ਕਰਮਾਂ ਵੱਲ ਕੇਂਦਰਿਤ ਹੋ ਜਾਂਦਾ ਹੈ ਇਸ ਪ੍ਰਕ੍ਰਿਆ ਦੁਆਰਾ ਉਹ ਪਰਮਾਤਮਾ ਨਾਲ ਜੁੜ ਕੇ ਭੈ ਮੁਕਤ ਹੋ ਜਾਂਦਾ ਹੈ। ਗੁਰੂ ਸਾਹਿਬ ਗੁਰਬਾਣੀ ਵਿੱਚ ਫੁਰਮਾਉਂਦੇ ਹਨ ਕਿ ਅਜਿਹਾ ਮਨੁੱਖ ਮਾਨਸਿਕ ਤੌਰ 'ਤੇ ਅਡੋਲ ਅਤੇ ਨਿਰਭਉ ਹੋ ਜਾਂਦਾ ਹੈ:

ਭੈ ਵਿਚੁ ਨਿਰਭਉ ਪਾਇਆ ਤਾ ਸਹਿਜ ਕੇ ਘਰਿ ਆਇਆ॥[3]

ਗੁਰੂ ਸਾਹਿਬ ਨੇ ਇਸ ਮਨੋ-ਸਹਿਜ ਅਵਸਥਾ ਨੂੰ ਪਾਉਣ ਲਈ ਵਿਧੀ ਵਿਧਾਨ ਵੀ ਪ੍ਰਸਤੁਤ ਕੀਤਾ ਹੈ ਕਿ ਪਰਮਾਤਮਾ ਦਾ ਨਾਮ ਸਿਮਰਨ ਕਰਦਿਆਂ ਅਤੇ ਗੁਰਬਾਣੀ ਸੁਣਦਿਆਂ ਮੰਨਦਿਆਂ ਪਰਮਾਤਮਾ ਦਾ ਭੈ ਮਨ ਵਿੱਚ ਬੈਠ ਜਾਂਦਾ ਹੈ ਜੋ ਉਸ ਨੂੰ ਪਰਮਾਤਮਾ ਦੀ ਸਰਬਸ਼ਕਤੀਮਾਨਤਾ ਦਾ ਅਨੁਭਵ ਕਰਵਾਉਂਦਿਆਂ ਜੀਵਨ ਦੇ ਹਰ ਭੈਅ ਤੋਂ ਮੁਕਤ ਕਰਵਾ ਦਿੰਦਾ ਹੈ।

ਮਨੁੱਖੀ ਮਨ ਬੁੱਧੀ ਨਾਲ ਸੰਬਧਿਤ ਹੈ। ਸਿੱਖ ਧਰਮ ਅਨੁਸ਼ਾਸਨ ਦੀ ਅਰਦਾਸ ਵੀ ਮਨੁੱਖੀ ਮਨ ਨੂੰ ਮਨ ਦੀਆਂ ਨਿਵਾਣਾਂ ਤੋਂ ਉੱਚਾ ਚੁੱਕ ਕੇ ਚੜ੍ਹਦੀ ਕਲਾ ਅਤੇ ਬੌਧਿਕਤਾ ਵੱਲ ਪ੍ਰੇਰਦੀ ਹੈ। ਗੁਰਬਾਣੀ ਅਨੁਸਾਰ ਜੇਕਰ ਮਨੁੱਖੀ ਮਨ ਨੂੰ ਥੋੜ੍ਹਾ ਜਿਹਾ ਵੀ ਢਿੱਲਾ ਛੱਡ ਦਿੱਤਾ ਜਾਵੇ ਤਾਂ ਇਹ ਸ਼ੈਤਾਨ ਬਣ ਜਾਂਦਾ ਹੈ ਪਰ ਜੇ ਕਾਬੂ ਵਿੱਚ ਕਰਕੇ ਧਿਆਨ ਇਕਾਗਰ ਕੀਤਾ ਜਾਵੇ ਤਾਂ ਇਹ ਉਦਾਤ ਅਤੇ ਚੜ੍ਹਦੀ ਕਲਾ ਵਾਲਾ ਹੋ ਜਾਂਦਾ ਹੈ। ਜਿਸ ਤਰ੍ਹਾਂ ਗੁਰਬਚਨ ਸਿੰਘ ਤਾਲਿਬ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਮਨ ਦਾ ਅਧਿਆਤਮਕ ਉੱਚਤਾ ਵਾਲਾ ਹੋਣਾ ਲਾਜ਼ਮੀ ਮਨੁੱਖੀ ਨੇਮ ਹੈ। ਉਹਨਾਂ ਅਨੁਸਾਰ;

"It is a condition of spiritual life. It is the first intial step where by the soul is prepared pursue the Absolute the awakened conscience the realization of the presence of God everywhere, so that man may not consider himself ever feed from moral responsibility. It is what in the context of moral life is called Duty.... In the mind of man. It is the the divine urge issuing in good action; for its neglect and absorption in evil and ignorance beings retridution in the form of continuing transmigration."[4]

ਅਸਲ ਵਿੱਚ ਇਹ ਅਧਿਆਤਮਕਤਾ ਦਾ ਪੰਧ ਮਨ ਦੀ ਪੈੜ ਨਾਲ ਆਤਮ-ਗਿਆਨ ਮਾਰਗੀ ਦਿਸ਼ਾ ਅਨੁਸਾਰੀ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਤਮ-ਗਿਆਨ ਨੂੰ ਵਿਗਿਆਨ ਅਤੇ ਜਾਣਕਾਰੀ ਤੋਂ ਅਗਲੇਰੀ ਅਵਸਥਾ ਬਿਆਨ ਕੀਤਾ, ਜੀਵਨ ਦਰਸ਼ਨ ਦੀ ਖੋਜ ਆਪੇ ਦੀ ਪਛਾਣ ਤੋਂ ਸ਼ੁਰੂ ਹੋ ਕੇ ਆਤਮ ਗਿਆਨ ਫਲ ਤੱਕ ਬਿਆਨ ਕੀਤੀ ਜਾ ਸਕਦੀ ਹੈ। ਮਨ, ਬੁੱਧੀ ਤੇ ਮਤੀ ਇਨ੍ਹਾਂ ਤਿੰਨਾਂ ਦੇ ਪੱਧਰ ਤੋਂ ਉੱਪਰ ਹੋ ਕੇ ਮਨੁੱਖ ਅਧਿਆਤਮਕ ਪੱਧਰ ਤੱਕ ਅਪੜਦਾ ਹੈ। ਪਰਮਾਤਮ ਪ੍ਰਕਾਸ਼ਮਾਨਤਾ ਉਸ ਦੇ ਅਨੁਭਵ ਦਾ ਹਿੱਸਾ ਬਣ ਜਾਂਦੀ ਹੈ ਤੇ ਇਹ ਸੰਸਾਰ ਉਸ ਨੂੰ ਸਮਸਰ ਤੇ ਸੁਹਾਣਾ ਲੱਗਣ ਲੱਗ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੀ ਅਧਿਆਤਮਕ ਵਿਚਾਰਧਾਰਾ ਦੀ ਵਿਲੱਖਣਤਾ ਇਹ ਹੈ ਕਿ ਉਹ ਮਨੋ ਵੇਗਾਂ ਨੂੰ ਕਰਮ ਰਾਹੀਂ ਸਾਧਿਤ ਕਰਨ ਦੀ ਵਿਧੀ ਦੇ ਰਹੇ ਹਨ, ਧਾਰਮਿਕ ਜੀਵਨ ਦੀ ਨੀਂਹ ਉਹ ਕਰਮਸ਼ੀਲਤਾ ਤੇ ਸੇਵਾ ਨੂੰ ਮੰਨਦੇ ਹਨ ਜਿੱਥੇ ਨੈਤਿਕ ਮਨ ਦੀ ਘਾੜਤ ਸ਼ੁਰੂ ਹੁੰਦੀ ਹੈ। ਮਨੁੱਖ ਆਪਣੇ ਨਿਤਾ-ਪ੍ਰਤੀ ਜੀਵਨ ਵਿੱਚ ਜੇ ਕਿਰਤ ਨੂੰ ਅਪਣਾਉਂਦਾ ਹੈ ਤਾਂ ਉਹ ਸ਼ੁਭ ਘਾਲ ਕਮਾਈ ਉਸ ਦੇ ਫਲਸਰੂਪ ਹੁੰਦੀ ਹੈ ਤੇ ਉਸ ਦੀ ਵਿਕਾਰਾਂ ਪ੍ਰਤੀ ਘਾਲਣਾ ਆਪਣੇ ਆਪ ਹੀ ਮਨਫੀ ਹੋ ਜਾਂਦੀ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦਾ ਮਨੋਵਿਗਿਆਨ ਮਨੁੱਖੀ ਮਾਨਸਿਕ ਗੁੰਝਲਾਂ ਲਈ ਰੂਹਾਨੀ ਔਸ਼ਧ ਅਤੇ ਸਮਾਧਾਨ ਪ੍ਰਸਤੁਤ ਕਰ ਰਿਹਾ ਹੈ।

ਵਜੀਰ ਸਿੰਘ ਅਨੁਸਾਰ; "ਜਿੱਥੋਂ ਤੱਕ ਮਨੁੱਖੀ ਸਮਾਜ ਦੇ ਸਭਿਆਚਾਰਕ ਵਾਤਾਵਰਨ ਦਾ ਸੰਬੰਧ ਹੈ, ਵਿਅਕਤੀ ਦੀ ਧਾਰਮਿਕ ਭਾਵਨਾ ਅਕਸਰ ਉਸ ਦੇ ਮਾਪਿਆਂ ਤੇ ਖਾਨਦਾਨੀ ਪ੍ਰਥਾ ਦੀ ਉਪਜ ਹੁੰਦੀ ਹੈ। ਇਸ ਭਾਵਨਾ ਦੇ ਅਪਨਾਏ ਜਾਣ ਵਿੱਚ ਵਿਵੇਕ ਦਾ ਬਹੁਤਾ ਹੱਥ ਨਹੀਂ ਹੁੰਦਾ ਚਾਹੇ ਵਿਅਕਤੀ ਦੀ ਪੱਕਦੀ ਉਮਰ ਨਾਲ ਵਿਵੇਕਸ਼ੀਲ ਵਿਚਾਰਾਂ ਦੇ ਪ੍ਰਭਾਵ ਵੀ ਗ੍ਰਹਿਣ ਹੁੰਦੇ ਰਹਿੰਦੇ ਹਨ। ਜਿਉਂ-ਜਿਉਂ ਵਿਅਕਤੀ ਵਿੱਚ ਦਾਨਾਮਈ ਸੂਝ-ਬੂਝ ਵਧਦੀ ਹੈ ਉਸ ਦੇ ਜੀਵਨ ਵਿੱਚ ਆਪਾ-ਪਸਾਰ

ਜਾਂ ਹਿੱਤਾਂ ਦੀ ਵਿਸ਼ਾਲਤਾ ਦਾ ਵਾਧਾ ਹੁੰਦਾ ਜਾਂਦਾ ਹੈ। ਦੂਸਰੇ ਉਸ ਦਾ ਆਪਣੇ ਆਪ ਵੱਲ ਵਸਤੂ-ਪਰਕ ਦ੍ਰਿਸ਼ਟੀਕੋਣ, ਜਾਂ ਬੇ-ਲਾਗਤਾ ਦਾ ਰਵੱਈਆ, ਪਲ੍ਰਰਨਾ ਸ਼ੁਰੂ ਹੋ ਜਾਂਦਾ ਹੈ। ਤੀਸਰੇ ਉਸ ਦੀ ਆਤਮ-ਏਕਤਾ ਦੀ ਭਾਵਨਾ ਬਲਵਾਨ ਹੁੰਦੀ ਜਾਂਦੀ ਹੈ ਜਿਸ ਤੋਂ ਮੁਰਾਦ ਹੈ ਵਿਅਕਤੀ ਅਜਿਹਾ ਜੀਵਨ-ਦਰਸ਼ਨ ਅਪਨਾਣ ਦਾ ਜਤਨ ਕਰਦਾ ਹੈ ਜਿਸ ਵਿੱਚ ਸਾਰੀ ਮਨੁੱਖਤਾ ਦੀ ਇੱਕਸੁਰਤਾ ਦਾ ਵਿਚਾਰ ਪ੍ਰਬਲ ਹੋਵੇ। ਇਹ ਤਿੰਨ ਗੁਣ ਬੌਧਿਕ ਪ੍ਰਭਾਵ ਵਾਲੇ ਗੁਣ ਹਨ, ਅਤੇ ਇਹਨਾਂ ਦੇ ਅਧੀਨ ਵਿਕਸਿਤ ਹੋਈ ਧਰਮ ਭਾਵਨਾ ਏਨੀ ਕੱਟੜ-ਪੰਥੀ ਨਹੀਂ ਰਹਿੰਦੀ ਜਿੰਨੀ ਮਨੁੱਖਵਾਦੀ ਤੇ ਪ੍ਰਕਾਸ਼ਮਈ ਹੋ ਜਾਂਦੀ ਹੈ। ਮਨੋਵਿਗਿਆਨਕ ਨੁਕਤੇ ਤੋਂ ਅਜਿਹੀ ਬਿਰਤੀ ਵਿਸ਼ਵ-ਦ੍ਰਿਸ਼ਟੀ ਵਾਲੀ ਬਿਰਤੀ ਕਹੀ ਜਾ ਸਕਦੀ ਹੈ ਜਿਸ ਵਿੱਚ ਵਿਅਕਤੀ ਜਗਤ ਦਾ ਕੇਂਦਰ-ਬਿੰਦੂ ਨਹੀਂ ਸਗੋਂ ਉਹ ਆਪਣੇ ਆਪ ਨੂੰ ਸਮੁੱਚੇ ਮਨੁੱਖੀ ਸਮਾਜ ਦਾ ਮੈਂਬਰ ਖਿਆਲ ਕਰਦਾ ਹੈ। ਧਾਰਮਿਕ ਦ੍ਰਿਸ਼ਟੀਕੋਣ ਤੋਂ ਐਸੀ ਵਿਸ਼ਵ ਚੇਤਨਾ ਜਾਂ ਸੋਝੀ 'ਬ੍ਰਹਮ ਗਿਆਨ' ਦਾ ਦਰਜਾ ਰੱਖਦੀ ਹੈ।"[5]

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਇਸ ਤਰ੍ਹਾਂ ਦੀ ਰਹੱਸਮਈ ਮਨੋਬਿਰਤੀ ਕਿਸੇ ਵੀ ਪ੍ਰਕਾਰ ਦੇ ਕਰਮਕਾਡਾਂ ਰਾਹੀਂ ਨਹੀਂ ਉਤਪੰਨ ਹੁੰਦੀ ਸਗੋਂ ਨਾਮ ਸਿਮਰਨ ਰਾਹੀਂ ਹਸਦਿਆਂ-ਖੇਡਦਿਆਂ, ਖਾਂਦਿਆਂ-ਪੀਦਿਆਂ ਜੀਵਨ ਜੀਉਂਦਿਆਂ ਵੀ ਪ੍ਰਾਪਤ ਹੋ ਸਕਦੀ ਹੈ ਕਿਉਂ ਕਿ ਗਿਆਨ ਦਾ ਕਰਤੱਵ ਵਿਅਕਤੀ ਨੂੰ ਅਜਿਹਾ ਰੂਹਾਨੀ ਅਨੁਭਵ ਪ੍ਰਦਾਨ ਕਰਦਾ ਹੈ ਕਿ ਉਹ 'ਸ਼ਬਦ ਸੁਰਤਿ' ਦੇ ਮਾਰਗ ਤੇ ਪੱਕਾ ਹੋ ਅਨੁਮਾਨਸ਼ੀਲ ਤੇ ਅੰਤਰਮੁਖੀ ਹੋ ਜਾਂਦਾ ਹੈ। ਸੁਣਨ ਮੰਨਣ ਤੋਂ ਅੱਗੇ ਵਿਚਰਨ ਵਾਲੋ ਹੋ ਜਾਂਦਾ ਹੈ। ਕਰਮ, ਭਗਤੀ ਅਤੇ ਗਿਆਨ ਦੇ ਤਿੰਨਾਂ ਪੱਖਾਂ ਦਾ ਸਾਂਝੇ ਰੂਪ ਵਿੱਚ ਵਿਕਾਸ ਮਨੁੱਖ ਦੀ ਸ਼ਖਸੀ ਇਕਸੁਰਤਾ ਵਿੱਚ ਉਪਯੋਗੀ ਸਿੱਧ ਹੁੰਦੇ ਹਨ ਅਤੇ ਉਹ ਅਨੰਦ ਦੀ ਪ੍ਰਾਪਤੀ ਕਰਨ ਦੇ ਸਮਰੱਥ ਹੋ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੋਵਿਗਿਆਨਕ ਤੌਰ 'ਤੇ ਮਾਨਸਿਕਤਾ ਨੂੰ ਪੰਜ ਪੱਧਰਾਂ ਤੇ ਲੜੀਵਾਰ ਤਰੀਕੇ ਨਾਲ ਵਿਚਾਰਿਆ ਹੈ ਜਿਨ੍ਹਾਂ ਨੂੰ 'ਜਪੁਜੀ' ਬਾਣੀ ਵਿੱਚ ਪੰਜ ਖੰਡਾਂ ਦੇ ਤੌਰ 'ਤੇ ਬਿਆਨ ਕੀਤਾ ਹੈ ਜੋ ਗੁਰਬਾਣੀ ਵਿੱਚ ਅਧਿਆਤਮਕ ਮਨੋ ਮੰਡਲ ਅਤੇ ਮੰਜ਼ਿਲਾਂ ਦੇ ਤੌਰ 'ਤੇ ਵਿਆਖਿਆਕ੍ਰਿਤਗ ਇਹ ਪੰਜ ਮਨੋ ਪੱਧਰ ਹਨ; ਪੰਜ ਖੰਡ: ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸਚਖੰਡ। ਧਰਮ ਖੰਡ ਮਨੋਵਿਗਿਆਨਕ ਪੱਧਰ 'ਤੇ ਦ੍ਰਿੜ੍ਹਤਾ ਦੀ ਉਚੇਰੀ ਅਵਸਥਾ

ਹੈ। ਇਸ ਅਵਸਥਾ ਵਿੱਚ ਮਨੁੱਖ ਆਪਣੀ ਨਿਤਾਪ੍ਰਤੀ ਜੀਵਨ ਵਿੱਚ ਨੇਮ-ਧਰਮ ਅਪਣਾਉਂਦਾ ਹੋਇਆ ਚੰਗੇ ਮੰਦੇ ਕਰਮਾਂ ਵਿੱਚ ਅੰਤਰ ਸਮਝਣ ਦਾ ਵਿਵੇਕ ਪਾ ਲੈਂਦਾ ਹੈ। ਇਸ ਤਰ੍ਹਾਂ ਦੇ ਨੈਤਿਕਤਾ ਸਹਿਤ ਮਨੁੱਖ ਅਗਲੇਰੀ ਮਾਨਸਿਕ ਅਵਸਥਾ ਤੱਕ ਪਹੁੰਚ ਕਰਦਾ ਹੈ ਜੋ ਗਿਆਨ ਖੰਡ ਕਹਿਲਾਉਂਦਾ ਹੈ। ਗਿਆਨ ਖੰਡ ਵਿੱਚ ਮਨੁੱਖ ਨੂੰ ਬ੍ਰਹਿਮੰਡੀ ਸੱਚ ਗਿਆਨ ਹੁੰਦਾ ਹੈ ਕਿ ਮਨੁੱਖ ਕਿੰਨੀ ਵਿਸ਼ਾਲ ਸਰੰਚਨਾ ਦਾ ਹਿੱਸਾ ਹੈ ਜਿਸ ਵਿੱਚ ਵਿਭਿੰਨ, ਖਾਣੀਆਂ, ਪਾਣੀ, ਅਗਨੀ, ਬ੍ਰਹਮੰਡ ਵਿਸ਼ਵ, ਸ਼ਿਵ, ਚੰਦ, ਤਾਰੇ, ਸੂਰਜ, ਗਲੈਕਸੀਆਂ, ਸਿੱਧੀਆਂ, ਰਿੱਧੀਆਂ, ਨਾਥ, ਬੁੱਧ, ਦੇਵੀ-ਦੇਵਤੇ, ਸ਼ੈਤਾਨ, ਰਤਨ, ਜਵਾਹਰ ਮਾਣਕ, ਕਿੰਨੀਆਂ ਬਾਣੀਆਂ, ਗ੍ਰੰਥ, ਵਿਸ਼ਵਾਸ ਆਦਿਕ ਸਰੂਪਾਂ ਦਾ ਬਖਿਆਨ ਹੈ। ਬ੍ਰਹਿਮੰਡ ਦੀ ਵਿਸ਼ਾਲਤਾ ਗ੍ਰਹਿਣ ਕਰਦਿਆਂ ਹੀ ਉਸ ਅੰਦਰ ਘਮੰਡ, ਮਾਇਆ, ਲਾਲਸਾ ਤੁਛ ਹੋ ਜਾਂਦੀਆਂ ਹਨ ਤੇ ਉਸ ਦਾ ਮਨ ਪਾਵਨ ਹੋ ਕੇ 'ਸਰਮ ਖੰਡ' ਵੱਲ ਪ੍ਰਸਥਾਨ ਕਰਦਾ ਹੈ। ਜਿਸ ਵਿੱਚ ਉਸ ਦੀ ਪਾਵਨ ਮਾਨਸਿਕ ਦਸ਼ਾ ਵਿੱਚ ਬੁੱਧੀ ਦਾ ਵਿਗਾਸ ਹੁੰਦਾ ਹੈ। ਉਸੇ ਬੁੱਧੀ ਤੇ ਅਸਵਾਰ ਹੋ ਕੇ ਉਹ ਕਰਮ ਖੰਡ ਵਾਲਾ ਹੁੰਦਾ ਹੈ ਜਿੱਥੇ ਉਹ ਪਰਮਾਤਮਾ ਦੇ ਹੁਕਮ ਅਨੁਸਾਰ ਸੁੰਦਰ ਕਰਮਾਂ ਵਾਲਾ ਇਨਸਾਨ ਹੋ ਜਾਂਦਾ ਹੈ ਉਸ ਦੇ ਜੀਵਨ ਕਰਮ ਸੁਨਿਸ਼ਚਿਤ ਹੋ ਜਾਂਦੇ ਹਨ ਤੇ ਉਹ ਦੂਸਰਿਆਂ ਪ੍ਰਤੀ ਸੁਹਿਰਦ ਹੋ ਜਾਂਦਾ ਹੈ ਆਪਣੇ ਆਪੇ ਵਿੱਚ ਭੈਅ ਰਹਿਤ, ਗਿਆਨਵਾਨ, ਆਦਰਸ਼ ਮਨੁੱਖ ਵਾਂਗ ਵਿਚਰਨ ਲਗਦਾ ਹੈ ਇਸ ਤਰ੍ਹਾਂ ਉਸ ਦੀ ਸੱਚਖੰਡ ਤੱਕ ਪਹੁੰਚ ਆਸਾਨ ਹੋ ਜਾਂਦੀ ਹੈ। ਉਸ ਨੂੰ ਪਾਰਬ੍ਰਹਮ ਦਾ ਅਨੁਭਵ ਪ੍ਰਾਪਤ ਹੁੰਦਾ ਹੈ। ਇਹ ਮਨੋ ਅਵਸਥਾ ਹੀ ਸੁਨ, ਆਨੰਦ ਤੇ ਵਿਸਮਾਦ ਦੀ ਅਵਸਥਾ ਹੈ ਜਿਸ ਨੂੰ ਸਾਰੇ ਹੀ ਦਰਸ਼ਨ ਸ਼ਾਸਤਰਾਂ ਨੇ ਸਰਵੋਤਮ ਮਨੋ ਅਵਸਥਾ ਬਿਆਨ ਕੀਤਾ ਹੈ। ਜਿਸ ਤਰ੍ਹਾਂ ਸੁਰਿੰਦਰ ਸਿੰਘ ਕੋਹਲੀ ਬਿਆਨ ਕਰਦੇ ਹਨ:

> "Guru Nanak Dev ji's moral and Spiritual interpretation of the five plans remind us of journey and goal of the seeker a human. In order to rise from the plan of pirty to plane of truth, the seeker has to seek knowledge and make efforts to obtain the Grace of the Lord."[6]

ਗੁਰੂ ਸਾਹਿਬ ਅਨੁਸਾਰ ਪਰਮਾਤਮਾ ਦੀ ਕ੍ਰਿਪਾ ਸਹਿਜ ਹਾਲਤ ਵਿੱਚ ਪ੍ਰਾਪਤ ਹੁੰਦੀ ਹੈ ਸਹਿਜ ਉਹ ਹਾਲਤ ਹੁੰਦੀ ਹੈ ਜਿਸ ਵਿੱਚ ਹਰਖ-ਸੋਗ, ਦੁੱਖ-ਸੁੱਖ, ਸਨੇਹ-ਵਿਰੋਧ, ਉਸਤਤਿ-ਨਿੰਦਾ ਅਰਥਾਤ ਹਰ ਕਿਸਮ ਦੀ ਦਵੰਦ ਖਤਮ ਹੁੰਦੀ ਹੈ ਇਹ ਨਿਰਗੁਣ ਬ੍ਰਹਮ ਵਿੱਚ ਲੀਨ ਹੋਣ ਦੀ ਸੰਤੁਲਿਤ ਅਵਸਥਾ ਹੈ। ਗੁਰੂ ਜੀ ਅਨੁਸਾਰ ਸਚਖੰਡ ਮਨੋ ਅਧਿਆਤਮਕ ਪੱਧਰ ਹੈ ਇਹ ਕੋਈ

ਆਗਮਨਾਂ ਵਿੱਚ ਨਹੀਂ ਹੁੰਦਾ। "ਖੰਡਾਂ ਦਾ ਮੁੱਖ ਮਨੋਰਥ ਤਾਂ ਹਰੀ ਨਾਲ ਇਕਮਿਕ ਹੋ ਜਾਣ ਦਾ ਰਾਹ ਵਿਖਾਉਣਾ ਹੀ ਸੀ ਪਰ ਗੁਰੂ ਜੀ ਨੇ ਪਉੜੀਆਂ ਦੀ ਵਿਉਂਤ ਇਉਂ ਬਣਾਈ ਹੈ ਕਿ ਗੁਰਮਤਿ ਦੀ ਇੱਕ ਨਵੇਕਲੀ ਵਿਚਾਰਧਾਰਾ ਉੱਘੜ ਕੇ ਸਾਹਮਣੇ ਆਈ। ਪ੍ਰਾਚੀਨ ਸਮੇਂ ਤੋਂ ਭਾਰਤ ਅੰਦਰ ਕਰਮ, ਗਿਆਨ ਤੇ ਭਗਤੀ ਹਰੀ ਦੀ ਪਰਾਪਤੀ ਦੇ ਤਿੰਨ ਅੱਡ-ਅੱਡ ਸਾਧਨ ਮਿਥੇ ਗਏ ਸਨ। ਕਈ ਨਿਰੇ ਕਰਮਾਂ 'ਤੇ ਜ਼ੋਰ ਦਿੰਦੇ ਸਨ, ਕਈਆਂ ਗਿਆਨ ਨੂੰ ਹੀ ਸਭ ਕੁਝ ਸਮਝ ਲਿਆ ਹੋਇਆ ਸੀ ਤੇ ਕਈ ਹੋਰਨਾਂ ਨੇ ਕੇਵਲ ਭਗਤੀ ਨੂੰ ਹੀ ਪ੍ਰਧਾਨਤਾ ਦਿੱਤੀ ਹੋਈ ਸੀ। ਗੁਰੂ ਸਾਹਿਬ ਦੀ ਆਪਣੀ ਵਿਚਾਰਧਾਰਾ ਸੀ ਕਿ ਭਗਤੀ ਭਾਵੇਂ ਆਪਣੇ ਆਪ ਵਿੱਚ ਤੇ ਬੁਨਿਆਦੀ ਤੌਰ 'ਤੇ ਮੁਖ ਹੋਣ ਕਰਕੇ ਬਹੁਤ ਹੀ ਮਹਾਨ ਹੈ ਪਰ ਦੂਜੇ ਦੋ ਵੀ ਇਸ ਦੇ ਸਹਾਇਕ ਬਣਨੇ ਚਾਹੀਦੇ ਹਨ ਅਰਥਾਤ ਤਿੰਨੇ ਹੀ ਰਲ ਕੇ ਚਲਣੇ ਚਾਹੀਦੇ ਹਨ, ਕਿਉਂਕਿ ਇਹਨਾਂ ਵਿੱਚੋਂ ਕਿਸੇ ਇੱਕ ਦੀ ਵੀ ਥੁੜ੍ਹ ਸਾਰੀ ਮਨੁੱਖੀ ਸ਼ਖ਼ਸੀਅਤ ਨੂੰ ਅਧੂਰਾ ਕਰ ਕੇ ਰੱਖ ਸਕਦੀ ਹੈ। ਉਹ ਜਾਣਦੇ ਸਨ ਕਿ ਮਨੁੱਖੀ ਮਨ ਦੇ ਤਿੰਨ ਅੰਗ ਹੁੰਦੇ ਹਨ ਇਰਾਦਾ, ਦਿਮਾਗ ਤੇ ਜਜ਼ਬਾ ਤੇ ਇਨ੍ਹਾਂ ਤਿੰਨਾਂ ਤੋਂ ਹੀ ਕਰਮਾਂ, ਗਿਆਨ ਅਤੇ ਭਗਤੀ ਦਾ ਪ੍ਰਕਾਸ਼ਨ ਹੁੰਦਾ ਹੈ।"[7] ਇਸ ਤਰ੍ਹਾਂ ਦੀ ਮਨੋ ਪ੍ਰਕਾਸ਼ਮਾਨਤਾ ਨੈਤਿਕ ਉਸਾਰੀ ਨਾਲ ਦ੍ਰਿਸ਼ਮਾਨ ਹੁੰਦੀ ਹੈ। ਇਹ 'ਜਪੁਜੀ' ਦੀਆਂ ਪੌੜੀਆਂ ਗੁਰੂ ਸਾਹਿਬ ਦੇ ਮਨੁੱਖੀ ਮਨੋਵਿਗਿਆਨਕ ਵਿਸ਼ਲੇਸ਼ਣ ਦੀ ਬੌਧਿਕ ਪ੍ਰਤਿਭਾਵਾਨਤਾ ਦੀ ਮਨੁੱਖੀ ਸੁੰਦਰ ਮਿਸਾਲ ਹਨ।

ਆਧੁਨਿਕ ਮਨੁੱਖ ਦਾ ਮਾਨਸਿਕ ਗੁੰਝਲਾਂ ਵਿੱਚ ਫਸ ਕੇ ਮਨੋਰੋਗੀ ਹੋਣਾ ਅਤੇ ਆਤਮ ਜੀਵਨ ਵਲੋਂ ਮੂੰਹ ਮੋੜਨਾ ਉਸ ਨੂੰ ਵਿਨਾਸ਼ਤਾ ਵੱਲ ਲੈ ਜਾ ਰਿਹਾ ਹੈ ਅੱਜ ਦਾ ਮਹਾਮਾਨਵ ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਸਹਿਤ ਬੇਸ਼ਕ ਉੱਨਤੀ ਦੀਆਂ ਮੰਜ਼ਿਲਾਂ ਪਾਰ ਕਰ ਗਿਆ ਪਰ ਅਧਿਆਤਮਕ ਮੰਜ਼ਿਲਾਂ ਤੋਂ ਪੱਛੜ ਗਿਆ ਹੈ। ਉਸ ਦਾ ਮਨ ਪਰਮਾਤਮਾ ਤੋਂ ਨਿਡਰ ਹੋ ਗਿਆ ਹੈ ਜਿਸ ਕਰਕੇ ਉਹ ਅੰਧ-ਵਿਸ਼ਵਾਸਾਂ ਦਾ ਭਾਗੀ ਹੋ ਕੇ ਵਿਗਿਆਨ ਅਤੇ ਤਕਨਾਲੋਜੀ ਦੀ ਬੇਲੋੜੀ ਵਿਨਾਸ਼ਕਾਰੀ ਵਰਤੋਂ ਕਰਕੇ ਆਪਣੀ ਮੂਲ ਪ੍ਰਕ੍ਰਿਤੀ ਨੂੰ ਵਿਸਾਰ ਰਿਹਾ ਹੈ। ਧਰਮ ਅਨੁਸ਼ਾਸਨੀ ਪਹੁੰਚ ਮੰਨਦੀ ਹੈ ਕਿ ਬੁਨਿਆਦੀ ਤੌਰ 'ਤੇ ਇਹ ਜੀਵ ਨਿਰਾ ਸਰੀਰ ਨਹੀਂ ਹੈ ਇਹ ਵਿਸ਼ੇਸ਼ ਕਰਕੇ ਉਹ ਆਤਮਕ ਹੋਂਦ ਹੈ ਜਿਸ ਨੂੰ ਇਹ ਸਰੀਰ ਤੇ ਇਸ ਦੇ ਇੰਦਰੇ ਅਕਲ ਤੇ ਦਿਮਾਗ, ਮਨ, ਇਰਾਦੇ ਤੇ ਜਜ਼ਬੇ ਕੇਵਲ ਹਥਿਆਰਾਂ ਦੇ ਤੌਰ 'ਤੇ ਮਿਲੇ ਹਨ। ਆਤਮਾ ਨੂੰ ਭੁੱਖਿਆਂ ਰੱਖ ਕੇ ਉਹ ਸਹੀ ਅਰਥਾਂ ਵਿੱਚ ਜਿਊਂਦਾ ਨਹੀਂ ਰਹਿ ਸਕਦਾ। ਸਰੀਰ ਅਤੇ ਇਸ ਦੇ ਸਭ ਹਥਿਆਰ ਵਸੀਲੇ ਨਾਸ਼ਵੰਤ ਹਨ

ਕੇਵਲ ਆਤਮਾ ਹੀ ਥਿਰ ਹੈ ਸਦੀਵੀ ਹੈ। ਇਹ ਪਰਮਾਤਮਾ ਵਾਂਗ ਅਬਿਨਾਸੀ ਹੈ। ਜਿੰਨਾ ਚਿਰ ਦੁਖ ਕਸ਼ਟ ਮੁੱਕ ਨਹੀਂ ਸਕਦੇ। ਆਤਮਾ ਦਾ ਅਧਾਰ ਪਰਮਾਤਮਾ ਹੈ ਜਿਸ ਤੋਂ ਸੱਚ, ਪਿਆਰ, ਪਵਿੱਤਰਤਾ, ਸੰਤੋਖ, ਦਇਆ, ਨਿਮਰਤਾ, ਮਿਠਾਸ, ਧੀਰਜ ਆਦਿ ਉਪਜਦੇ ਹਨ। ਝੂਠ ਤੇ ਪਾਪ ਦਾ ਜੀਵਨ ਗ਼ੈਰ-ਕੁਦਰਤੀ ਹੈ। ਇਹ ਆਤਮ-ਮੰਡਲ ਜੇ ਨਿਯਮਾਂ ਦੇ ਵਿਰੁੱਧ ਹੈ। ਮਨੁੱਖ ਦਾ ਇਤਿਹਾਸ ਦੱਸਦਾ ਹੈ ਕਿ ਹਰ ਆਤਮਾ ਦੇ ਅੰਦਰ ਆਤਮ-ਜੀਵਨ ਦੀ ਤੜਪ ਹੈ ਇਸੇ ਕਾਰਨ ਉਹ ਸਾਧਨਾ ਦੇ ਮਾਰਗ 'ਤੇ ਤੁਰਦਾ ਹੈ। ਪਦਾਰਥਵਾਦ ਦੇ ਕੌੜ ਤਜ਼ਰਬੇ ਉਸ ਨੂੰ ਅਧਿਆਤਮਕ ਜੀਵਨ ਵੱਲ ਪ੍ਰੇਰਿਤ ਕਰਦੇ ਹਨ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਪਦਾਰਥਕ ਉੱਨਤੀ ਤੋਂ ਨਿਖੇੜਿਆ ਨਹੀਂ ਸਗੋਂ ਇੱਕ ਵਿਲੱਖਣ ਮਾਰਗ ਦਰਸ਼ਨ ਦਿੱਤਾ ਕਿ ਉਹ ਪਦਾਰਥਕ ਤਰੱਕੀ ਕਰਦਿਆਂ ਹੋਇਆਂ ਵੀ ਨਾਮ ਸਿਮਰਨ ਰਾਹੀਂ ਆਤਮਕ ਮੰਡਲਾਂ ਵਿੱਚ ਵਿਚਰ ਸਕਦਾ ਹੈ। ਉਸ ਦੀ ਮਨੋ ਸਾਧਨਾ ਦਾ ਵਸੀਲਾ ਕਿਰਤ ਹੀ ਰੱਖਿਆ ਜਿਸ ਰਾਹੀਂ ਉਹ ਅੰਤਰਮੁਖੀ ਤੇ ਬਾਹਰਮੁਖੀ ਦੋਵਾਂ ਬਿਰਤੀਆਂ ਵਿੱਚ ਸੰਤੁਲਨ ਰੱਖ ਸਕਦਾ ਹੈ ਅਤੇ ਮਾਨਸਿਕ ਤੌਰ 'ਤੇ ਸੰਤੁਸ਼ਟ ਅਤੇ ਖੁਸ਼ਹਾਲ ਜੀਵਨ ਬਤੀਤ ਕਰ ਸਕਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਵਜੀਰ ਸਿੰਘ, ਧਰਮ ਦਾ ਦਾਰਸ਼ਨਿਕ ਪੱਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991, ਪੰਨਾ- 18.

2. W.H. Mcleod, Guru Nanak And The SiKh Religion, Oxford University Press, London, 1968, p.150.

3. ਆਦਿ ਗ੍ਰੰਥ, ਸੋਰਠਿ ਮਹਲਾ ੧, ਅੰਗ 599.

4. Gurbachan Singh Talib, Guru Nanak: His Personality And Vision, Guru Das Kapur & Sons Pvt.Ltd, Delhi, 1969, p. 85.

5. ਵਜੀਰ ਸਿੰਘ, ਗੁਰੂ ਨਾਨਕ ਸਿਧਾਂਤ, ਪੰਜਾਬੀ ਸਾਹਿਤ ਅਕਾਦਮੀ ਪੰਜਾਬੀ ਭਵਨ, ਲੁਧਿਆਣਾ, 1969, ਪੰਨਾ 85.

6. Surinder Singh Kohli, Philosophy of Guru Nanak, Publication Buerou, Panjab University Chandigarh, 1969, p, 178, 174.

7. ਨਰੈਣ ਸਿੰਘ, ਜਪੁਜੀ ਸਾਹਿਬ (ਪੰਨਾ ਵਿਆਖਿਆ ਸਹਿਤ) ਭਗਤ ਪੂਰਨ ਸਿੰਘ ਪਿੰਗਲਵਾੜਾ ਸੋਸਾਇਟੀ, ਅੰਮ੍ਰਿਤਸਰ, ਪੰਨਾ 227.

# ਗੁਰੂ ਨਾਨਕ ਬਾਣੀ ਵਿਚਲਾ ਦਾਰਸ਼ਨਿਕ ਸੰਦਰਭ

**ਸ਼ਰਨਜੀਤ ਕੌਰ**

ਰਿਸਰਚ ਸਕਾਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

---

ਲੌਕਿਕ ਵਰਤਾਰੇ ਦੇ ਅੰਤਰਗਤ ਪ੍ਰਤੱਖ ਤੌਰ 'ਤੇ ਦਿਖਾਈ ਦਿੰਦੀ ਹਰ ਵਸਤ ਦੀ ਆਪਣੀ ਇਕ ਅਪ੍ਰਤੱਖ ਤਾਸੀਰ ਹੁੰਦੀ ਹੈ। ਇਹ ਪ੍ਰਤੱਖ ਤੋਂ ਅਪ੍ਰਤੱਖ ਦਾ ਇਕ ਸਫ਼ਰ ਦ੍ਰਿਸ਼ਟਮਾਨ ਪ੍ਰਪੰਚ ਆਧਾਰਤ ਸਾਹਿਤਕ ਪ੍ਰਵਚਨ ਵਿਚ ਵੀ ਪੂਰਨ ਤੌਰ 'ਤੇ ਕਾਰਜਸ਼ੀਲ ਰਹਿੰਦਾ ਹੈ। ਸਾਹਿਤਕਾਰ ਦਿਸਦੇ ਨੂੰ ਆਧਾਰ ਬਣਾ ਕੇ ਅਣਦਿਸਦੇ ਤੱਕ ਪਹੁੰਚ ਕਰਨ ਦੀ ਤੀਬਰ ਇੱਛਾ ਵੱਲ ਰੁਚਿਤ ਹੁੰਦਾ ਹੈ। ਨਤੀਜਨ ਜਦ ਕੋਈ ਕ੍ਰਿਤ ਪ੍ਰੋਖ ਦੇ ਹਵਾਲੇ ਰਾਹੀਂ ਉਸ ਅੰਦਲੀਆਂ ਮਹੀਨ ਤੇ ਡੂੰਘੀਆਂ ਅਪ੍ਰੋਖ ਪਰਤਾਂ ਨੂੰ ਸਮਝਣ ਜਾਂ ਫਰੋਲਣ ਦਾ ਬਾਇਸ ਬਣਦੀ ਹੈ ਤਾਂ ਉਹ ਸਹਿਜ ਹੀ ਦਾਰਸ਼ਨਿਕਤਾ ਦੇ ਘੇਰੇ ਦੀ ਵਸਤ ਬਣ ਜਾਂਦੀ ਹੈ। ਦਾਰਸ਼ਨਿਕਤਾ ਦਾ ਸੰਕਲਪ ਆਪਣੇ ਆਪ ਵਿਚ ਵਿਸ਼ੇਸ਼ ਤੌਰ 'ਤੇ ਗਹਿਨ ਸੁਰ ਦਾ ਲਖਾਇਕ ਹੈ। ਆਮ ਤੌਰ 'ਤੇ ਇਸ ਦੇ ਅੰਤਰਗਤ ਅਧਿਆਤਮ ਨੂੰ ਵਿਚਾਰਿਆ ਜਾਂਦਾ ਰਿਹਾ ਹੈ, ਕਾਰਨ ਉਸ ਅੰਦਰਲੀ ਉੱਚ ਪੱਧਰੀ ਅਰਥੀਮ ਭਾਵਨਾ ਵਿਚ ਦਰਕਾਰ ਹੈ। ਦਰਸ਼ਨ ਸ਼ਬਦ Philosphy ਦਾ ਪੰਜਾਬੀ ਅਨੁਵਾਦ ਹੈ ਜੋ ਪ੍ਰਮੁੱਖ ਤੌਰ 'ਤੇ ਕਾਦਰ ਤੇ ਕੁਦਰਤ ਦੀ ਆਪਸੀ ਅੰਤਰਸੰਬੰਧਿਤਾ ਦੇ ਅਧਿਐਨ ਨਾਲ ਵਾਬਸਤਾ ਹੈ। ਇਹ ਮਨੁੱਖੀ ਸੋਚ ਅੰਦਰਲੀ ਚਿੰਤਨ ਤੇ ਚੇਤਨ ਪ੍ਰਵਿਰਤੀ ਦਾ ਵਾਹਕ ਹੈ। ਦਾਰਸ਼ਨਿਕਤਾ ਦੀ ਅਰਥ ਪੱਧਰੀ ਵਿਆਖਿਆ ਦੇ ਦਰਸ਼ਨ ਗੁਰਮਤਿ ਜਾਂ ਅਧਿਆਤਮਕ ਘੇਰੇ ਦੀ ਹਰ ਕ੍ਰਿਤ ਵਿਚੋਂ ਸੁਭਾਵਿਕ ਹੋ ਜਾਂਦੇ ਹਨ। ਹਥਲੇ ਪਰਚੇ ਵਿਚ ਸਾਡਾ ਮੰਤਵ ਗੁਰੂ ਨਾਨਕ ਬਾਣੀ ਵਿਚਲੇ ਦਾਸ਼ਨਿਕ ਸੰਦਰਭ ਨੂੰ ਪਛਾਨਣਾ ਹੀ ਹੈ।

ਗੁਰੂ ਨਾਨਕ ਸਾਹਬ ਜੋ ਕਿ ਕਿਸੇ ਵੀ ਸ਼ਾਬਦਿਕ ਪਛਾਣ ਦੇ ਮੁਥਾਜ ਨਹੀਂ। ਉਨ੍ਹਾਂ ਦੀ ਲੇਖਣੀ ਉਨ੍ਹਾਂ ਦੇ ਸ਼ਖ਼ਸੀ ਵਿਕਾਸ ਦੀ ਗਵਾਹ ਹੈ। "ਗੁਰੂ ਨਾਨਕ ਮੱਧਕਾਲੀਨ ਭਾਰਤ ਦੀਆਂ ਉਨਾਂ ਚਮਤਕਾਰੀ ਅਤੇ ਪ੍ਰਤਿਭਾਵਾਨ ਹਸਤੀਆਂ ਵਿਚੋਂ ਹਨ, ਜਿਨ੍ਹਾਂ ਨੇ ਆਪਣੇ ਵੇਲੇ ਦੇ ਸਭਿਆਚਾਰਕ ਮਾਹੌਲ ਵਿਚ ਕ੍ਰਾਂਤੀਕਾਰੀ ਪਰਿਵਰਤਨ ਲਿਆਉਣ ਦਾ ਉਪਰਾਲਾ ਕੀਤਾ ਹੈ।"[1]

ਗੁਰੂ ਨਾਨਕ ਸਾਹਬ ਦੀ ਸਮਸਤ ਬਾਣੀ ਜਿੱਥੇ ਸਮੂਹ ਲੋਕਾਈ ਲਈ ਸੁਚੱਜੀ ਜੀਵਨ-ਜਾਚ ਦਾ ਵਿਰਾਟ ਸੋਮਾ ਹੈ ਉੱਥੇ ਨਾਲ ਹੀ ਦਾਰਸ਼ਨਿਕ ਗਲੇਫ਼ ਨਾਲ ਲਬਰੇਜ਼ ਵੀ ਹੈ। ਵਿਭਿੰਨ ਪਹਿਲੂਆਂ ਤੋਂ ਇਸ ਵਿਚਲੀ ਦਾਰਸ਼ਨਿਕ ਪਾਣ ਨੂੰ ਸਮਝਿਆ ਜਾ ਸਕਦਾ ਹੈ। ਸਰਵਪ੍ਰਥਮ ਗੁਰੂ ਨਾਨਕ ਸਾਹਬ ਦੁਆਰਾ ਉਚਰਤ 'ਇਕ ਓਅੰਕਾਰ' ਦੀ ਧੁਨੀ ਰਾਹੀਂ ਬ੍ਰਹਮ ਸਰੂਪ ਦੀ ਅਦਭੁਤ ਵਿਆਖਿਆ ਵਿਚੋਂ ਹੀ ਦਾਰਸ਼ਨਿਕਤਾ ਦੀ ਝਲਕ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਸਮੁੱਚਾ ਮੂਲ ਮੰਤਰ ਦਾਰਸ਼ਨਿਕ ਲਹਿਜ਼ੇ ਦਾ ਧਾਰਣੀ ਹੈ।

> ੴ ਸਤਿਨਾਮੁ ਕਰਤਾ ਪੁਰਖੁ
> ਨਿਰਭਉ ਨਿਰਵੈਰੁ
> ਅਕਾਲਿ ਮੂਰਤਿ ਅਜੂਨੀ ਸੈਭੰ
> ਗੁਰ ਪ੍ਰਸਾਦਿ ॥[2]

ਇਕ ਓਅੰਕਾਰ ਜੋ ਓਸ ਅਕਾਲ ਪੁਰਖ ਪਰਮ ਪਿਤਾ ਲਈ ਵਰਤਿਆ ਗਿਆ ਪਦ ਹੈ। ਨਿਰਸੰਦੇਹ ਅਕਾਲ ਪੁਰਖ ਦਿਸਦੇ ਅਤੇ ਅਣਦਿਸਦੇ ਨੂੰ ਹੋਂਦ ਵਿਚ ਲਿਆਉਣ ਵਾਲੀ ਸਰਵਉੱਚ ਸ਼ਕਤੀ ਹੈ। ਇਸ ਸ਼ਕਤੀ ਨੂੰ ਹੀ ' ੴ' ਧੁਨੀ ਨਾਲ ਨਿਵਾਜਿਆ ਗਿਆ ਹੈ। ਇਹ ਧੁਨੀ ਚਿਹਨਕ ਤੋਂ ਚਿਹਨਤ ਦਾ ਸਫ਼ਰ ਕਰਦੀ ਹੈ। ਇਸ ਅੰਦਰਲੀ ਬਣਤਰ ਬ੍ਰਹਮਾ, ਵਿਸ਼ਨੂੰ, ਮਹੇਸ਼ ਦੀ ਤ੍ਰੈਮੂਰਤੀ ਨੂੰ ਆਪਣੇ ਇਕ 'ੴ' ਦੀ ਧੁਨੀ ਵਿਚ ਸਮੇਟਦੀ ਏਕਈਸ਼ਵਰਵਾਦ ਦੀ ਸੁਰ ਪ੍ਰਬਲ ਕਰਦੀ ਹੈ। ਬੇਸ਼ੱਕ ' ੴ' ਪਰੰਪਰਾ ਤੋਂ ਪ੍ਰਾਪਤ ਸ਼ਬਦ ਹੈ ਅਤੇ ਯੋਗ ਮਾਰਗੀ ਢੰਗ ਨਾਲ ਸ਼ਬਦ ਰੂਪ ਵਿਚ ਪ੍ਰਵਾਨਿਤ ਵੀ ਕੀਤਾ ਗਿਆ ਹੈ ਪਰ '੧' ਸ਼ਬਦ ਏਕਤ੍ਵ ਦਾ ਸੂਚਕ ਹੈ ਅਰਥਾਤ ' ਵਾਹੁਦ ' ਹੋਣ ਦਾ ਪ੍ਰਤੀਕ ਹੈ। ਏਕਈਸ਼ਵਰਵਾਦ ਗੁਰੂ ਨਾਨਕ ਦੇ ਬ੍ਰਹਮ ਸਰੂਪ ਦਾ ਮੂਲ ਥੰਮ੍ਹ ਹੈ। ਲਿਹਾਜ਼ਾ '੧' ਨਾਲ ਸੰਯੁਕਤ ਹੋ ਕੇ ' ੴ' ਜਿਹਾ ਸ਼ਬਦ ਸਰੂਪ ਨਵੀਨ ਅਰਥਾਂ ਦਾ ਜਾਮਨ ਬਣਦਾ ਹੈ। ਸਤਿਨਾਮ ਪ੍ਰਮਾਤਮਾ ਦੇ ਸਤਿ ਸਰੂਪ ਦਾ ਵਾਹਕ ਹੈ। ਕਰਤਾ ਪੁਰਖ ਪਰਮ ਪਿਤਾ ਨੂੰ 'ਪੁਰਸ਼' ਦੇ ਰੂਪ ਵਿਚ ਤਸੱਵਰ ਕਰਦਾ ਅਨੇਕਾਰਥੀ ਬਹੁ-ਦੇਵਵਾਦ ਵੱਲ ਇਸ਼ਾਰਾ ਮਾਤਰ ਹੈ। ਨਿਰਭਉ ਤੇ ਨਿਰਵੈਰ ਉਸਦੀ ਸੁਭਾਵੀ ਹੋਂਦ ਵਿਚਲੀ ਵਿਰਾਟਤਾ ਦੇ ਸੂਚਕ ਹਨ। ਅਕਾਲ ਮੂਰਤਿ ਵਿਚ ਪਰਮਾਤਮਾ ਦੀ ਸਦੀਵੀ ਹੋਂਦ ਨੂੰ ਸਾਕਾਰ ਕਰਦਿਆਂ ਉਸਦੀ ਬ੍ਰਹਿਮੰਡਕ ਸਰਵ ਵਿਆਪਕਤਾ ਨੂੰ ਪ੍ਰਗਟ ਕੀਤਾ ਗਿਆ ਹੈ। ਅਜੂਨੀ ਸੈਭੰ ਉਸ ਅਕਾਲ ਪੁਰਖ ਦੇ ਮੋਕਸ਼ਵਤ ਅਸਤਿੱਤਵ ਅਤੇ ਸ੍ਵੈ ਪ੍ਰਕਾਸ਼ ਦਾ ਭਾਵ ਪ੍ਰਗਟਾ ਹੈ। ਉਕਤ ਸਮੂਹ ਹੋਂਦਕ

ਖ਼ਾਸਿਆਂ ਦੇ ਮਾਲਕ ਪ੍ਰਭੂ ਪ੍ਰੀਤਮ ਤੱਕ ਪਹੁੰਚ ਕੇਵਲ ਉਸਦੀ ਕ੍ਰਿਪਾ ਦ੍ਰਿਸ਼ਟੀ ਦੁਆਰਾ ਹੀ ਸੰਭਵ ਹੈ ਜਿਸਨੂੰ 'ਗੁਰਪ੍ਰਸਾਦਿ' ਦੀ ਸੰਗਿਆ ਦਿੱਤੀ ਗਈ ਹੈ। ਸਮੁੱਚਾ ਮੂਲਮੰਤਰ ਅਕਾਲ ਪੁਰਖ ਦੇ ਨਿਰਗੁਣ ਸਰੂਪ ਦੀ ਪਰਿਭਾਸ਼ਾ ਦਾ ਵਖਿਆਨ ਹੈ। ਹਰ ਧੁਨੀ ਆਪਣੇ ਅੰਤਰੀਵ ਅਰਥਾਂ ਵਿਚ ਵਿਰਾਟ ਅਰਥ ਪਾਸਾਰ ਨੂੰ ਸਮੋਈ ਬੈਠੀ ਹੈ ਜੋ ਗੁਰੂ ਨਾਨਕ ਬਾਣੀ ਦੇ ਦਾਰਸ਼ਨਿਕ ਸਰੂਪ ਦੀ ਸ਼ਾਹਦੀ ਹੈ।

ਬ੍ਰਹਮ ਸਰੂਪ ਤੋਂ ਅੱਗੇ ਗੁਰੂ ਨਾਨਕ ਬਾਣੀ ਜਦ ਸ੍ਰਿਸ਼ਟੀ ਰਚਨਾ ਦੇ ਕਾਰਨ-ਕਾਰਜ ਪ੍ਰਕਰਣ ਦਾ ਉਲੇਖ ਕਰਦੀ ਹੈ ਤਾਂ ਸਹਿਜ ਹੀ ਇਸ ਅੰਦਰਲੀ ਗਲ ਕਥ ਗਹਿਨ ਪਰਤਵੀਂ ਗਲੇਫ਼ ਦੀ ਜਾਮਨ ਬਣਦੀ ਨਜ਼ਰ ਆਉਂਦੀ ਹੈ। ਸ੍ਰਿਸ਼ਟੀ ਰਚਨਾ ਦਾ ਮੁੱਦਾ ਆਰੰਭ ਤੋਂ ਹੀ ਇਕ ਸਵਾਲ ਬਣਿਆ ਰਿਹਾ ਹੈ। ਹਰ ਧਰਮ ਆਪਣੀ-ਆਪਣੀ ਪਹੁੰਚ ਦ੍ਰਿਸ਼ਟੀ ਵਿਚੋਂ ਇਸ ਸਵਾਲ ਦਾ ਜਵਾਬ ਲੱਭਣ ਲਈ ਨਿਰੰਤਰ ਪ੍ਰਯਤਨਸ਼ੀਲ ਵੀ ਰਿਹਾ ਹੈ। ਸਿੱਖ ਰਹੱਸਵਾਦ ਵੀ ਸ੍ਰਿਸ਼ਟੀ ਰਚਨਾ ਦੇ ਸੰਕਲਪ ਨਾਲ ਜੂਝਦਾ ਹੈ। ਨਤੀਜਨ ਵਿਭਿੰਨ ਪ੍ਰਕਾਰ ਦੀ ਜਵਾਬੀ ਸਪੱਸ਼ਟਤਾ ਉਜਾਗਰ ਹੁੰਦੀ ਹੈ। ਗੁਰੂ ਨਾਨਕ ਸਾਹਬ ਦਾ ਖਾਸਾ ਇਹ ਹੈ ਕਿ ਉਹ ਸ੍ਰਿਸ਼ਟੀ ਰਚਨਾ ਦੇ ਮਹਿਜ਼ ਦ੍ਰਿਸ਼ਟਮਾਨ ਵਰਤਾਰੇ 'ਤੇ ਆਧਾਰਿਤ ਹੀ ਕੋਈ ਟਿੱਪਣੀ ਨਹੀਂ ਕਰਦੇ ਬਲਕਿ ਪੂਰਵ ਸ੍ਰਿਸ਼ਟੀ ਦੀ ਸਾਪੇਖਤਾ ਸਹਿਤ ਇਸਦੇ ਕਾਰਨ-ਕਾਰਜੀ ਪ੍ਰਕਰਣ ਨਾਲ ਨਜਿੱਠਣ ਦਾ ਹੀਲਾ ਕਰਦੇ ਹਨ :

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜ
ਸੁੰਨ ਸਮਾਧਿ ਲਗਾਇਦਾ॥੧॥[3]

ਨਾਨਕ ਬਾਣੀ ਸ੍ਰਿਸ਼ਟੀ ਰਚਨਾ ਦੀ ਉਕਤ ਪੂਰਵਲੀ ਸਥਿਤੀ ਨੂੰ ਚਿਤਰਦਿਆਂ ਇਸਦੇ ਸਥਾਪਿਤ ਵਿਧਾਨ ਵਿਚਲੀ ਰਹੱਸਾਤਮਕ ਤਾਸੀਰ ਨੂੰ ਕਾਦਰ ਦੀ ਅਭੇਦਕ ਸਰਵ ਵਿਆਪਕਤਾ ਤਹਿਤ ਪ੍ਰਗਟਾਉਂਦੀ ਹੈ। ਕੁਦਰਤ ਅੰਦਰ ਕਾਦਰ ਵਿਦਮਾਨ ਹੈ। ਹਰ ਬ੍ਰਹਿਮੰਡਕ ਪਾਸਾਰ ਵਿਚ ਉਸਦੀ ਹੋਂਦ ਮੌਜੂਦ ਹੈ ਅਤੇ ਇਸ ਸ੍ਰਿਸ਼ਟੀ ਰਚਨਾ ਪਿੱਛੇ ਨਿਰੋਲ ਅਕਾਲ ਪੁਰਖ ਦਾ ਹੁਕਮ ਹੀ ਦਰਕਾਰ ਹੈ। "ਗੁਰੂ ਸਾਹਿਬ ਸ੍ਰਿਸ਼ਟੀ ਨੂੰ ਵੇਦਾਂ ਵਾਂਗ ਅਨਾਦੀ ਅਤੇ ਸਵੈ ਤੱਤ ਨਹੀਂ ਮੰਨਦੇ ਸਗੋਂ

ਇਸਨੂੰ ਪ੍ਰਭੂ ਦੀ ਰਚਨਾ ਮੰਨਦੇ ਹਨ।"[4] ਉਹ ਅਕਾਲ ਪੁਰਖ ਹੀ ਸ੍ਰਿਸ਼ਟੀ ਦਾ ਪਾਲਕ ਤੇ ਸੰਘਾਰਕ ਹੈ। ਆਸਾ ਦੀ ਵਾਰ ਬਾਣੀ ਇਸ ਪ੍ਰਸ਼ਨ ਦੀ ਜਵਾਬਦੇਹੀ ਕਰਦੀ ਹੈ :

ਆਪੀ ਨੇ ਆਪ ਸਾਜਿਓ, ਆਪੀ ਨੇ ਰਚਿਓ ਨਾਓ॥
ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ॥[5]

ਉਕਤ ਤੁਕਾਂ ਸ੍ਰਿਸ਼ਟੀ ਰਚਨਾ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਰੱਬੀ ਹੁਕਮ ਅਤੇ ਜ਼ੱਰੇ-ਜ਼ੱਰੇ ਵਿਚ ਉਸਦੀ ਹੋਂਦ ਦੇ ਅਦ੍ਰਿਸ਼ਟ ਪਾਸਾਰ ਨੂੰ ਬੜੀ ਸਹਿਜਤਾ ਨਾਲ ਰੂਪਮਾਨ ਕਰਦੀਆਂ ਹਨ। ਕੁਦਰਤ ਵਿਚੋਂ ਕਾਦਰ ਦੀ ਪੇਸ਼ੀਨਗੋਈ ਕਰਨ ਵਿਚ ਹੀ ਇਸਦਾ ਦਾਰਸ਼ਨਿਕ ਸੁਹਜ ਸ਼ੁਮਾਰ ਹੈ। ਜਦ ਗੁਰੂ ਜੀ ਕੁਦਰਤ ਨੂੰ ਅਜਿਹੇ ਅਰਥਾਂ ਵਿਚ ਸਿਰਜਦੇ ਹਨ ਤਾਂ ਪ੍ਰਕਿਰਤੀ ਉਨ੍ਹਾਂ ਦੇ ਵਿਚਾਰਾਤਮਕ ਸਪੱਸ਼ਟੀਕਰਨ ਦਾ ਵਿਸ਼ੇਸ਼ ਬਾਇਸ ਬਣਦੀ ਦ੍ਰਿਸ਼ਟੀਗੋਚਰ ਹੁੰਦੀ ਹੈ। ਮਸਲਨ ਕਰਮ-ਕਾਂਡੀ ਆਡੰਬਰ, ਕੂੜ ਬਿਰਤੀ ਦਾ ਭੰਜਨ ਅਤੇ ਚਰਿੱਤਰ ਸ਼ੁੱਧਤਾ ਤੇ ਉਚਤਾ ਦਾ ਸੰਕਲਪ ਪ੍ਰਕਿਰਤਿਕ ਛੋਹਾਂ ਦੇ ਹਵਾਲੇ ਰਾਹੀਂ ਸਾਕਾਰ ਹੁੰਦੇ ਹਨ, ਆਰਤੀ ਬਾਣੀ ਇਸਦੀ ਪ੍ਰਤੱਖ ਮਿਸਾਲ ਹੈ। ਜਿਸ ਤਹਿਤ ਪ੍ਰਕਿਰਤੀ ਰਹੱਸਾਤਮਕ ਸੁਚਿੱਤਰ ਗ੍ਰਹਿਣ ਕਰਦੀ ਅਭੀਵਿਅਕਤ ਹੁੰਦੀ ਹੈ। ਮਸਲਨ "ਗਗਨ ਮਹਿ ਥਾਲੁ ਰਵਿ ਚੰਦੁ ਦੀਪਕ ਬਨੇ। ਤਾਰਿਕਾ ਮੰਡਲ ਜਨਕ ਮੋਤੀ" ਜਿਹੇ ਸੰਵਾਦਕ ਬਿਆਨ ਸਾਡੇ ਸਾਹਮਣੇ ਹਨ।

ਸ੍ਰਿਸ਼ਟੀ ਦੇ ਨਾਲ ਹੀ ਮਾਇਆ ਸ਼ਬਦ ਵੀ ਅਚੇਤ ਪੱਧਰ 'ਤੇ ਜੁੜਿਆ ਹੋਇਆ ਹੈ। ਮਾਇਆ ਸੰਕਲਪ ਜਦ ਗੁਰੂ ਨਾਨਕ ਸਾਹਬ ਦੀ ਚਿੰਤਨ ਪ੍ਰੇਰਨਾ ਵਿਚੋਂ ਪੇਸ਼ ਹੁੰਦਾ ਹੈ ਤਾਂ ਪੂਰਵਲੇ ਸਥਾਪਿਤ ਸਿਧਾਤਾਂ ਤੋਂ ਆਪਣੀ ਵਿੱਥ ਕਾਇਮ ਕਰਦਾ ਹੈ। ਇਹ ਵਿੱਥ ਮਾਇਆ ਸੰਕਲਪ ਦੇ ਯਥਾਰਥਕ ਜਾਂ ਅਣਯਥਾਰਥਕ ਭੁਲੇਖੇ ਦੇ ਸਪੱਸ਼ਟੀਕਰਨ ਵਿਚ ਮਹਿਦੂਦ ਹੈ। ਪੂਰਵਲੀ ਰਹੱਸਾਤਮਕ ਸਿਧਾਂਤ ਵਿਧੀ ਮਾਇਆ ਨੂੰ 'ਸ਼ਕਤੀ' ਦੇ ਰੂਪ ਵਿਚ ਤਸੱਵਰ ਕਰਦੀ ਹੈ। ਵੈਦਿਕ ਵਿਧਾਨ ਤਹਿਤ ਜਗਤ ਜਾਂ ਸੰਸਾਰ ਕੋਈ ਭਰਮ, ਭੁਲੇਖਾ ਜਾਂ ਛਲਾਵਾ ਮਾਤਰ ਨਹੀਂ ਸਗੋਂ ਪਰਮ ਸ਼ਕਤੀ ਦਾ ਵਿਕਸਿਤ ਰੂਪ ਹੈ। ਪਰੰਤੂ ਗੁਰੂ ਨਾਨਕ ਬਾਣੀ ਮਾਇਆ ਸੰਕਲਪ ਦੇ ਅੰਤਰਗਤ ਸਮੂਹ ਜਗਤ ਜਾਂ ਸੰਸਾਰ ਨੂੰ ਵਿਚਾਰਦੀ ਸਮੱਸਤ ਹਿੱਸੇ ਨੂੰ ਸ਼ਕਤੀ ਜਾਂ ਪਰਮ ਪਿਤਾ ਦਾ ਪ੍ਰਤੀਰੂਪ ਨਹੀਂ ਸਵੀਕਾਰਦੀ ਬਲਕਿ ਕਾਲਿਕ ਅਤੇ ਸੀਮਿਤ ਰੂਪ ਨੂੰ ਮਾਇਆ ਦੇ ਹਿੱਸੇ ਵਿਚ ਗਿਣਦੀ ਹੈ। 'ਮਾਇਆ' ਜੋ ਮਨੁੱਖ ਨੂੰ ਯਥਾਰਥ ਨਾਲੋਂ ਬੇਮੁਖ ਕਰਦੀ ਹੈ। ਅਸਲੀਅਤ ਦਾ ਦੂਜਾ ਪਾਸਾ ਮਾਇਆ ਹੈ। ਮਨੁੱਖੀ ਇੰਦਰੀਆਂ ਤੋਂ ਅਪਹੁੰਚ ਅਰਥਾਤ

ਬ੍ਰਹਮ ਸਰੂਪ ਸ੍ਰਿਸ਼ਟੀ ਹਿੱਸਾ ਹੀ ਓਸ ਪਰਮ ਪਿਤਾ ਦਾ ਪ੍ਰਤੀਰੂਪ ਹੈ। ਲੇਕਿਨ ਜੋ ਸੀਮਤ ਹਿੱਸਾ ਮਨੁੱਖੀ ਪਹੁੰਚ ਵਿਚ ਯਥਾਰਥ ਬਣ ਜਾਂਦਾ ਹੈ ਜਾਂ ਜਿਸ ਅਯਥਾਰਥ ਨੂੰ ਮਨੁੱਖ ਯਥਾਰਥ ਮੰਨ ਉਸ ਵਿਚ ਗਲਤਾਨ ਹੋਣ ਦੀ ਹੋੜ ਦਾ ਪਾਂਧੀ ਬਣ ਜਾਂਦਾ ਹੈ, ਉਹ ਨਾਨਕ ਬਾਣੀ ਅਨੁਸਾਰ ਮਾਇਆ ਹੈ:

"ਮਨੁ ਮਾਇਆ ਬੰਧਿਓ ਸਰ ਜਾਲਿ॥

ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ॥[6]

"ਜਿਹੜਾ ਮਨੁੱਖ ਰੱਬ ਦੇ ਹੁਕਮ ਨੂੰ ਨਹੀਂ ਮੰਨਦਾ ਸਗੋਂ ਆਪਣੇ ਮਨ ਦੇ ਚਲਾਏ ਚਲਦਾ ਹੈ ਉਸਦਾ ਸਿਰਜਿਆ ਸਭ ਕੁਝ ਹੀ 'ਮਾਇਆ' ਹੈ। ਗੁਰਬਾਣੀ ਅਨੁਸਾਰ ਮਨਮੁੱਖ 'ਮਾਇਆ' ਦੇ ਗੁਬਾਰ ਵਿਚ ਫਸਿਆ ਹੋਇਆ ਹੈ।"[7] ਸੋ 'ਮਾਇਆ' ਸੰਕਲਪ ਗੁਰੂ ਸਾਹਬ ਦੀ ਦ੍ਰਿਸ਼ਟੀ ਵਿਚ 'ਸੁਮੇਲਤਾ' ਦਾ ਵਾਹਕ ਹੈ, ਜਿਸ ਨੂੰ ਗੁਰੂ ਸਾਹਬ 'ਸ਼ਕਤੀ' ਅਤੇ 'ਭਰਮ' ਦੋਹਾਂ ਰੂਪਾਂ ਵਿਚ ਪ੍ਰਗਟਾਉਂਦੇ ਹਨ।

ਸਤਿ ਦੀ ਪਛਾਣ ਕਰਨਾ ਗੁਰਮਤਿ ਸਿਨਫ਼ ਦਾ ਕੇਂਦਰ ਬਿੰਦੂ ਰਿਹਾ ਹੈ ਅਤੇ ਸਤਿ ਤੱਕ ਪਹੁੰਚਣ ਲਈ 'ਗੁਰੂ' ਦੀ ਲੋੜ ਨੂੰ ਵਿਸ਼ੇਸ਼ ਤੌਰ 'ਤੇ ਪਰਵਾਨਿਆ ਗਿਆ ਹੈ। ਆਦਿ ਕਾਲ ਤੋਂ ਹੀ 'ਗੁਰੂ' ਪ੍ਰਤੀ ਆਦਰ ਭਾਵ ਸ਼ਰਧਾਮੂਲਕ ਰਿਹਾ ਹੈ। ਹਰ ਰਹੱਸਾਤਮਕ ਸਿਨਫ਼ ਵਿਚ ਗੁਰੂ ਪ੍ਰਤੀ ਅਥਾਹ ਪ੍ਰੇਮ ਭਾਵਨਾ ਪ੍ਰਗਟ ਹੁੰਦੀ ਆਈ ਹੈ। ਗੁਰੂ ਹੀ ਇੱਛਾਪੂਰਕ, ਦੁੱਖਹਰਤਾ ਤੇ ਮਾਰਗਦਰਸ਼ਕ ਰਿਹਾ ਹੈ।

ਸਤਿਗੁਰੂ ਹੋਇ ਦਇਆਲੁ ਤ ਸਰਧਾ ਪੂਰੀਐ॥

ਸਤਿਗੁਰੂ ਹੋਇ ਦਇਆਲੁ ਨਾ ਕਬਹੂੰ ਝੂਰੀਐ॥[8]

ਗੁਰੂ ਲਫ਼ਜ਼ ਸ਼ਾਬਦਿਕ ਮਾਇਨਿਆਂ ਤੋਂ ਹੀ ਹਨ੍ਹੇਰਾ ਦੂਰ ਕਰ ਚਾਨਣ/ ਰੋਸ਼ਨੀ ਪ੍ਰਦਾਨ ਕਰਨਾ ਦਾ ਸੂਚਕ ਹੈ। ਗੁਰੂ ਦੀ ਟੇਕ ਜਾਂ ਗੁਰੂ ਧਾਰਨ ਕਰਨਾ ਹਰ ਜਗਿਆਸੂ ਲਈ ਲਾਜ਼ਮੀ ਰਿਹਾ ਹੈ। ਗੁਰਮਤਿ ਵਿਚ ਗੁਰੂ ਤੋਂ ਬਿਨਾਂ ਭਰਮ ਮੁਕਤੀ ਸੰਭਵ ਨਹੀਂ। ਕੇਵਲ ਗੁਰੂ ਹੀ ਹੈ ਜੋ ਅੰਧਕਾਰ ਦੇ ਪਸਾਰੇ ਵਿਚੋਂ ਗਿਆਨ ਦੀਆਂ ਕਿਰਨਾਂ ਸਦਕਾ ਸਾਡੀ ਸਾਰਥਕ ਜੀਵਨ ਤੋਰ ਅਤੇ ਆਤਮ-ਅਨਾਤਮ ਦੇ ਆਪਸੀ ਸੁਮੇਲ ਦਾ ਵਸੀਲਾ ਬਣ ਸਕਦਾ ਹੈ।

ਬਿਨੁ ਗੁਰ ਭਰਮੈ ਆਵੈ ਜਾਇ॥

ਬਿਨੁ ਗੁਰ ਤ੍ਰਿਪਤਿ ਨਹੀਂ ਬਿਖੁ ਖਾਇ॥

ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ॥

ਨਾਨਕ ਗੁਰ ਬਿਨੁ ਘਾਟੇ ਘਾਟ॥[9]

ਧਰਮ, ਅਰਥ, ਕਾਮ, ਮੋਕਸ਼ ਦੀ ਪ੍ਰਾਪਤੀ ਲਈ ਗੁਰੂ ਇਕ ਐਸੀ ਬੁਨਿਆਦੀ ਸ਼ਰਤ ਹੈ ਜਿਸ ਦੀ ਯੋਗ ਅਗਵਾਈ ਵਿਚੋਂ ਹੀ ਸਾਧਕ ਪਰਮ ਪਿਤਾ ਅਤੇ ਸੰਤੋਸ਼ ਦੁਆਰ ਤੱਕ ਆਪਣੀ ਪਹੁੰਚ ਸੰਭਵ ਕਰ ਸਕਦਾ ਹੈ। ਗੁਰੂ ਇਕ ਤਰ੍ਹਾਂ ਨਾਲ ਅਜਿਹਾ ਤੀਰਥ ਹੈ, ਪਾਪ ਹਰਤਾ ਹੈ। 'ਗੁਰੂ' ਨੂੰ ਗੁਰੂ ਨਾਨਕ ਸਾਹਬ ਇਕ ਅਜਿਹੀ ਪਉੜੀ, ਅਜਿਹੀ ਬੇੜੀ, ਅਜਿਹੀ ਤੁਲ੍ਹੇ ਨਾਲ ਤੁਲਨਾ ਦਿੰਦੇ ਹਨ ਜੋ ਮਨੁੱਖ ਨੂੰ ਆਪਣੀ ਕਿਰਪਾਦ੍ਰਿਸ਼ਟੀ ਨਾਲ ਮਾਇਆ ਦੇ ਭਰਮ ਚੱਕਰ ਵਿਚੋਂ ਕੱਢ ਕੇ ਅਸਲ ਦੇ ਘਰ ਦਾ ਵਾਸੀ ਬਣਾ ਦਿੰਦਾ ਹੈ।

ਨਾਨਕ ਬਾਣੀ ਅਨੁਸਾਰ ' ਜੀਵ ' ਦੇ ਪਰਿਭਾਸ਼ਾਗਤ ਮਾਡਲ ਵਿਚੋਂ ਵੀ ਦਾਰਸ਼ਨਿਕਤਾ ਦੀ ਭਾਅ ਨੂੰ ਸੁਭਾਵਿਕ ਹੀ ਦੇਖਿਆ ਜਾ ਸਕਦਾ ਹੈ। ਜੀਵ ਪੰਜ ਤੱਤਾਂ ਦੀ ਬਣੀ ਹੋਈ ਅਜਿਹੀ ਸਰੀਰਕ ਹੋਂਦ ਹੈ ਜੋ ਪਰਮ ਲਕਸ਼ ਤਹਿਤ ਹੋਂਦ ਗ੍ਰਹਿਣ ਕਰਦੀ ਹੈ। ਆਰੰਭ ਤੋਂ ਹੀ ਜੀਵ ਬਾਰੇ ਵਿਭਿੰਨ ਪ੍ਰਕਾਰ ਦੀਆਂ ਧਾਰਨਾਵਾਂ ਪ੍ਰਚਲਿਤ ਰਹੀਆਂ ਹਨ। ਮਸਲਨ 'ਜੈਨੀ' ਜੀਵ ਦਾ ਅਰਥ ਆਤਮਾ ਤੋਂ ਲੈਂਦੇ ਹਨ। ਰਾਮਾਨੁਜ ਦੇ ਵਿਸ਼ਿਸ਼ਟਅਦਵੈਤ ਅਨੁਸਾਰ ਜੀਵ ਈਸ਼ਵਰ ਤੋਂ ਭਿੰਨ ਹਸਤੀ ਹੈ। ਜੀਵ ਹਸਤੀ ਦੀ ਈਸ਼ਵਰ ਉਪਰ ਨਿਰਭਰਤਾ ਹੈ। ਵਲਭ ਦੀ ਸ਼ੁਧ ਅਦਵੈਤ ਵਿਚਾਰਧਾਰਾ ਅਨੁਸਾਰ ਜੀਵ ਬ੍ਰਹਮ ਤੋਂ ਹੀ ਉਤਪਤ ਜੈਵਿਕ ਹੋਂਦ ਹੈ। ਕੁਲ ਮਿਲਾ ਕੇ ਸਮੂਹ ਵਿਚਾਰਧਾਰਾਵਾਂ 'ਜੀਵ' ਨੂੰ ਨਿਰੋਲ ਆਤਮਾ ਜਾਂ ਬ੍ਰਹਮ ਅੰਸ਼ ਮੰਨਦੀਆਂ ਰਹੀਆਂ ਹਨ। ਪਰ ਗੁਰੂ ਨਾਨਕ ਬਾਣੀ ਵਿਚ ਜੀਵ ਸੰਬੰਧੀ ਵਿਆਖਿਆ ਪੂਰਵਲੀਆਂ ਧਾਰਨਾਵਾਂ ਤੋਂ ਕੁਝ ਭਿੰਨ ਹੈ। ਗੁਰੂ ਨਾਨਕ ਸਾਹਬ ਜੀਵ ਨੂੰ ਇਕਹਿਰੇ ਜੁੱਜ ਵਜੋਂ ਨਹੀਂ ਦੇਖਦੇ ਸਗੋਂ ਇਸਨੂੰ 'ਸਮਗ੍ਰਤਾ' ਵਿਚ ਵਾਚਦੇ ਹਨ। ਅਰਥਾਤ ਇਸਦੀ ਬਾਹਰੀ ਅਤੇ ਅੰਦਰੂਨੀ ਆਪਸੀ ਦਵੰਦਾਤਮਕ ਬਣਤਰ ਵਿਚੋਂ ਇਸਦੀ ਪਰਿਭਾਸ਼ਾ ਨਿਰਧਾਰਿਤ ਕਰਦੇ ਹਨ। ਬਾਹਰਮੁਖੀ ਦ੍ਰਿਸ਼ਟੀਕੋਣ ਤੋਂ ਜੀਵ ਇਕ 'ਬਣਤ' ਮਾਤਰ ਹੈ ਜੋ ਜੀਉ (ਆਤਮਾ) ਨੂੰ ਤਨ (ਸ਼ਰੀਰ) ਵਿਚ ਸਾਜਣ ਨਾਲ ਹੋਂਦ ਗ੍ਰਹਿਣ ਕਰਦੀ ਹੈ ਅਤੇ ਅੰਤਰਮੁਖੀ ਦ੍ਰਿਸ਼ਟੀਕੋਣ ਤੋਂ ਜੀਵ ਦਾ ਅੰਦਰੂਨੀ ਹਿੱਸਾ 'ਆਤਮ' ਵਿਚ ਅਦ੍ਰਿਸ਼ਟ ਰੂਪ ਵਿਚ ਜਗਦੀ ਅਨਾਤਮ ਜੋਤ ਨਾਲ ਅਭੇਦ ਹੋਣ ਦਾ 'ਘਰ' ਹੈ। 'ਜੀਵ' ਹੋਂਦ ਸ਼ਰੀਰ ਅਤੇ ਆਤਮਾ ਦੋਹਾਂ ਦੇ ਸੁਮੇਲ ਵਿਚ ਸੰਭਵ ਹੈ। ਗੁਰੂ ਨਾਨਕ ਬਾਣੀ ਜੀਵ ਦੇ ਅਜਿਹੇ ਯਥਾਰਥਕ ਚਿਤਰਨ ਦੇ ਨਾਲ-ਨਾਲ ਉਸਦੀ ਇਸ ਹੋਂਦ ਦੀ ਪ੍ਰਿਸ਼ਠਭੂਮੀ ਵਿਚ ਵਿਦਮਾਨ ਪਰਮ

ਲਕਸ਼ ਪ੍ਰਤੀ ਚੇਤਨਾ ਪ੍ਰਵਾਹਿਤ ਕਰਦੇ ਹਨ। ਜੀਵ ਨੂੰ ਸ਼ਰੀਰ ਦੇ ਰੂਪ ਵਿਚ ਦੇਖਣ ਪਿੱਛੇ ਗੁਰੂ ਨਾਨਕ ਸਾਹਬ ਦਾ ਚਿੰਤਨ ਮੰਥਨ ਕਰਮ ਫਲ ਨਾਲ ਜੁੜਦਾ ਹੈ ਜਿਸਨੂੰ ਦੇਹ ਰੂਪੀ ਸਥੂਲ ਵਸਤ ਵਿਚੋਂ ਹੀ ਸਾਕਾਰ ਕੀਤਾ ਜਾ ਸਕਦਾ ਹੈ। " 'ਸ਼ਰੀਰ' ਤੋਂ ਬਿਨਾਂ, ਅਸਲੀਅਤ ਦੀ ਖੋਜ ਸੰਭਵ ਨਹੀਂ, ਕਿਉਂ ਜੋ ਸ਼ਰੀਰ ਰਹਿਤ ਜੀਵ ਆਤਮਾ ਕੇਵਲ ਜੀਵ ਆਤਮਾ ਹੀ ਹੁੰਦੀ ਹੈ, 'ਜੀਵ' ਨਹੀਂ।"[10] 'ਜੀਵ' ਅੰਦਰ ਹੀ ਬ੍ਰਹਮ, ਏਕਤਾ ਅਤੇ ਹਉਮੈਂ ਦਾ ਸੰਭਾਵਨਾ ਹੋ ਸਕਦੀ ਹੈ। ਜੀਵ ਨੂੰ 'ਨਗਰੀ' ਦੀ ਸੰਗਿਆ ਨਾਲ ਤੁਲਨਾਉਂਦਿਆਂ ਪਰਮ ਪਿਤਾ ਨੂੰ ਇਸਦੇ ਰਾਜੇ ਦੇ ਰੂਪ ਵਿਚ ਪੇਸ਼ ਕਰਦਿਆਂ ਗੁਰੂ ਸਾਹਬ ਫੁਰਮਾਉਂਦੇ ਹਨ :

"ਕਾਇਆ ਨਗਰੁ ਨਗਰ ਗੜ ਅੰਦਰਿ॥
ਸਾਚਾ ਵਾਸਾ ਪੁਰਿ ਗੰਗਨਦਰਿ॥ ......
ਭੀਤਰਿ ਕੋਟ ਗੁਫਾ ਘਰ ਜਾਈ॥
ਠਾਉ ਘਰ ਥਾਪੇ ਹੁਕਮਿ ਰਜਾਈ॥
ਦਸਵੈ ਪੁਰਖੁ ਅਲੇਖੁ ਅਪਾਰੀ
ਆਪੇ ਅਲਖ ਲਖਾਇਦਾ॥"[11]

ਜੀਵ ਦੇ ਜੀਵਨ ਉਧਾਰ ਲਈ ਨਾਮ ਸਿਮਰਨ ਬੁਨਿਆਦੀ ਸ਼ਰਤ ਹੈ। ਨਾਮ-ਸਿਮਰਨ ਗੁਰਮਤਿ ਦੀ ਕੇਂਦਰੀ ਇਕਾਈ ਹੈ। ਨਾਨਕ ਬਾਣੀ ਨਾਮ ਸਿਮਰਨ ਦੀ ਮਹੱਤਤਾ ਅਤੇ ਮਹਾਤਮ ਨੂੰ ਪ੍ਰਸਤੁਤ ਕਰਦੀ ਹੋਈ ਅੰਦਰਲੇ ਰਹੱਸਾਤਮਕ ਖ਼ਾਮੀਰ ਦੀ ਤਰਜ਼ਮਾਨੀ ਕਰਦੀ ਹੈ। 'ਨਾਮ' ਨੂੰ 'ਸਤਿਨਾਮ' ਦੀ ਸੰਗਿਆ ਤਹਿਤ ਮੂਲ ਮੰਤਰ ਬਾਣੀ, ਦੇ ਆਰੰਭ ਤੋਂ ਹੀ ਪਰਿਭਾਸ਼ਿਤ ਕਰ ਦਿੱਤਾ ਜਾਂਦਾ ਹੈ, ਜਿੱਥੇ ਨਾਮ ਕੇਵਲ ਸਤਿ ਦਾ ਧਾਰਣੀ ਹੈ। ਸਿਮਰਨ, ਉਸ ਅਕਾਲ ਪੁਰਖ ਦੀ ਵੰਦਨਾ ਹਿੱਤ ਯਾਦ ਕਰਨ ਜਾਂ ਧਿਆਉਣ ਦੀ ਬਿਰਤੀ ਨਾਲ ਸੰਬੰਧਿਤ ਹੈ। ਭਾਰਤੀ ਚਿੰਤਨ ਪ੍ਰਣਾਲੀ ਵਿਚ ਨਾਮ ਸਿਮਰਨ ਸ਼ੁਰੂ ਤੋਂ ਹੀ ਚਰਚਾ ਦਾ ਬਾਇਸ ਰਿਹਾ ਹੈ। ਜਦ ਅਸੀਂ ਨਾਮ-ਸਿਮਰਨ ਸੰਕਲਪ ਨੂੰ ਦਰਸ਼ਨ ਦੇ ਘੇਰੇ ਵਿਚ ਵਾਚਦੇ ਹਾਂ ਤਾਂ ਇਹ ਧੁਨੀ ਨਿਰੋਲ 'ਰਟਨ' ਤੱਕ ਸੀਮਿਤ ਨਾ ਰਹਿ ਕੇ ਸਾਧਨਾ ਬਿਰਤੀ ਨਾਲ ਜੁੜ ਜਾਂਦੀ ਹੈ। "ਸਿੱਖ ਰਹੱਸਵਾਦ ਦੇ ਸੰਦਰਭ ਵਿਚ ਨਾਮ-ਸਿਮਰਨ ਨਾ ਹੀ ਨਿਸ਼ਚਤਿ ਫਲ ਪ੍ਰਾਪਤੀ ਲਈ ਮੰਤ੍ਰ ਸਾਧਨ ਹੈ ਅਤੇ ਨਾ ਹੀ ਸਮਾਧੀ ਲਗਾਉਣ ਲਈ ਅਗਾਊਂ ਤਿਆਰੀ ਹੈ। ਸਮਾਧੀ ਦੀ ਪ੍ਰਵਾਨਿਤ ਵਿਆਖਿਆ ਚਿੱਤ ਦੀਆਂ ਵ੍ਰਿਤੀਆਂ ਦੇ ਨਿਰੋਧ ਲਈ ਕੀਤੀ ਨਿਸ਼ਚਿਤ ਧਿਆਨਮਈ ਸਾਧਨਾ ਹੈ।"[12]

ਅਧਿਆਤਮਕ ਰਹੱਸ ਅਨੁਸਾਰ ਜੀਵ ਹਸਤੀ ਦਾ ਪਰਮ ਲਕਸ਼ ਮੋਕਸ਼/ਮੁਕਤੀ ਪ੍ਰਾਪਤ ਕਰਨਾ ਹੈ। ਮੁਕਤੀ/ਨਿਰਵਾਣ ਤੱਕ ਦੇ ਅਧਿਆਤਮਕ ਸਫ਼ਰ ਨੂੰ ਨਾਨਕ ਬਾਣੀ ਪੰਜ ਖੰਡਾਂ ਦੇ ਹਵਾਲੇ ਰਾਹੀਂ ਬੜੀ ਸਮਗ੍ਰਤਾ ਨਾਲ ਪ੍ਰਸਤੁਤ ਕਰਦੀ ਹੈ। ਪੰਜ ਖੰਡ ਕ੍ਰਮਵਾਰ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚ ਖੰਡ ਦੇ ਰੂਪ ਵਿਚ ਹਨ। ਹਰ ਖੰਡ ਸਾਧਕ ਦੇ ਅਧਿਆਤਮਕ ਪੜਾਅ ਦੀ ਡੰਡਾਦਰ ਪੌੜੀ ਹੈ। ਜੀਵ ਧਰਮ ਖੰਡ ਵਿਚੋਂ ਆਪਣੇ ਫ਼ਰਜ਼ਾਂ ਤੇ ਕਰਤਵਾਂ ਪ੍ਰਤੀ ਚੇਤਨ ਹੁੰਦਾ ਹੈ। ਹੁਕਮ ਦੀ ਪਾਲਣਾ ਇਸੇ ਖੰਡ ਦਾ ਹਿੱਸਾ ਹੈ। ਆਪਣੇ ਧਰਮ ਪ੍ਰਤੀ ਚੇਤੰਨਤਾ ਵਿਚੋਂ ਉਸ ਅੰਦਰ ਜਾਨਣ ਦੀ ਲਿਲਕ / ਜਗਿਆਸਾ ਉਤਪੰਨ ਹੁੰਦੀ ਹੈ ਜਿਸ ਨੂੰ ਗਿਆਨ ਖੰਡ ਰਾਹੀਂ ਸਮਝਾਇਆ ਗਿਆ ਹੈ। ਇਸ ਖੰਡ ਵਿਚ ਸਾਧਕ ਅੰਦਰ ਗਿਆਨ ਪ੍ਰਾਪਤੀ ਦੀ ਲੋਚਾ ਸਦਕਾ ਅਨਹਦ ਨਾਦ ਗੂੰਜਣ ਲਗਦੇ ਹਨ। "ਜਦ ਸਾਧਕ ਬੇਅੰਤਤਾ ਦੇ ਰੂਬਰੂ ਖੜ੍ਹੋਂਦਾ ਹੈ ਤਾਂ ਉਸ ਦਾ ਸੁਭਾਵਿਕ ਪ੍ਰਤੀਕਰਮ ਆਨੰਦ ਦਾ ਹੁੰਦਾ ਹੈ। ਇਹ ਆਨੰਦ ਇਕ ਤਰ੍ਹਾਂ ਦਾ ਸੁਹਜਾਤਮਕ ਅਨੁਭਵ ਹੈ। ਬੇਅੰਤਤਾ ਜਦੋਂ ਬਹੁਤ ਇਕਾਗਰ ਰੂਪ ਵਿਚ ਪੇਸ਼ ਹੋਵੇ ਤਾਂ ਸੁੰਦਰਤਾ ਦਾ ਪ੍ਰਭਾਵ ਦਿੰਦੀ ਹੈ। ਸੁੰਦਰਤਾ ਬੇਅੰਤਤਾ ਦਾ ਮਾਨੋ ਇਕ ਰੂਪਾਂਤਰ ਹੈ।"[13] ਸਰਮ ਖੰਡ ਅੰਦਰ ਮਨ ਵਿਚ ਸ਼ੁੱਧਤਾ ਤੇ ਨੇਕੀ ਦੇ ਭਾਵਾਂ ਦਾ ਪ੍ਰਵਾਹ ਚਲਦਾ ਹੈ। ਕਰਮ ਖੰਡ ਵਿਚ ਨੇਕ ਰੂਹ ਨਾਲ ਕੀਤੇ ਨੇਕ ਅਮਲਾਂ ਕਾਰਨ ਜੀਵ ਅੰਦਰ ਸੰਪੂਰਨਤਾ ਦਾ ਭਾਵ ਉਜਾਗਰ ਹੁੰਦਾ ਹੈ ਅਤੇ ਇਸੇ ਸੰਪੂਰਨਤਾ ਵਿਚੋਂ ਜਗਤ ਜੋਤ ਪ੍ਰਤੀ ਸੋਝੀ ਹਾਸਲ ਹੋਈ ਸੋਝੀ ਸਦਕਾ ਸਾਧਕ ਸੱਚ ਖੰਡ ਦਾ ਵਾਸੀ ਹੋ ਜਾਂਦਾ ਹੈ।

ਆਤਮਾ ਤੋਂ ਪਰਮ ਆਤਮਾ ਵਿਚ ਲੀਨ ਹੋਣ ਦੇ ਇਸ ਅਧਿਆਤਮਕ ਸਫ਼ਰ ਦੀ ਖੰਡ ਮੂਲਕ ਬਿਆਨਬਾਜ਼ੀ ਨਾਨਕ ਬਾਣੀ ਦੇ ਰਹੱਸਾਤਮਕ ਖ਼ਾਮੀਰ ਨੂੰ ਵਧੇਰੇ ਪੁਖ਼ਤਾ ਕਰਦੀ ਹੈ।

ਇਸ ਤਰ੍ਹਾਂ ਉਕਤ ਵਿਚਾਰ ਵਿਮਰਸ਼ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਨਾਨਕ ਬਾਣੀ ਦੀ ਤਾਸੀਰ ਅੰਦਰਲੀ ਰਹੱਸਾਤਮਕ ਅਨੁਭੂਤੀ ਸਤਿ, ਸੌਂਦਰਯ, ਬ੍ਰਹਮ ਅਤੇ ਬਾਣੀ ਨੂੰ ਅਭੇਦਤਾ ਦੇ ਸਾਂਚੇ ਵਿਚ ਢਾਲ ਵਿਸ਼ੇਸ਼ ਸੁਹਜ ਦਾ ਹਾਸਿਲ ਬਣਦੀ ਹੈ।

## ਹਵਾਲੇ ਤੇ ਟਿੱਪਣੀਆਂ

1. ਰਾਏ ਜਸਬੀਰ ਸਿੰਘ (ਸੰਪਾ.), ਗੁਰੂ ਨਾਨਕ ਬਾਣੀ ਤੇ ਵਿਚਾਰਧਾਰਾ, ਪੰਨਾ 1.
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1.
3. ਡਾ. ਜਾਗੀਰ ਸਿੰਘ, ਨਾਨਕ ਬਾਣੀ ਵਿਚ ਮਾਇਆ ਦਾ ਸੰਕਲਪ, ਪੰਨਾ 32.
4. ਉਹੀ, ਪੰਨਾ 32.
5. ਉਹੀ, ਪੰਨਾ 34.
6. ਬਿਲਾਵਲ ਮਹਲਾ ਪਹਿਲਾ (੧), ਗੁਰੂ ਗ੍ਰੰਥ ਸਾਹਿਬ ਜੀ, ਮਨਮੁਖਿ ਮੋਹਿ ਗੁਬਾਰਿ ਜਿਉ ਭੁਲਾ ਮੰਝਿ ਵਣੀ॥ ਪੰਨਾ 83.
7. ਵਾਰ ਮਲਾਰ ਮਹਲਾ।, ਗੁਰੂ ਗ੍ਰੰਥ ਸਾਹਿਬ, ਪੰਨਾ 1283.
8. ਡਾ. ਗੁਰਦੇਵ ਸਿੰਘ, ਗੁਰੂ ਨਾਨਕ ਵਿਚਾਰ ਅਤੇ ਕਾਵਿ ਕਲਾ, ਪੰਨਾ 197.
9. ਉਹੀ, ਪੰਨਾ 198.
10. ਡਾ. ਗੁਰਬਖ਼ਸ਼ ਕੌਰ ਕਲਸੀ, ਗੁਰੂ ਨਾਨਕ ਦੇਵ ਜੀ ਦਾ ਬ੍ਰਹਮ ਦਾ ਸੰਕਲਪ, ਪੰਨਾ 122.
11. ਉਹੀ, ਪੰਨਾ 120.
12. ਡਾ. ਬਲਕਾਰ ਸਿੰਘ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਤੇ ਆਧਾਰਿਤ "ਸਿੱਖ ਰਹੱਸਵਾਦ ਦਾ ਸਰੂਪ", ਗੁਰਮਤਿ ਪ੍ਰਕਾਸ਼, ਜਿਲਦ-63, ਪੰਨਾ 43.
13. ਬ੍ਰਹਮ ਜਗਦੀਸ਼ ਸਿੰਘ, ਗੁਰੂ ਨਾਨਕ ਬਾਣੀ ਸਾਹਿਤਿਕ ਪਰਿਪੇਖ, ਪੰਨਾ 74.

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਮਾਜਵਾਦੀ ਦ੍ਰਿਸ਼ਟੀਕੋਣ

**ਪ੍ਰੋ. ਰਾਕੇਸ਼ ਕੁਮਾਰ**

ਸਹਾਇਕ ਪ੍ਰੋਫੈਸਰ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿੱਠੜਾ (ਕਪੂਰਥਲਾ)

---

ਗੁਰੂ ਨਾਨਕ ਦੇਵ ਜੀ ਬ੍ਰਹਮ ਗਿਆਨੀ, ਮਹਾਨ ਚਿੰਤਕ ਅਤੇ ਰਹੱਸਵਾਦੀ ਸਾਹਿਤਕਾਰ ਹੋਏ ਹਨ। ਉਨ੍ਹਾਂ ਨੂੰ ਪ੍ਰਮੁੱਖ ਰੂਪ ਵਿਚ ਸੰਤ, ਭਗਤ ਅਤੇ ਸ਼ਾਤੀ ਦੇ ਪੁੰਜ ਦੇ ਰੂਪ ਵਿੱਚ ਵੀ ਵੇਖਿਆ ਤੇ ਚਿਤਰਿਆ ਜਾਦਾ ਰਿਹਾ ਹੈ। ਗੁਰੂ ਸਾਹਿਬ ਦੀ ਸ਼ਖਸੀਅਤ ਇੰਨੀ ਵਿਸ਼ਾਲ ਹੈ ਕਿ ਉਨਾਂ ਦੇ ਜੀਵਨ ਦੇ ਹਰ ਪਹਿਲੂ ਵਿਚ ਵਚਿਤਰਤਾ ਦਿਖਾਈ ਦਿੰਦੀ ਹੈ। ਉਹਨਾ ਦੀ ਮਹਾਨ ਸ਼ਖਸੀਅਤ ਦਾ ਇਕ ਮਹਾਨ ਪੱਖ ਹੈ ਸਮਾਜ -ਸੁਧਾਰਕ।

ਜਦੋ ਗੁਰੂ ਨਾਨਕ ਦੇਵ ਜੀ ਜਨਮ ਹੋਇਆ ਉਸ ਸਮੇ ਇਸ ਧਰਤੀ ਉਪਰ ਬਹੁਤ ਸਾਰੇ ਅੰਧ ਵਿਸ਼ਵਾਸ,ਪਾਖੰਡ ਤੇ ਵਹਿਮ ਭਰਮ ਫੈਲੇ ਹੋਏ ਸਨ। ਜਾਤ-ਪਾਤ, ਛੂਤ-ਛਾਤ ਤੇ ਅਮੀਰੀ -ਗਰੀਬੀ ਦਾ ਭੇਦ ਭਾਵ ਬਹੁਤ ਸੀ। ਜਦੋ ਗੁਰੂ ਸਾਹਿਬ ਨੇ ਲੁਕਾਈ ਵਿੱਚ ਪਸਰੇ ਹੋਏ ਕੂੜ ਅੰਧ ਵਿਸ਼ਵਾਸ ਅਤੇ ਕਰਮਕਾਡਾਂ ਨੂੰ ਵੇਖਿਆ, ਦੇਸ਼ ਦੀ ਹਰ ਨੁਕਰੇ ਪਸਰੀ ਹੋਈ ਬੇਚੈਨੀ ਅਤੇ ਘਬਰਾਹਟ ਦਾ ਚੰਗੀ ਤਰਾ ਜਾਇਜ਼ ਲਿਆ। ਇਨਸਾਨੀ ਜਿੰਦਗੀ ਵਿੱਚ ਧੋਖਾ,ਫਰੇਬ,ਠੱਗੀ ਅਤੇ ਚਲਾਕੀ ਨੂੰ ਰਚਿਆ ਹੋਇਆ ਵੇਖ ਕੇ ਆਪ ਨੇ ਅਨੁਭਵ ਕੀਤਾ ਕਿ ਸੱਚ ਦਾ ਸੂਰਜ ਹਨੇਰੇ ਹੇਠ ਡੁੱਬ ਚੁੱਕਾ ਹੈ। ਰਾਜੇ ਜੁਲਮੀ ਸ਼ੇਰ ਬਣੇ ਹੋਏ ਸਨ ਜਿਹਨਾਂ ਦਾ ਕੰਮ ਪਰਜਾ ਦੀ ਰਾਖੀ ਕਰਨਾ ਸੀ ਉਹ ਖੁਦ ਪਰਜਾ ਦੇ ਘਾਤਕ ਬਣ ਚੁੱਕੇ ਸਨ। ਗੁਰੂ ਸਾਹਿਬ ਜੀ ਫਰਮਾਉਦੇ ਹਨ -

" ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨ ਬੈਠੇ ਸੁਤੇ" ॥ [1]

ਉਸ ਸਮੇ ਸਮਾਜਕ ਢਾਚਾ ਇੰਨ੍ਹਾਂ ਵਿਗੜਿਆ ਹੋਇਆ ਸੀ ਕਿ ਲੋਕਾਂ ਨੂੰ ਚੰਗੇ ਕੱਪੜੇ ਪਾਉਣ ਦੀ ਵੀ ਮਨਾਹੀ ਸੀ। ਲੋਕ ਘੋੜ ਸਵਾਰੀ ਵੀ ਨਹੀਂ ਕਰ ਸਕਦੇ ਸਨ। ਤੀਰਥ ਯਾਤਰਾ ਕਰਨ ਅਤੇ ਨਦੀ ਪਾਰ ਕਰਨ ਤੇ ਵੀ ਟੈਕਸ ਦੇਣਾ ਪੈਦਾ ਸੀ ਉਸ ਸਮੇ ਦਾ ਕਾਜੀ ਸਾਰੇ ਫੈਸਲੇ ਰਿਸ਼ਵਤ ਲੈ ਕੇ ਕਰਦਾ ਸੀ। ਸਾਰਾ ਸਮਾਜ ਹਿੰਦੂ ਅਤੇ ਮੁਸਲਮਾਨ ਦੋ ਸ਼੍ਰੇਣੀਆ ਵਿੱਚ ਵੰਡਿਆ ਹੋਇਆ ਸੀ। ਹਿੰਦੂਆਂ ਨੂੰ

ਧਰਤੀ ਦੇ ਨਿਆਈ ਸਮਝਿਆ ਜਾਦਾਂ ਸੀ। ਸ਼ੂਦਰ ਜਾਤੀ ਦੀ ਦਸ਼ਾ ਤਾ ਇੰਨੀ ਮਾੜੀ ਸੀ ਕਿ ਕੁੱਤਾ ਤਾ ਪਿੰਡ ਦੇ ਖੂਹ ਤੋ ਪਾਣੀ ਪੀ ਸਕਦਾ ਸੀ ਪਰ ਸ਼ੂਦਰ ਨੂੰ ਇਸ ਦੀ ਇਜਾਜ਼ਤ ਨਹੀਂ ਸੀ। ਹਨੇਰੀਆ ਰਾਤਾਂ ਵਿੱਚ ਸ਼ੂਦਰ ਨੂੰ ਗੱਲ ਵਿੱਚ ਟੱਲੀ ਪਾ ਕੇ ਚੱਲਣਾ ਪੈਦਾ ਸੀ। ਤਾ ਜੋ ਉਹ ਉੱਚ ਬ੍ਰਾਹਮਣ ਨੂੰ ਭਿੱਟ ਨਾ ਜਾਵੇ। ਇਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਸਮਾਜ ਵਿੱਚ ਪਸਰੇ ਹੋਏ ਵੱਡੇ ਕੋਹੜ ਜਾਤ ਦਾ ਖੰਡਨ ਕੀਤਾ ਆਪ ਜੀ ਦਾ ਜਨਮ ਉਸ ਸਮੇਂ ਦੀ ਕਹੀ ਜਾਦੀ ਉੱਚੀ ਜਾਤੀ ਖੱਤਰੀ ਵਿੱਚ ਹੋਇਆ ਪਰ ਆਪ ਨੇ ਆਪਣੇ ਸਾਥੀ ਉਸ ਸਮੇ ਦੀ ਕਹੀ ਜਾਦੀ ਨੀਵੀ ਜਾਤ ਦੇ ਭਾਈ ਮਰਦਾਨਾ ਜੀ ਨੂੰ ਚੁਣਿਆ। ਗੁਰੂ ਸਾਹਿਬ ਨੇ ਸਮਾਜ ਵਿੱਚ ਨਵੀਂ ਕ੍ਰਾਂਤੀ ਲਿਆਦੀ ਅਤੇ ਲੋਕਾਂ ਨੂੰ ਇਹ ਉਪਦੇਸ਼ ਦਿੱਤਾ ਕਿ ਜਾਤ ਕਰ ਕੇ ਕੋਈ ਵੀ ਮਨੁੱਖ ਉੱਚਾ ਜਾਂ ਨੀਵਾਂ ਨਹੀ ਸਗੋ ਸ੍ਰੇਸ਼ਟ ਮਨੁੱਖ ਉਹ ਹੈ ਜਿਸ ਦੇ ਅਮਲ ਚੰਗੇ ਹਨ। ਮਨੁੱਖ ਦਾ ਉੱਚਾ ਜਾਂ ਨੀਵਾਂ ਹੋਣਾ ਉਸ ਦੀ ਕਰਣੀ ਤੇ ਨਿਰਭਰ ਕਰਦਾ ਹੈ। ਪ੍ਰਭੂ ਦੀ ਦਰਗਾਹ ਵਿੱਚ ਆਦਰ ਮਾਨ ,ਜਾਤ ਕਰ ਕੇ ਨਹੀਂ ਸਗੋ ਕਰਮਾਂ ਕਰਕੇ ਮਿਲਦਾ ਹੈ।

ਆਪ ਨੇ ਲੁਕਾਈ ਨੂੰ ਪੂਰਨ ਵਿਸ਼ਵਾਸ ਤੇ ਦ੍ਰਿੜ੍ਹਤਾ ਨਾਲ ਕਿਹਾ ਕਿ ਮੇਰਾ ਸਬੰਧ ਜਾਤਿ ਆਧਾਰਿਤ ਵੱਡੇ ਲੋਕਾਂ ਨਾਲ ਨਹੀ ਸਗੋਂ ਕਹੇ ਜਾਂਦੇ ਨੀਵੀਂ ਜਾਤ ਦੇ ਲੋਕਾਂ ਨਾਲ ਹੈ ਗੁਰੂ ਸਾਹਿਬ ਫਰਮਾਉਦੇ ਹਨ :

"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ"।।[2]

ਆਪ ਜੀ ਨੇ ਬ੍ਰਾਹਮਣ ਸਮਾਜ ਦੁਆਰਾ ਇਸਤਰੀ ਜਾਤੀ ਨਾਲ ਹੁੰਦਾ ਧੱਕਾ ਦੇਖਿਆ। ਬ੍ਰਾਹਮਣਾਂ ਨੇ ਇਸਤਰੀ ਨੂੰ ਸ਼ੂਦਰ ਦੇ ਬਰਾਬਰ ਪਹੁੰਚਾ ਦਿੱਤਾ ਸੀ। ਇਸਤਰੀ ਨੂੰ ਮਰਦ ਦੇ ਮੁਕਾਬਲੇ ਨੀਵਾਂ , ਤੇ ਕਮਜੋਰ ਸਮਝਿਆ ਜਾਦਾ ਸੀ। ਕਿਸੇ ਨੇ ਔਰਤ ਨੂੰ ਬੰਧਨ ਅਤੇ ਕਿਸੇ ਨੇ ਮੁਕਤੀ ਦੇ ਰਾਹ ਵਿੱਚ ਰੁਕਾਵਟ ਕਿਹਾ। ਕਿਸੇ ਨੇ ਪੈਰ ਦੀ ਜੁੱਤੀ ਕਹਿ ਕੇ ਤ੍ਰਿਸਕਾਰਿਆ ਅਤੇ ਕਿਸੇ ਨੇ ਇਸਤਰੀ ਨੂੰ ਧੋਖਾ ਹੀ ਧੋਖਾ ਕਿਹਾ। ਪਰੰਤੂ ਆਪ ਨੇ ਇਸਤਰੀ ਦੇ ਹੱਕ ਵਿੱਚ ਜੋਰਦਾਰ ਅਵਾਜ਼ ਉਠਾਈ ਅਤੇ ਕਿਹਾ ਕਿ ਜੋ ਰਾਜੇ ਮਹਾਰਾਜਿਆਂ ਨੂੰ ਜਨਮ ਦੇਣ ਵਾਲੀ ਹੈ ਉਹ ਨੀਵੀ ਕਿਵੇ ਹੋ ਸਕਦੀ ਹੈ। ਗੁਰੂ ਨਾਨਕ ਸਾਹਿਬ ਨੇ ਇਸਤਰੀ ਦੀ ਇਸ ਅਧੋਗਤੀ ਦੀ ਹਾਲਤ ਤੇ ਰੋਸ ਪ੍ਰਗਟ ਕੀਤਾ ਅਤੇ ਸਮਾਜ ਨੂੰ ਵੰਗਾਰ ਕੇ ਆਖਿਆ-

"ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨ ।।

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ।।[3]

ਗੁਰੂ ਸਾਹਿਬ ਨੇ ਸਮਕਾਲੀ ਸਮਾਜ ਵਿੱਚ ਮ੍ਰਿਤਕ ਪ੍ਰਾਣੀ ਪ੍ਰਤੀ ਕੀਤੇ ਜਾਦੇ ਫੋਕਟ ਕਰਮਕਾਂਡਾਂ ਪ੍ਰਤੀ ਲੁਕਾਈ ਨੂੰ ਸੁਚੇਤ ਕੀਤਾ। ਆਪ ਨੇ ਲੋਕਾ ਨੂੰ ਸਮਝਾਇਆ ਕਿ ਮਰ ਚੁੱਕੇ ਵੱਡੇ ਵਡੇਰਿਆ ਜਾ ਪਿਤਰਾਂ ਨੂੰ ਕਿਸੇ ਵਸਤੂ ਦੀ ਲੋੜ ਨਹੀਂ ਤੇ ਨਾ ਹੀ ਕੋਈ ਵਸਤੂ ਕਿਸੇ ਤਰੀਕੇ ਨਾਲ ਉਨ੍ਹਾਂ ਤੱਕ ਪਹੁੰਚ ਸਕਦੀ ਹੈ ।ਇਸ ਤੋ ਉਪਰੰਤ ਗੁਰੂ ਸਾਹਿਬ ਨੇ ਹਿੰਦੂ ਧਰਮ ਵਿੱਚ ਕੀਤੀ ਜਾਦੀ ਇੱਕ ਮਹੱਤਵਪੂਰਨ ਰਹੁ-ਰੀਤ ਸ਼ਰਾਧ ਦਾ ਖੇਡਨ ਕੀਤਾ । ਇਸ ਰੀਤ ਅਨੁਸਾਰ ਮੋਏ ਪਿਤਰਾਂ ਦੀ ਖੁਸ਼ੀ ਲਈ ਹਰ ਸਾਲ ਪਿਤਰਾਂ ਨਮਿਤ ਬ੍ਰਾਹਮਣਾਂ ਨੂੰ ਭੋਜਨ ਖਵਾਏ ਜਾਂਦੇ ਅਤੇ ਬਹੁਤ ਸਾਰਾ ਦਾਨ-ਪੁੰਨ ਕੀਤਾ ਜਾਦਾਂ ਹੈ । ਇਹ ਰੀਤ ਹਿੰਦੂ ਸਮਾਜ ਦਾ ਜਰੂਰੀ ਅੰਗ ਬਣ ਚੁੱਕੀ ਸੀ । ਪਰੰਤੂ ਗੁਰੂ ਨਾਨਕ ਦੇਵ ਜੀ ਇਸ ਰਹੁ-ਰੀਤ ਦਾ ਵਿਅੰਗ-ਮਈ ਸ਼ਬਦਾਵਲੀ ਵਿੱਚ ਖੰਡਨ ਕੀਤਾ:-

"ਜੇ ਮੋਹਾਕਾ ਘਰ ਮੁਹੈ ਘਰੁ ਮੁਹਿ ਪਿਤਰੀ ਦੇਇ ॥

ਅਗੈ ਵਸਤੂ ਸਿਵਾਵੀਐ ਪਿਤਰੀ ਚੋਰ ਕਰੇਇ ।।

ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ "।।[4]

ਗੁਰੂ ਨਾਨਕ ਦੇਵ ਜੀ ਨੇ ਸਮਾਜ ਸੁਧਾਰ ਹਿੱਤ ਇੱਕ ਬਹੁਤ ਵੱਡਾ ਕ੍ਰਾਂਤੀਕਾਰੀ ਕਦਮ ਪੁੱਟਦਿਆ ਕਿਰਤ ਨੂੰ ਧਰਮ ਦਾ ਅੰਗ ਦੱਸਿਆ। ਗੁਰੂ ਸਾਹਿਬ ਦੇ ਆਗਮਨ ਤੋ ਪਹਿਲਾਂ ਧਰਮੀ ਬੰਦਾ ਕਿਰਤੀ ਨਹੀਂ ਹੁੰਦਾ ਸੀ ਤੇ ਕਿਰਤੀ ਬੰਦਾ ਧਰਮੀ ਲਿਬਾਸ ਪਾ ਕੇ ਉਪਦੇਸ਼ਕ ਨਹੀਂ ਬਣਦਾ ਸੀ, ਪ੍ਰੰਤੂ ਆਪ ਨੇ ਹਰ ਮਨੁੱਖ ਨੂੰ ਧਰਮ ਦੀ ਕਿਰਤ ਕਰਨ ਦਾ ਉਪਦੇਸ਼ ਦਿੱਤਾ। ਮਲਕ ਭਾਗੋ ਨੂੰ ਉਪਦੇਸ ਦਿੰਦਿਆ ਕਿਹਾ ਕਿ ਅਯੋਗ ਤਰੀਕੇ ਨਾਲ ਕਮਾਏ ਗਏ ਧਨ ਵਿਚੋ ਦਾਨ ਪੁੰਨ ਕਰਨ ਨਾਲ ਮਨੁੱਖ ਧਰਮੀ ਨਹੀਂ ਬਣ ਜਾਦਾਂ। ਗਰੀਬਾਂ ਦਾ ਖੂਨ ਚੂਸ ਕੇ ਆਪਣੇ ਖ਼ਜਾਨੇ ਭਰ ਲੈਣਾ ਨੇਕ ਬੰਦਿਆਂ ਦਾ ਕੰਮ ਨਹੀਂ ਆਪ ਨੇ ਭਾਈਂ ਲਾਲੋ ਦੀ ਸੁੱਚੀ ਤੇ ਸੱਚੀ ਕਿਰਤ ਨੂੰ ਸਤਿਕਾਰਿਆ। ਸਮਾਜਵਾਦ ਦੀ ਵਿਚਾਰਧਾਰਾ ਜੋ ਅੱਜ

ਹਰ ਪਾਸਿਓ ਉੱਠ ਰਹੀ ਹੈ , ਇਹ ਅਸਲ ਵਿੱਚ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਤੋ ਉਪਜਦੀ ਹੈ। ਗੁਰੂ ਸਾਹਿਬ ਨੇ ਅਯੋਗ ਤਰੀਕੇ ਨਾਲ ਕਮਾਏ ਹੋਏ ਧਨ ਦਾ ਹਮੇਸ਼ਾ ਹੀ ਖੰਡਨ ਕੀਤਾ ਹੈ।

ਸੋ ਮੈ ਅਖੀਰ ਵਿੱਚ ਇੰਨ੍ਹਾ ਹੀ ਕਹਿਣਾ ਚਾਹੁੰਦਾ ਹਾਂ ਕਿ ਅੱਜ ਲੋੜ ਹੈ ਸਮਾਜ ਸੁਧਾਰਾਂ ਦਾ ਢੰਡੋਰਾ ਪਿੱਟਣ ਵਾਲਿਆਂ ਨੂੰ ਕਿ ਉਹ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੋਂ ਸੇਧ ਲੈ ਕੇ ਸਮਾਜ ਦੀ ਸੁਚੱਜੀ ਅਗਵਾਈ ਕਰਨ ਅਤੇ ਅਸੀ ਵੀ ਆਪਣੇ ਮਨਾਂ ਵਿੱਚ ਝਾਤੀ ਮਾਰ ਸਕੀਏ ਕਿ ਅਸੀਂ ਮਹਾਨ ਸਤਿਗੁਰਾਂ ਦੇ ਪਾਏ ਹੋਏ ਪੂਰਨਿਆਂ ਤੇ ਚੱਲ ਰਹੇ ਹਾਂ? ਕਿ ਅਸੀਂ ਜਾਤ-ਪਾਤ , ਊਚ-ਨੀਚ, ਅਮੀਰੀ-ਗਰੀਬੀ ਦੇ ਫਰਕ ਤੋਂ ਆਪਣਾ ਖਹਿੜਾ ਛੁਡਾਅ ਲਿਆ ਹੈ ? ਕੀ ਅਸੀਂ ਭਾਈ ਲਾਲੋ ਵਰਗੇ ਸੱਚੇ ਤੇ ਸੁੱਚੇ ਕਿਰਤੀਆ ਦਾ ਸਤਿਕਾਰ ਕਰਨ ਲੱਗ ਪਏ ਹਨ । ਅੱਜ ਲੋੜ ਹੈ ਗੁਰੂ ਨਾਨਕ ਦੇ ਝੰਡੇ ਹੇਠ ਇੱਕਠੇ ਹੋ ਕੇ ਸਮਾਜਕ ਸੁਧਾਰ ਦੀ ਅਗਵਾਈ ਕਰਨ ਦੀ।

## ਹਵਾਲੇ ਤੇ ਟਿੱਪਣੀਆਂ

1. ਕਪੂਰ ਸਿੰਘ, "ਗੁਰੂ ਨਾਨਕ ਸਾਹਿਬ ਦੇ ਸਮੇਂ ਦੀ ਸਮੱਸਿਆ" ,ਵਡਾ ਪੁਰਖੁ ਪਰਗਟਿਆ.....(ਸ੍ਰੀ ਗੁਰੂ ਨਾਨਕ ਦੇਵ ਜੀ : ਜੀਵਨ- ਦਰਸ਼ਨ), ਸੰਪਾ : ਰੂਪ ਸਿੰਘ (ਡਾ.) ਪ੍ਰਕਾਸ਼ਕ,ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ, 2016,ਪੰਨਾ-40
2. ਬੁੱਧ ਰਾਮ, "ਤੌਹੀਦ ਕੀ ਆਵਾਜ਼" ,ਵਡਾ ਪੁਰਖੁ ਪਰਗਟਿਆ.......(ਸ੍ਰੀ ਗੁਰੂ ਨਾਨਕ ਦੇਵ ਜੀ: ਜੀਵਨ ਦਰਸ਼ਨ), ਸੰਪਾ :ਰੂਪ ਸਿੰਘ (ਡਾ.) ਪ੍ਰਕਾਸਕ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ
ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ, 2016, ਪੰਨਾ-519.
3. ਪ੍ਰੋ, ਪੂਰਨ ਸਿੰਘ, "ਵਤਨ ਦਾ ਪਿਆਰ" , ਆਧੁਨਿਕ ਪੰਜਾਬੀ ਵਾਰਤਕ (ਚੋਣਵੀਂ ਪੰਜਾਬੀ ਵਾਰਤਕ), ਸੰਪਾ :ਗੁਰਬਚਨ ਸਿੰਘ 'ਤਾਲਬ' (ਡਾ.) ਪੰਜਾਬੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2018, ਪੰਨਾ-12
੪. ਬਲਜਿੰਦਰ ਕੌਰ, "ਆਸਾ ਕੀ ਵਾਰ ਵਿੱਚ ਰਹੁਰੀਤਾ",ਵਡਾ ਪੁਰਖੁ ਪਰਗਟਿਆਂ.......... (ਸ੍ਰੀ ਗੁਰੂ ਨਾਨਕ ਦੇਵ ਜੀ ਜੀਵਨ- ਦਰਸ਼ਨ), ਸੰਪਾ: ਰੂਪ ਸਿੰਘ(ਡਾ.) ਪ੍ਰਕਾਸ਼ਕ ,ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ),ਸ੍ਰੀ ਅੰਮ੍ਰਿਤਸਰ, 2016, ਪੰਨਾ-315.

# ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਆਸਾ ਦੀ ਵਾਰ ਬਾਣੀ

**ਪ੍ਰੋ. ਗੁਰਪ੍ਰੀਤ ਕੌਰ**

ਸਰਕਾਰੀ ਕਾਲਜ, ਰੋਪੜ

---

ਗੁਰਮਤਿ ਕਾਵਿ ਧਾਰਾ ਦੇ ਮੋਢੀ ਗੁਰੂ ਨਾਨਕ ਦੇਵ ਜੀ ਸਮੁੱਚੀ ਮਨੁੱਖਤਾ ਦੇ ਇਤਿਹਾਸ ਵਿੱਚ ਇੱਕ ਯੁੱਗ ਪੁਰਸ਼ ਵਜੋਂ ਜਾਣੇ ਜਾਂਦੇ ਹਨ। ਗੁਰੂ ਸਾਹਿਬ ਦੀ ਬਾਣੀ ਸਮਕਾਲੀ ਸਮਾਜ ਦਾ ਚਿਤਰਣ ਕਰਦੀ ਹੋਈ ਸਮੁੱਚੀ ਮਾਨਵਤਾ ਨੂੰ ਕੁਰੀਤੀਆਂ ਦਾ ਤਿਆਗ ਕਰਦੇ ਹੋਏ ਲੋਕ ਕਲਿਆਣ ਅਤੇ ਭਲਾਈ ਦੇ ਰਾਹ ਉੱਤੇ ਤੁਰਦੇ ਹੋਏ ਸਹੀ ਜੀਵਨ ਜਾਂਚ ਅਪਣਾਉਣ ਦੀ ਸਿੱਖਿਆ ਦਿੰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਅਤੇ ਬਾਣੀ ਰਾਹੀਂ ਧਾਰਮਿਕ, ਸਮਾਜਿਕ, ਸਭਿਆਚਾਰਕ, ਰਾਜਸੀ ਖੇਤਰਾਂ ਦੇ ਨਾਲ ਨਾਲ ਕਾਵਿ ਸਿਰਜਨਾ ਦੇ ਖੇਤਰ ਵਿੱਚ ਵੀ ਨਵੇਂ ਪ੍ਰਤਿਮਾਨ ਸਥਾਪਤ ਕੀਤੇ ਹਨ। ਗੁਰੂ ਨਾਨਕ ਸਾਹਿਬ ਦੀ ਅਦੁੱਤੀ ਪ੍ਰਤਿਭਾ ਅਤੇ ਮਹਾਨ ਸ਼ਖ਼ਸੀਅਤ ਦੀ ਝਲਕ ਉਨਾਂ ਦੀ ਬਾਣੀ ਵਿੱਚ ਮਿਲਦੀ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ 19 ਰਾਗਾਂ ਵਿੱਚ ਦਰਜ ਹੈ। ਆਪ ਦੀਆਂ ਪ੍ਰਮੁੱਖ ਬਾਣੀਆਂ ਵਿੱਚੋਂ ਜਪੁ, ਸਿਧ ਗੋਸ਼ਟਿ, ਦੱਖਣੀ ਓਅੰਕਾਰ, ਪੱਟੀ, ਬਾਰਾਂ ਮਾਹ ਤੁਖਾਰੀ ਅਤੇ ਥਿਤੀ ਤੋਂ ਇਲਾਵਾ ਆਰਤੀ, ਪਹਿਰੇ, ਸੋਦਰ ,ਅਲਾਹੁਣੀਆਂ, ਕੁੱਚਜੀ ਸੁੱਚਜੀ, ਚਉਪਦੇ, ਅਸ਼ਟਪਦੀਆਂ, ਛੰਤ, ਸੋਹਲੇ ਅਤੇ ਸਲੋਕ ਆਦਿ ਸਿਰਲੇਖ ਵਜੋਂ ਬਾਣੀਆਂ ਦਰਜ ਹਨ। ਗੁਰੂ ਨਾਨਕ ਦੇਵ ਜੀ ਨੇ ਰਾਗ ਆਸਾ, ਮਾਝ ਤੇ ਮਲਾਰ ਤਿੰਨ ਬਾਣੀਆਂ ਦੀ ਰਚਨਾ ਕੀਤੀ ਹੈ। ਹੱਥਲੇ ਪਰਚੇ ਦਾ ਮਨੋਰਥ ਗੁਰੂ ਨਾਨਕ ਸਾਹਿਬ ਦੀ ਬਾਣੀ ਆਸਾ ਦੀ ਵਾਰ ਵਿੱਚਲੇ ਸਮਾਜਿਕ ਸੰਦਰਭ ਦੇ ਹਰ ਪਹਿਲੂ ਉੱਤੇ ਵਿਚਾਰ ਕਰਦਿਆਂ ਮਨੁੱਖ ਨੂੰ ਆਦਰਸ਼ ਵਿਅਕਤੀ, ਆਦਰਸ਼ ਜੀਵਨ ਅਤੇ ਆਦਰਸ਼ ਸਮਾਜ ਦੀ ਸਥਾਪਨਾ ਕਰਨ ਉੱਤੇ ਬਲ ਦੇਣਾ ਹੈ।

'ਵਾਰ' ਸ਼ਬਦ ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਵ੍ਰਿ' ਧਾਤੂ ਤੋਂ ਲਿਆ ਗਿਆ ਹੈ ਜਿਸ ਦਾ ਸ਼ਾਬਦਿਕ ਅਰਥ ਹੱਲਾ ਕਰਨਾ, ਵਾਰ ਕਰਨਾ, ਟੱਕਰ ਲੈਣੀ , ਧਾਵਾ ਬੋਲਣਾਂ, ਰੋਕਣਾ, ਵਰਜਣਾ, ਪ੍ਰਸੰਸਾ ਕਰਨੀ ਆਦਿ ਤੋਂ ਹੈ। ਮਨੁੱਖ ਨੂੰ ਆਪਣੀ ਹੋਂਦ ਬਣਾਈ ਰੱਖਣ ਲਈ ਹਮੇਸ਼ਾ ਜਿਆਦਤੀਆਂ, ਲੜਾਈਆਂ, ਜੰਗਾਂ, ਯੁੱਧਾਂ ਦਾ ਸਾਹਮਣਾ ਕਰਨਾ ਪਿਆ ਹੈ। ਜੰਗ ਦੇ ਮੌਕੇ ਉੱਤੇ ਸੈਨਿਕਾਂ ਵਿੱਚ ਉਤਸ਼ਾਹ ਅਤੇ ਜੋਸ਼ ਭਰਨ ਲਈ ਭੱਟਾਂ ਅਤੇ ਮਰਾਸੀਆਂ ਵਲੋਂ ਬੀਰ ਰਸੀ ਕਵਿਤਾਵਾਂ ਬੋਲੀਆਂ ਤੇ

ਗਾਈਆਂ ਜਾਂਦੀਆਂ ਸਨ। ਢਾਡੀ ਲੋਕ ਸੂਰਮਗਤੀ ਦੇ ਗੀਤਾਂ ਨੂੰ ਬਾਰ-ਬਾਰ ਦੁਹਰਾ ਕੇ ਸੁਣਾਇਆ ਕਰਦੇ ਸਨ ਜਿਸ ਕਾਰਨ ਇਸ ਦਾ ਨਾਂ ਵਾਰ ਪੈ ਗਿਆ। ' ਵਾਰ ਇੱਕ ਅਜਿਹਾ ਪੰਜਾਬੀ ਕਾਵਿ ਰੂਪ ਹੈ ਜਿਸ ਵਿੱਚ ਪਉੜੀਆਂ ਰਾਹੀਂ ਕਿਸੇ ਬੀਰ ਯੋਧੇ ਦੀ ਉਸਤਤ ਗਾਈ ਜਾਂਦੀ ਹੈ।

ਭਾਈ ਕਾਹਨ ਸਿੰਘ ਨਾਭਾ ਆਪਣੀ ਪੁਸਤਕ 'ਮਹਾਨ ਕੋਸ਼' ਵਿੱਚ ਵਾਰ ਦੀ ਪਰਿਭਾਸ਼ਾ ਦਿੰਦੇ ਹੋਏ ਕਹਿੰਦੇ ਹਨ:-

"ਯੁੱਧ ਸਬੰਧੀ ਕਾਵਯ, ਉਹ ਰਚਨਾ, ਜਿਸ ਵਿੱਚ ਸੁਰਵੀਰਤਾ ਦਾ ਵਰਣਨ ਹੋਵੇ।"[1]

ਢਾਡੀ ਜਾ ਭੱਟ ਪਹਿਲਾਂ ਕੇਵਲ ਲੜਾਈ ਲੜਨ ਵਾਲੇ ਸੁਰਮਿਆਂ ਦੀ ਉਸਤਤ ਕਰਦੇ ਸਨ ਤੇ ਵਾਰ ਦੇ ਨਾਇਕ ਕੇਵਲ ਯੋਧੇ ਹੀ ਬਣਦੇ ਸਨ ਪਰ ਗੁਰੂ ਨਾਨਕ ਸਾਹਿਬ ਨੇ ਆਪਣੇ ਆਪ ਨੂੰ ਪ੍ਰਭੂ ਦਾ ਢਾਡੀ ਦੱਸਦਿਆ ਪਰਮਾਤਮਾ ਦੀ ਉਸਤਤ ਵਿੱਚ ਵਾਰਾਂ ਲਿੱਖੀਆਂ ਹਨ।

ਗੁਰੂ ਨਾਨਕ ਦੇਵ ਜੀ ਰਚਿਤ 'ਆਸਾ ਦੀ ਵਾਰ' ਪੰਜਾਬੀ ਸਾਹਿਤ ਦੀ ਸਭ ਤੋਂ ਪਹਿਲੀ ਅਧਿਆਤਮਕ ਵਾਰ ਵਜੋਂ ਜਾਣੀ ਜਾਂਦੀ ਅਗੰਮੀ ਅਤੇ ਅਦੁੱਤੀ ਰਚਨਾ ਹੈ। ਸਿੱਖ ਧਰਮ ਵਿੱਚ ਇਸ ਵਾਰ ਨੂੰ ਅੰਮ੍ਰਿਤ ਵੇਲੇ ਹਰ ਰੋਜ ਗੁਰਦੁਆਰਿਆਂ ਵਿੱਚ ਨਿੱਤ ਨੇਮ ਵਜੋਂ ਗਾਇਨ ਕੀਤਾ ਜਾਂਦਾ ਹੈ। ਇਹ ਵਾਰ ਰਾਗ ਆਸਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 462 ਤੋਂ 475 ਅੰਗ ਉੱਤੇ ਦਰਜ ਹੈ। ਆਸ਼ਾ ਦੀ ਵਾਰ ਵਿੱਚ 24 ਪਉੜੀਆਂ ਅਤੇ 59 ਸਲੋਕ ਦਰਜ ਹਨ ਜਿਨ੍ਹਾਂ ਵਿੱਚੋਂ 44 ਸਲੋਕ ਗੁਰੂ ਨਾਨਕ ਸਾਹਿਬ ਦੇ ਅਤੇ 15 ਸਲੋਕ ਗੁਰੂ ਅੰਗਦ ਦੇਵ ਜੀ ਦੇ ਸ਼ਾਮਿਲ ਹਨ। ਇਸ ਵਾਰ ਵਿੱਚ ਪਉੜੀਆਂ ਨਾਲ ਅੰਕਿਤ ਸਲੋਕ ਸਤਿਗੁਰੂ, ਕੁਦਰਤਿ, ਵਿਸਮਾਦ, ਵਡਿਆਈ, ਭੈਅ, ਹੁਕਮ, ਹਉਮੈ, ਗੁਰਮੁਖ, ਮਨਮੁਖ, ਸਚਿਆਰ, ਕੂੜਿਆਰ ਆਦਿ ਬਹੁ ਪੱਖੀ ਵਿਸ਼ਿਆਂ ਦਾ ਪ੍ਰਗਟਾਵਾ ਕਰਦੇ ਹਨ। ਰਚਨਾ ਦੇ ਆਰੰਭ ਵਿੱਚ ਮਿਲਦਾ ਉਲੇਖ ' ਵਾਰ ਸਲੋਕਾ ਨਾਲਿ ਭੀ ਸਲੋਕ ਮਹਲੇ ਪਹਿਲੇ ਕੇ ਲਿਖੇ ' ਤੋਂ ਪਤਾ ਲੱਗਦਾ ਹੈ ਕਿ ਇਹ ਮੂਲ ਰਚਨਾ ਵਿੱਚ ਨਹੀਂ ਸਨ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਇਨ੍ਹਾਂ ਨੂੰ ਵਾਰ ਨਾਲ ਜੋੜਿਆ । ਆਸਾ ਦੀ ਵਾਰ ਨੂੰ 'ਟੁੰਡੇ ਅਸਰਾਜੇ ਦੀ ਵਾਰ' ਦੀ ਲੋਕ ਧੁਨ ਉਤੇ ਗਾਉਣ ਦੀ ਹਦਾਇਤ ਕੀਤੀ ਗਈ ਹੈ। ਟੁੰਡੇ ਅਸਰਾਜੇ ਦੀ ਵਾਰ ਪੂਰਵ ਨਾਨਕ ਕਾਲ ਦੀ ਇਕ ਪ੍ਰਸਿੱਧ ਲੋਕ ਵਾਰ ਹੈ ਜਿਸ ਵਿੱਚ ਰਾਜਾ ਅਸ ਦਾ ਪੁੱਤਰ ਸਾਰੰਗ ਜੋ ਟੁੰਡੇ ਵਜੋਂ ਜਾਣਿਆ ਗਿਆ, ਉਸ ਦੀ ਕਥਾ ਨੂੰ ਪੇਸ਼ ਕਰਦੀ ਹੈ।

‘ ਆਸਾ ਦੀ ਵਾਰ ’ ਦਾ ਆਰੰਭ ਮੰਗਲਾਚਰਨ ਤੋਂ ਕੀਤਾ ਗਿਆ ਹੈ। ਗੁਰੂ ਸਾਹਿਬ ਅਨੁਸਾਰ ਇਸ ਸ੍ਰਿਸਟੀ ਦਾ ਰਚਨਹਾਰ ਉਹ ਇੱਕ ਅਕਾਲ ਪੁਰਖ ਕਰਤਾ ਹੈ ਜੋ ਸਾਰੀ ਕਾਇਨਾਤ ਵਿਚ ਰਚਿਆ ਹੋਇਆ ਹੈ।

ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ

ਆਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।।[2]

‘ ਆਸਾ ਦੀ ਵਾਰ ’ ਵਿੱਚ ਗੁਰੂ ਨਾਨਕ ਸਾਹਿਬ ਨੇ ਗੁਰੂ ਦੀ ਵਡਿਆਈ ਕਰਦੇ ਹੋਏ ਗੁਰੂ ਨੂੰ ਇੱਕ ਚਾਨਣ, ਪ੍ਰਕਾਸ਼ ਕਿਹਾ ਹੈ ਜੋ ਹਨੇਰੇ ਖੂੰਜਿਆਂ ਨੂੰ ਰੁਸ਼ਨਾਉਦਾ ਹੈ। ਉਹ ਅਜਿਹੀ ਦੈਵੀ ਸ਼ਕਤੀ ਹੈ ਜੋ ਮਨੁੱਖਾਂ ਨੂੰ ਦੇਵਤੇ ਬਣਾਉਦਾ ਹੈ। ਗੁਰੂ ਇੱਕ ਅਜਿਹੀ ਹਸਤੀ ਹੈ, ਜੋ ਅਕਾਲ ਪੁਰਖ ਪ੍ਰਭੂ ਨਾਲ ਇਕਸੁਰ ਅਤੇ ਅਭੇਦ ਹੁੰਦੀ ਹੈ। ਗੁਰੂ ਇਕ ਪਥ ਪ੍ਰਦਰਸ਼ਕ ਹੈ ਜੋ ਆਤਮਾ ਦਾ ਪਰਮਾਤਮਾ ਨਾਲ ਮੇਲ ਕਰਵਾਉਦਾ ਹੈ। ਗੁਰੂ ਨਾਨਕ ਦੇਵ ਜੀ ਗੁਰੂ ਦੀ ਮਹਿਮਾ ਦਾ ਵਰਣਨ ਕਰਦੇ ਹੋਏ ਕਹਿੰਦੇ ਹਨ :-

ਬਲਿਹਾਰੀ ਗੁਰੂ ਆਪਣੇ ਦਿਉਹਾੜੀ ਸਦਵਾਰ॥

ਜਿਨ ਮਾਣਸ ਤੇ ਦੇਵਤੇ ਕੀਏ ਕਰਨ ਨ ਲਾਗੀ ਵਾਰ।।[3]

ਗੁਰੂ ਨਾਨਕ ਦੇਵ ਜੀ ਅਨੁਸਾਰ ਸਤਿਗੁਰੂ ਦੇ ਮਿਲਾਪ, ਬਖਸ਼ਿਸ਼ ਤੋਂ ਬਿਨਾਂ ਅਕਾਲ ਪੁਰਖ ਨੂੰ ਨਹੀਂ ਪਾਇਆ ਜਾ ਸਕਦਾ ਕਿਉਂਕਿ ਉਸਨੇ ਆਪਣੇ ਆਪ ਨੂੰ ਗੁਰੂ ਅੰਦਰ ਖੁਦ ਬਿਰਾਜਮਾਨ ਕੀਤਾ ਹੋਇਆਂ ਹੈ। ਗੁਰੂ ਪ੍ਰਾਪਤੀ ਨਾਲ ਹੀ ਮੋਹ ਨੂੰ ਖਤਮ ਕਰਕੇ ਮਨੁੱਖ ਮੁਕਤੀ ਦੀ ਪ੍ਰਾਪਤੀ ਕਰਦਾ ਹੈ। ਗੁਰੂ ਸਾਹਿਬ ਨੇ ਸ਼ਪੱਸਟ ਕੀਤਾ ਹੈ ਕਿ ਅਜਿਹਾ ਸੱਚਾ ਗੁਰੂ ਜਨਮਾਂ ਜਨਮਾਤਰਾਂ ਦੇ ਚੱਕਰਾਂ ਤੋਂ ਪਿਛੋ ਕੇਵਲ ਪ੍ਰਭੂ ਦੀ ਮਿਹਰ ਸਦਕਾ ਪ੍ਰਾਪਤ ਹੁੰਦਾ ਹੈ:-

ਬਿਨ ਸਤਿਗੁਰ ਕਿਨੈ ਨ ਪਾਇਓ ਬਿਨ ਸਤਿਗੁਰ ਕਿਨੈ ਨ ਪਾਇਆ॥

ਸਤਿਗੁਰ ਵਿਚਿ ਆਪੁ ਰਖਿਓਨ ਕਰਿ ਪਰਗਟ ਆਖਿ ਸੁਣਾਇਆ।।

ਸਤਿਗੁਰ ਮਿਲਿਐ ਸਦਾ ਮੁਕਤ ਹੈ ਜਿਨ ਵਿਚਹੁ ਮੋਹ ਚੁਕਾਇਆ।।[4]

ਗੁਰੂ ਨਾਨਕ ਦੇਵ ਜੀ ਦੇ ਅਨੁਸਾਰ ਪ੍ਰਭੂ ਦੇ ਹੁਕਮ ਵਿੱਚ ਸ੍ਰਿਸਟੀ ਦੀ ਸਾਜਨਾ ਹੋਈ ਹੈ। ਇਹ ਸਾਰੀ ਕੁਦਰਤ, ਕਾਇਨਾਤ, ਖੰਡ, ਬ੍ਰਹਿਮੰਡ, ਚੋਦਾਂ ਲੋਕ, ਅਕਾਰ, ਸਭ ਸੱਚੇ ਹਨ। ਉਸ

ਪਰਮ ਸਤ ਤੋਂ ਉਪਜੀ ਹਰ ਇੱਕ ਚੀਜ ਸੱਚੀ ਹੈ। ਉਸ ਦੀ ਉਪਾਸਨਾ ਕਰਨ ਵਾਲੇ ਵੀ ਸੱਚੇ ਕੱਹੇ ਜਾਂਦੇ ਹਨ। ਉਸ ਅਕਾਲ ਪੁਰਖ ਨੂੰ ਸੱਚੀ ਰਚਨਾ ਕਰਕੇ ਪਹਿਲਾਂ ਜੀਵਾਂ ਨੂੰ ਪੈਦਾ ਕੀਤਾ ਅਤੇ ਫਿਰ ਉਹਨਾਂ ਦੇ ਚੰਗੇ ਮਾੜੇ ਕਰਮਾਂ ਦਾ ਲੇਖਾ ਰੱਖਣ ਲਈ ਧਰਮ ਰਾਜ ਨੂੰ ਬਿਠਾਇਆ ਜੋ ਮਨੁੱਖ ਨੂੰ ਉਹਨਾਂ ਦੇ ਕਰਮਾ ਅਨੁਸਾਰ ਨਬਿੜਾ ਕਰਦਾ ਹੈ। ਕਾਦਰ ਸਾਰੀ ਕੁਦਰਤ ਨੂੰ ਆਪਣੇ ਹੁਕਮ ਅਧੀਨ ਰੱਖਦਾ ਹੈ। ਮਾਨਵੀ ਪ੍ਰਤੱਖਣ ਵਿਚ ਜੋ ਕੁਝ ਦਿੱਸ ਅਤੇ ਵਾਪਰ ਰਿਹਾ ਹੈ ਉਸ ਦਾ ਕਰਤਾ ਅਤੇ ਕਾਦਰ ਉਹ ਆਪ ਹੀ ਹੈ। ਉਹੀ ਮਨੁੱਖ ਉਸ ਨੂੰ ਜਾਣ ਸਕਦਾ ਹੈ ਜੋ ਉਸ ਦੀ ਵਰਤਾਈ ਕੁਦਰਤ ਨੂੰ ਸਮਝ ਲੈਂਦਾ ਹੈ। ਗੁਰੂ ਜੀ ਦਾ ਕਥਨ ਹੈ :-

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖਸਾਰੁ॥
ਕੁਦਰਤਿ ਪਾਤਾਲੀ ਅਕਾਸੀ ਕੁਦਰਤਿ ਸਰਬ ਆਕਾਰੁ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ।।[5]

ਗੁਰੂ ਨਾਨਕ ਦੇਵ ਜੀ ਦੇ ਅਨੁਸਾਰ ਮਨੁੱਖ ਹਉਮੈ ਦੇ ਬੰਧਨਾਂ ਵਿੱਚ ਪਿਆ ਵਾਰ-ਵਾਰ ਜਨਮ ਮਰਨ ਦੇ ਚੱਕਰਾਂ ਵਿੱਚ ਫਸਿੱਆ ਰਹਿੰਦਾ ਹੈ। ਹਉਮੈ ਕਰਨ ਕੁਝ ਪ੍ਰਾਪਤ ਹੋਣ ਤੇ ਉਹ ਖੁਸ਼ ਹੁੰਦਾ ਹੈ ਅਤੇ ਅਪ੍ਰਾਪਤੀ ਤੇ ਦੁੱਖੀ ਹੁੰਦਾ ਹੈ। ਉਸ ਨੂੰ ਆਪਣੀ ਹਉਮੈ ਆਪਣੇ ਤੋਂ ਉਪੱਰ ਉੱਠਣ ਨਹੀਂ ਦਿੰਦੀ। ਮਨੁੱਖ ਦੁਆਰਾ ਪੜ੍ਹ-ਪੜ੍ਹ ਕੇ ਇੱਕਠਾ ਕੀਤਾ ਗਿਆ ਗਿਆਨ ਵੀ ਉਸ ਦੀ ਹਉਮੈ ਵਿੱਚ ਵਾਧਾ ਕਰਦਾ ਹੈ। ਪ੍ਰਮਾਤਮਾ ਦੀ ਪ੍ਰਾਪਤੀ ਲਈ ਕੀਤੇ ਗਏ ਤਪ, ਤੀਰਥ ਇਸਨਾਨ, ਤਨ ਨੂੰ ਦੁੱਖੀ ਕਰਨਾ ਆਦਿ ਕਰਮ ਵੀ ਮਨੁੱਖ ਦੀ ਹਉਮੈ ਨੂੰ ਵਧਾਉਂਦੇ ਹਨ। ਅਸਲ ਵਿੱਚ ਹਉਮੈ ਇੱਕ ਦੀਰਘ ਰੋਘ ਹੈ ਪਰ ਇਸ ਦਾ ਦਾਰੂ ਵੀ ਇਸ ਵਿੱਚ ਹੀ ਹੈ। ਗੁਰੂ ਦਾ ਸਬਦ ਕਮਾਉਣਾ ਅਜਿਹਾ ਸੰਜਮ ਹੈ ਜਿਸ ਨਾਲ ਹਉਮੈ ਦੂਰ ਹੁੰਦੀ ਹੈ। ਗੁਰੂ ਜੀ ਕਹਿੰਦੇ ਹਨ:-

ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾਂ ਗੁਰ ਕਾ ਸਬਦੁ ਕਮਾਹਿ॥
ਨਾਨਕ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ।।[6]

ਆਸਾ ਦੀ ਵਾਰ ਵਿੱਚ ਗੁਰੂ ਜੀ ਨੇ ਸ੍ਰਿਸਟੀ ਨੂੰ ਨਾਸ਼ਮਾਨ ਦਸੱਦਿਆਂ ਇਸ ਦਿਖਦੇ ਪਸਾਰੇ ਨੂੰ ਕੂੜ ਕਿਹਾ ਹੈ। ਮਨੁੱਖ ਸੋਝੀਹੀਣ ਹੋਣ ਕਰਕੇ ਇਸ ਦੇ ਮੋਹ ਵਿਚ ਪਿਆ ਸੰਸਾਰਿਕ ਮਾਇਆ ਜਾਲ ਨੂੰ

ਸੱਚ ਰੂਪ ਸਮਝਦਾ ਹੈ। ਹਕੀਕਤ ਤਾਂ ਇਹ ਹੈ ਕਿ ਰਾਜਾ, ਪਰਜਾ, ਮੰਡਪ, ਮਾੜੀਆਂ, ਕੱਪੜੇ, ਪਤੀ-ਪਤਨੀ ਸੰਬੰਧ ਆਦਿ ਸਭ ਨਾਸ਼ਮਾਨ ਹਨ। ਮਨੁੱਖ ਇਨ੍ਹਾਂ ਕੂੜ ਪਸਾਰਿਆਂ

ਵਿੱਚ ਪਿਆ ਕਰਤਾਰ ਨੂੰ ਵਿਸਾਰ ਦਿੰਦਾ ਹੈ ਅਤੇ ਇਥੋਂ ਤੱਕ ਆਪਣੇ ਅੰਤ ਨੂੰ ਵੀ ਭੁਲਾਈ ਬੈਠਾ ਮਾੜੇ ਕੰਮਾਂ ਵਿੱਚ ਰੁੱਝਿਆ ਰਹਿੰਦਾ ਹੈ। ਗੁਰੂ ਜੀ ਮਨੁੱਖ ਨੂੰ ਸਮਝਾਂਦੇ ਹੋਏ ਕਹਿੰਦੇ ਹਨ ਕਿ ਪਰਮਾਤਮਾ ਤੋਂ ਬਿਨਾਂ ਸਭ ਕੁਝ ਕੂੜ ਅਤੇ ਚਲਣਹਾਰ ਹੈ। ਇਹ ਛਲ ਰੂਪੀ ਸੰਸਾਰ ਸਾਰੇ ਜੀਵਾਂ ਨੂੰ ਸ਼ਹਿਦ ਵਾਂਗ ਮਿੱਠਾ ਲਗ ਰਿਹਾ ਹੈ ਅਤੇ ਜੀਵਾਂ ਦੇ ਪੂਰਾਂ ਦੇ ਪੂਰ ਡੋਬ ਰਿਹਾ ਹੈ। ਗੁਰੂ ਜੀ ਫਰਮਾਉਂਦੇ ਹਨ:-

ਕਿਸ ਨਾਲ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥
ਕੂੜੁ ਮਿਠਾ ਕੂੜ ਮਾਖਿਉ ਕੂੜੁ ਡੋਬੇ ਪੂਰੁ॥
ਨਾਨਕ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥[7]

ਗੁਰੂ ਨਾਨਕ ਦੇਵ ਜੀ ਦੇ ਮਾਨਵ ਸੰਕਲਪ ਦਾ ਮੂਲ ਆਧਾਰ ਮਨੁੱਖ ਨੂੰ ਮਨਮੁਖਤਾ ਤੋਂ ਸੁਚੇਤ ਕਰਾਉਂਦਿਆਂ ਗੁਰਮੁਖਤਾ ਦੇ ਰਾਹ ਵੱਲ ਲਿਜਾਣਾ ਹੈ। ਮਨਮੁੱਖ ਉਹ ਵਿਅਕਤੀ ਹੁੰਦਾ ਹੈ ਜੋ ਆਪਣੇ ਮਨ ਅਨੁਸਾਰ ਚਲਦਾ ਹੋਇਆ ਉਸ ਦਾ ਗੁਲਾਮ ਹੁੰਦਾ ਹੈ। ਉਹ ਆਪਣੇ ਚੰਚਲ ਮਨ ਦੀ ਅਗਵਾਈ ਵਿਚ ਰਹਿਣ ਕਾਰਨ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰਾਂ ਵਿਚ ਗ੍ਰਸਤ ਰਹਿੰਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹੋਏ ਗੁਰੂ ਦੀ ਸਿੱਖਿਆ ਉਤੇ ਚੱਲਕੇ ਗੁਰਮੁਖ ਬਣਨ ਦਾ ਸੰਦੇਸ਼ ਦਿੰਤੇ ਹਨ। ਗੁਰਮੁਖ ਗੁਰੂ ਦੇ ਦੱਸੇ ਰਾਹ ਉਤੇ ਚਲਦੇ ਹੋਏ ਅਪਣੇ ਮਨ ਨੂੰ ਪ੍ਰਭੂ ਦੀ ਸਿਫਤ ਸਲਾਹ ਵਿਚ ਜੋੜਦਾ ਹੋਇਆ 'ਅੰਜਨਿ ਮਾਹਿ ਨਿਰੰਜਨ ਰਹੀਏ' ਦੀ ਜੀਵਨ ਜਾਂਚ ਨੂੰ ਅਪਣਾਉਂਦਾ ਹੈ:-

ਇਕਨਾ ਭਾਣੈ ਕਢਿ ਲਏ ਇਕਨਾ ਮਾਇਆ ਵਿਚ ਨਿਵਾਸ॥
ਏਵਿ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ॥
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪ ਕਰੇ ਪਰਗਾਸ॥[8]

ਆਸਾ ਦੀ ਵਾਰ ਵਿਚ ਗੁਰੂ ਸਾਹਿਬ ਨੇ ਹੁਕਮ ਦਾ ਵੀ ਬਹੁਤ ਮਹੱਤਵ ਮੰਨਿਆ ਗਿਆ ਹੈ। ਸੰਸਾਰ ਦੀ ਸਾਰੀ ਰਚਨਾ ਉਸ ਦੇ ਹੁਕਮ ਨਾਲ ਹੁੰਦੀ ਹੈ ਅਤੇ ਸਾਰਾ ਵਿਧਾਨ ਉਸ ਦੇ ਹੁਕਮ ਵਿਚ ਬਣਿਆ ਹੈ। ਉਸ ਦੇ ਹੁਕਮ ਵਿਚ ਹਵਾ, ਪ੍ਰਿਥਵੀ, ਪਾਣੀ, ਦਰਿਆ, ਅੱਗ, ਸੂਰਜ, ਚੰਦ, ਦੇਵੀ ਦੇਵਤੇ ਉਸ ਦੇ ਭੈਅ ਵਿਚ ਆਪੋ ਆਪਣਾ ਕੰਮ ਕਰ ਰਹੇ ਹਨ। ਪਰਮਾਤਮਾ ਦੇ ਹੁਕਮ ਨੂੰ ਸਮਝਣਾ ਬੜਾ ਔਖਾ ਹੈ ਪਰ ਜਿਹੜਾ ਮਨੁੱਖ ਇਸ ਰਹੱਸ ਨੂੰ ਸਮਝ ਲੈਂਦਾ ਹੈ ਉਹ ਹਉਮੇ ਤੋਂ ਮੁਕਤ ਹੋ ਕੇ

ਨਿਮਰਤਾ, ਸਬਰ ਸੰਤੋਖ, ਸਹਿਣਸੀਲਤਾ, ਮਿਠਾਸ, ਰਜਾ, ਭਾਣਾ ਮੰਨਣ ਆਦਿ ਗੁਣਾਂ ਦਾ ਧਾਰਣੀ ਹੋ ਜਾਂਦਾ ਹੈ। ਅਜਿਹੇ ਮਨੁੱਖਾਂ ਉਤੇ ਪਰਮਾਤਮਾ ਦੀ ਮਿਹਰ ਹੁੰਦੀ ਹੈ ਅਤੇ ਉਹ ਉਹਨਾਂ ਨੂੰ ਆਪਣੇ ਵਿੱਚ ਸਮਾ ਲੈਂਦਾ ਹੈ। ਗੁਰੂ ਜੀ ਕਹਿੰਦੇ ਹਨ:-

ਇਕਨਾ ਹੁਕਮਿ ਸਮਾਇ ਲਏ ਇਕਨਾ ਹੁਕਮ ਕਰੇ ਵਿਣਾਸੁ॥
ਇਕਨਾ ਭਾਣੈ ਕਢਿ ਲਏ ਇਕਨਾ ਮਾਇਆ ਵਿਚ ਨਿਵਾਸ॥
ਸਾਹਿਬੁ ਹੋਇ ਦਇਆਲ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ॥[9]
ਸੋ ਸੇਵਕ ਸੇਵਾ ਕਰੇ ਜਿਸ ਨੋ ਹੁਕਮ ਮਨਾਇਸੀ॥
ਹੁਕਮਿ ਮੰਨਿਐ ਹੋਵੇ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ[10]

ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਆਪਣੇ ਸਮਕਾਲੀ ਜੀਵਨ ਦੇ ਧਾਰਮਿਕ, ਰਾਜਨੀਤਕ, ਸਮਾਜਿਕ, ਸਭਿਆਚਾਰਕ ਖੇਤਰਾਂ ਵਿੱਚ ਆਈ ਗਿਰਾਵਟ ਦਾ ਵਰਣਨ ਕਰਦਿਆਂ ਇਨਾਂ ਵਿਰੁੱਧ ਅਵਾਜ ਉਠਾਈ ਹੈ। ਧਰਮ ਸਮਾਜ ਨਾਲੋਂ ਟੁੱਟਾ ਹੋਇਆ ਚਿੰਤਨ ਨਹੀ ਹੈ। ਧਰਮ ਨੇ ਸਮਾਜ ਅਤੇ ਮਨੁੱਖ ਨੂੰ ਅਪਣਾ ਕੇ ਤੁਰਨਾ ਹੈ। ਗੁਰੂ ਨਾਨਕ ਦੇਵ ਜੀ ਨੇ ਤਤਕਾਲੀ ਧਾਰਮਿਕ ਜੀਵਨ ਵਿਚ ਮੁਰਤੀ ਪੂਜਾ, ਦਿਖਾਵੇ ਦੇ ਫੋਕਟ ਕਰਮ ਕਾਡਾਂ, ਪਾਖੰਡਾਂ ਦਾ ਖੰਡਨ ਕਰਦਿਆਂ ਧਰਮ ਦਾ ਅਸਲੀ ਰਾਹ ਦੱਸਿਆ ਹੈ।

ਮੁਸਲਮਾਨ ਉਸ ਸਮੇ ਸਰ੍ਹਾਂ ਦੀ ਸਿਫਤ, ਵਿਚਾਰ, ਇਸ ਦੀ ਬੰਦਿਸ਼ ਰੱਬ ਦਾ ਦੀਦਾਰ ਵੇਖਣ ਲਈ ਕਰਦੇ ਸਨ ਤੇ ਅਜਿਹਾ ਕਰਕੇ ਆਪਣੇ ਆਪ ਨੂੰ ਰੱਬ ਦਾ ਬੰਦਾ ਸਮਝਦੇ ਸਨ। ਹਿੰਦੂ ਧਰਮ ਨੂੰ ਮੰਨਣ ਵਾਲੇ ਲੋਕ ਪ੍ਰਭੂ ਦੀ ਸਿਫਤ ਸਲਾਹ ਕਰਨ ਦੇ ਨਾਲ-ਨਾਲ ਤੀਰਥ ਇਸ਼ਨਾਨ, ਮੂਰਤੀ ਪੂਜਾ, ਵੇਦ ਪੁਰਾਣ ਦਾ ਅਧਿਐਨ ਕਰਨ ਨੂੰ ਆਪਣਾ ਅਸਲੀ ਜੀਵਨ ਸਮਝੀ ਬੇਠੇ ਸਨ। ਜੋਗੀ ਸੁੰਨ ਸਮਾਧੀ ਲਗਾ ਕੇ ਸਰੀਰ ਨੂੰ ਅਨੇਕਾਂ ਤਰ੍ਹਾਂ ਦੇ ਕਸ਼ਟ ਦੇ ਕੇ ਕਰਤਾਰ ਨੂੰ ਅਲਖ ਨਾਮ ਨਾਲ ਉਚਾਰਦੇ ਸਨ। ਹਿੰਦੂ ਮੁਰਦਿਆਂ ਨੂੰ ਸਾੜਦੇ ਸਨ ਅਤੇ ਮੁਸਲਮਾਨ ਉਨ੍ਹਾਂ ਨੂੰ ਦਫਨਾਉਦੇ ਸਨ। ਉਨਾਂ ਦਾ ਵਿਚਾਰ ਸੀ ਕਿ ਸਾੜਨ ਨਾਲ ਸਰੀਰ ਦੋਜ਼ਖ਼ ਦੀ ਅੱਗ ਵਿੱਚ ਸੜਦਾ ਹੈ। ਇਸੇ ਤਰਾਂ ਬ੍ਰਾਹਮਣ, ਪੰਡਿਤ ਧਾਰਮਿਕ ਪੁਸਤਕਾਂ ਦੀ ਵਿਆਖਿਆ ਕਰਨੀ, ਜਨੇਊ ਪਾਉਣਾ, ਗਲ ਵਿਚ ਮਾਲਾ ਪਾਉਣੀ, ਮੱਥੇ ਤੇ ਤਿਲਕ ਲਗਾ ਕੇ ਹਮੇਸ਼ਾ ਦੋ ਧੋਤੀਆਂ ਆਪਣੇ ਕੋਲ ਰੱਖਦੇ ਸਨ। ਗੁਰੂ ਸਾਹਿਬ ਨੂੰ ਇਨਾਂ ਸਭ ਕਰਮ ਕਾਂਡਾ ਦਾ

ਨਿਖੇਧ ਕਰਦਿਆਂ ਦਿਸ਼ਾਹੀਣ ਲੋਕਾਈ ਨੂੰ ਇਕ ਪਰਮਾਤਮਾ ਦੇ ਨਾਮ ਸਿਮਰਨ ਨਾਲ ਜੋੜਨ ਦਾ ਮਾਰਗ ਦਿਖਾਇਆ। ਗੁਰੂ ਜੀ ਦਾ ਕਥਨ ਹੈ:-

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਿਹ ਤਰਣੁ ਨ ਜਾਈ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਾਲੇਛਾ ਖਾਈ॥
ਅੰਤਰਿ ਪੂਜਾ ਪੜਿਹ ਕਤੇਬਾ ਸੰਜਮੁ ਤੁਰਕਾ ਭਾਈ
ਛੋਡੀਏ ਪਾਖੰਡਾ॥
ਨਾਮਿ ਲਇਐ ਜਾਹਿ ਤਰੰਦਾ॥[11]

ਪ੍ਰੀਤਮ ਸਿੰਘ ਅਨੁਸਾਰ,

"ਗੁਰੂ ਨਾਨਕ ਦੇਵ ਜੀ ਧਾਰਮਿਕ ਆਡੰਬਰਾਂ ਤੋਂ ਤੰਗ ਆਈ ਹੋਈ ਜਨਤਾ ਦੇ ਆਹਤ-ਨਾਦ ਨੂੰ ਸੁਣਕੇ ਚੁੱਪ ਨਾ ਰਹਿ ਸਕੇ, ਧਾਰਮਿਕ ਸੰਕੀਰਣਤਾ ਹੀ ਸਭ ਸਮਾਜਿਕ ਅਨਾਚਾਰਾਂ ਦਾ ਕਾਰਣ ਸੀ। ...ਯੋਗੀਆਂ ਤੇ ਸੰਨਿਆਸੀਆਂ ਦੇ ਬਾਹਰੀ ਆਚਾਰ ਵਿਹਾਰ ਤੋਂ ਜਨਤਾ ਦੇ ਮਨ ਵਿਚ ਉਨਾਂ ਪ੍ਰਤੀ ਨਫਰਤ ਦੀ ਭਾਵਨਾ ਜਗਾਉਣ ਲਈ ਅਤੇ ਨਾਮ ਸਿਮਰਨ ਉਤੇ ਜੋਰ ਦਿੰਦਿਆ ਉਨਾਂ ਨੂੰ ਰੂੜੀਵਾਦਤਾ ਤੋਂ ਛੁਟਕਾਰਾ ਦਿਵਾਉਣ ਲਈ ਗੁਰੂ ਨਾਨਕ ਦੇਵ ਜੀ ਨੇ ਆਪਣਾ ਸੁਧਾਰ ਵਾਦੀ ਦ੍ਰਿਸਟੀਕੋਣ ਦਿੱਤਾ।"[12]

ਗੁਰੂ ਨਾਨਕ ਦੇਵ ਜੀ ਦੇ ਸਮੇ ਭਾਰਤੀ ਸਮਾਜਿਕ ਸੰਗਠਨ ਦਾ ਮੂਲ ਅਧਾਰ ਵਰਣ ਵਿਵਸਥਾ ਸੀ। ਬ੍ਰਾਹਮਣ ਆਪਣੇ ਆਪ ਨੂੰ ਸਭ ਤੋਂ ਉਚੀ ਸ੍ਰੇਣੀ ਮੰਨਦੇ ਹੋਏ ਨੀਵੀਆਂ ਸ੍ਰੇਣੀਆਂ ਨਾਲ ਦੁਰ ਵਿਵਹਾਰ ਕਰਦੇ ਸਨ। ਉਹ ਸਮਾਜ ਦੇ ਠੇਕੇਦਾਰ ਬਣ ਕੇ ਲੋਕਾਂ ਨੂੰ ਸੁਚ-ਭਿਟ, ਸੂਤਕ, ਜਨੇਊ, ਸਰਾਧ ਦੇ ਜਾਲ ਵਿੱਚ ਫਸਾਈ ਬੇਠੇ ਸਨ। ਗੁਰੂ ਜੀ ਕਹਿੰਦੇ ਹਨ :-

ਸਭੋ ਸੂਤਕ ਭਰਮ ਹੈ ਦੂਜੇ ਲਗੈ ਜਾਇ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥[13]
ਸੂਚੇ ਏਹਿ ਨ ਆਖੀਅਹਿ ਬਹਿਨ ਜਿ ਪਿੰਡਾ ਧੋਇ
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥[14]

ਗੁਰੂ ਨਾਨਕ ਦੇਵ ਜੀ ਅਨੁਸਾਰ ਮਨੁੱਖ ਲੱਖਾਂ ਚੋਰੀਆਂ, ਠੱਗੀਆਂ ਕਰਦਾ ਹੈ ਅਤੇ ਫਿਰ ਸਮਾਜਿਕ ਵਿਖਾਵੇ ਲਈ ਜੰਞੂ ਧਾਰਨ ਕਰਨ ਲਈ ਕਪਾਹ ਤੋਂ ਧਾਗਾ ਕੱਢਦਾ ਹੈ ਅਤੇ ਇਸ ਨੂੰ ਬ੍ਰਾਹਮਣ ਆ ਕੇ

ਵੱਟਦਾ ਹੈ। ਜਦੋਂ ਜਨੇਊ ਧਾਰਨ ਕਰ ਲਿਆ ਜਾਂਦਾ ਹੈ ਤਾਂ ਘਰ ਆਏ ਸਕੇ-ਸੰਬੰਧੀਆਂ ਦੀਆਂ ਨੂੰ ਬੱਕਰਾ ਮਾਰ ਕੇ, ਰਿੰਨ ਕੇ ਖਵਾਉਂਦਾ ਹੈ, ਜਦੋਂ ਜਨੇਊ ਪੁਰਾਣਾ ਹੋ ਜਾਂਦਾ ਹੈ ਤਾਂ ਉਸਨੂੰ ਸੁੱਟ ਕੇ ਨਵਾਂ ਪਾ ਲਿਆ ਜਾਂਦਾ ਹੈ। ਗੁਰੂ ਜੀ ਬ੍ਰਾਹਮਣ ਦੁਆਰਾ ਫੈਲਾਏ ਹੋਏ ਜਨੇਊ, ਸੁਚ-ਭਿੱਟ, ਸੂਤਕ, ਸਰਾਧ ਆਦਿ ਕਰਮ ਕਾਡਾਂ ਨੂੰ ਭੇਖੀ ਕਹਿੰਦਿਆਂ ਦਇਆ, ਸੰਤੋਖ ਦਾ ਸੱਚਾ ਜਨੇਊ ਪਾਉਣ ਦੀ ਸਿੱਖਿਆ ਦਿੰਦੇ ਹਨ।

ਦਇਆ ਕਪਾਹ ਸੰਤੋਖ ਸੂਤੁ ਜਤੁ ਗੰਢੀ ਸਤੁ ਵਟ॥
ਏਹ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ ॥[15]

ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿੱਚ ਤਤਕਾਲੀ ਸਮੇਂ ਵਿਚਲੀ ਰਾਜਨੀਤਿਕ ਉੱਥਲ-ਪੁੱਥਲ, ਅਰਾਜਕਤਾ, ਆਰਥਿਕ, ਬੋਧਿਕ ਪਤਨ ਦਾ ਵਰਣਨ ਵੀ ਕੀਤਾ ਹੈ। ਮੁਸਲਮਾਨੀ ਰਾਜ ਹੋਣ ਕਾਰਨ ਕਾਜੀਆ,ਮੁਲਾਂ ਨੂੰ ਉੱਚੀਆਂ ਪਦਵੀਆਂ ਮਿਲੀਆਂ ਹੋਈਆ ਸਨ।

ਇਸਲਾਮ ਧਰਮ ਵਿੱਚ ਮੂਰਤੀ ਪੂਜਾ ਕੁਫਰ ਸੀ। ਹਿੰਦੂਆਂ ਨੂੰ ਜਬਰੀ ਮੁਸਲਮਾਨੀ ਧਰਮ ਕਬੂਲ ਕਰਵਾਇਆ ਜਾਂਦਾ ਸੀ। ਰਾਜੇ, ਮੁੱਕਦਮ, ਮੁਲਾਣੇ, ਕਾਜੀ ਆਪਣੇ ਫਰਜ ਭੁੱਲ ਕੇ ਜਨਤਾ ਉਤੇ ਅਤਿਆਚਾਰ ਕਰ ਰਹੇ ਸਨ। ਹਰ ਪਾਸੇ ਰਿਸ਼ਵਤ ਖੋਰੀ, ਭ੍ਰਿਸਟਾਚਾਰ, ਚੋਰ ਬਜਾਰੀ ਕਾਰਨ ਸਮਾਜ ਦਾ ਨੈਤਿਕ ਅਤੇ ਮਾਨਸਿਕ ਪਤਨ ਹੋ ਚੁੱਕਾ ਸੀ। ਗੁਰੂ ਨਾਨਕ ਦੇਵ ਜੀ ਅਜਿਹੀ ਅਵਸਥਾ ਦਾ ਵਰਣਨ ਕਰਦੇ ਹੋਏ ਕਹਿੰਦੇ ਹਨ:-

ਲਬੁ ਪਾਪੁ ਦੁਇ ਰਾਜਾ ਮਹਤਾ ਕੂੜ ਹੋਆ ਸਿਕਦਾਰ॥
ਕਾਮ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰੇ ਸੀਗਾਰ ॥[16]
ਮਾਣਸ ਖਾਣੇ ਕਰਹਿ ਨਿਵਾਜ॥
ਛੁਰੀ ਵਗਾਇਨਿ ਤਿਨ ਗਲਿ ਤਾਗ॥
ਉਨੀ ਭੀ ਆਵਹਿ ਉਈ ਸਾਧ॥
ਕੂੜੀ ਰਾਸਿ ਕੂੜਾ ਵਾਪਾਰੁ॥

ਕੂੜ ਬੋਲਿ ਕਰਹਿ ਆਹਾਰੁ ॥[17]

ਗੁਰੂ ਸਾਹਿਬ ਜੀ ਦੇ ਸਮੇਂ ਇਸਤਰੀ ਜਾਤੀ ਦੀ ਦਸ਼ਾ ਦਰਦਨਾਕ ਸੀ। ਵੱਖ-ਵੱਖ ਧਰਮਾਂ ਅਤੇ ਵਿਚਾਰ ਪ੍ਰਣਾਲੀਆਂ ਵਿਚ ਇਸਤਰੀ ਨੂੰ ਸਿਰਫ ਭੋਗ ਵਿਲਾਸ ਦੀ ਵਸਤੂ ਹੀ ਸਮਝਿਆ ਜਾਂਦਾ ਸੀ। ਮਰਦਾਂ ਕੋਲ ਆਰਥਿਕ ਸਰਦਾਰੀ ਹੋਣ ਕਾਰਨ ਔਰਤਾਂ ਨਾਲ ਸ਼ੂਦਰਾਂ ਵਾਲਾ ਵਿਵਹਾਰ ਕੀਤਾ ਜਾਂਦਾ ਸੀ। ਉਸ ਸਮੇਂ ਬਾਲ ਵਿਆਹ ਅਤੇ ਪਰਦੇ ਦਾ ਰਿਵਾਜ ਸੀ। ਜੇਕਰ ਔਰਤ ਦੇ ਪਤੀ ਦੀ ਮੌਤ ਹੋ ਜਾਂਦੀ ਸੀ ਤਾਂ ਉਸ ਸਮੇਂ ਉਸ ਸਮੇ ਉਸ ਨੂੰ ਦੂਜਾ ਵਿਆਹ ਕਰਨ ਦੀ ਇਜਾਜਤ ਨਹੀਂ ਸੀ। ਉਸ ਨੂੰ ਆਰਥਿਕ ਤੌਰ ਉੱਤੇ ਵਿਆਹ ਤੋਂ ਪਹਿਲਾਂ ਪਿਤਾ ਤੇ, ਵਿਆਹ ਤੋਂ ਬਾਅਦ ਪਤੀ ਅਤੇ ਪੁੱਤਰ ਉੱਤੇ ਨਿਰਭਰ ਰਹਿਣਾ ਪੈਂਦਾ ਸੀ। ਸਮਾਜਿਕ ਰਾਜਸੀ, ਧਾਰਮਿਕ ਅਤੇ ਵਿਦਿਅਕ ਖੇਤਰਾਂ ਵਿੱਚ ਔਰਤ ਨੂੰ ਨੀਵੇਂ ਦਰਜੇ ਦੀ ਮੰਨਿਆ ਜਾਂਦਾ ਸੀ।

ਗੁਰੂ ਸਾਹਿਬ ਅਨੁਸਾਰ ਜਿੰਦਗੀ ਦੇ ਸਾਰੇ ਸਮਾਜਿਕ ਰਿਸ਼ਤਿਆਂ ਦਾ ਧੁਰਾ ਔਰਤ ਹੈ। ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਔਰਤ ਨੂੰ 'ਰਾਜਿਆ ਦੀ ਜਣਨੀ' ਦਾ ਸਤਿਕਾਰ ਦਿੰਦਿਆਂ ਗ੍ਰਹਿਸਥ ਜੀਵਨ ਵਿੱਚ ਔਰਤ ਅਤੇ ਮਰਦ ਦੋਹਾਂ ਦੀ ਹੋਂਦ ਨੂੰ ਮਹੱਤਵ ਦਿੱਤਾ। ਗੁਰੂ ਜੀ ਦਾ ਕਥਨ ਹੈ :-

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥[18]

ਆਸਾ ਦੀ ਵਾਰ ਵਿਚ ਗੁਰੂ ਸਾਹਿਬ ਨੇ ਨਿਮਰਤਾ ਮਿਠਾਸ, ਦਇਆ, ਸੰਤੋਖ ਆਦਿ ਗੁਣਾਂ ਨੂੰ ਧਾਰਨ ਕਰਕੇ ਸਦਾਚਾਰੀ ਬਣਨ ਲਈ ਪ੍ਰੇਰਿਆ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਮਨੁੱਖੀ ਆਚਾਰ ਵਿਚ ਨਿਮਰਤਾ ਇਕ ਅਜਿਹਾ ਸਦਾਚਾਰਕ ਗੁਣ ਹੈ, ਜਿਸ ਵਿੱਚ ਨਿਰਸੁਆਰਥ, ਦਿਖਾਵਾ ਆਡੰਬਰ ਤੋਂ ਰਹਿਤ ਭਾਵਨਾ ਹੁੰਦੀ ਹੈ। ਗੁਰੂ ਜੀ ' ਸਿੰਮਲ 'ਦਰਖਤ ਦੀ ਉਦਾਹਰਣ ਦੇ ਕੇ ਸਮਝਾਉਂਦੇ ਹਨ ਕਿ ' ਸਿੰਮਲ ' ਦਰਖਤ ਸਿੱਧਾ, ਲੰਮਾ, ਮੋਟਾ ਹੁੰਦਾ ਹੈ। ਪੰਛੀ ਉਸ ਉਤੇ ਇਸ ਆਸ ਨਾਲ ਬੈਠਦੇ ਹਨ ਕਿ ਇਸ ਦਾ ਫਲ ਮਿੱਠਾ ਹੈ ਪਰ ਇਸ ਦੇ ਫਲ ਫਿੱਕੇ ਅਤੇ ਫੁੱਲ ਬਕਬਕਾ ਸੁਆਦ ਦਿੰਦੇ ਹਨ ਜੋ ਪੰਛੀਆਂ ਦੇ ਕਿਸੇ ਕੰਮ ਨਹੀਂ ਆਉਂਦੇ। ਇਸ ਤਰ੍ਹਾਂ ਸ਼ਿਕਾਰੀ ਹਿਰਨ ਨੂੰ ਮਾਰਨ ਲਈ ਦੋਹਰਾ ਨਿਊਦਾ ਹੈ ਪਰ

ਇਸ ਪਿਛੇ ਉਸ ਦਾ ਆਪਣਾ ਸੁਆਰਥ ਹੁੰਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਨਿਮਰਤਾ ਧਾਰਨ ਕਰਕੇ ਦਿਲੋਂ ਜਿਊਣ ਲਈ ਕਹਿੰਦੇ ਹਨ। ਗੁਰੂ ਸਾਹਿਬ ਅਨੁਸਾਰ :-

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥
ਫਲ ਫਿਕੇ ਫੁਲ ਬਕਬਕੇ ਕੰਮ ਨ ਆਵਹਿ ਪਤ॥
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥[19]

ਗੁਰੂ ਜੀ ਅਨੁਸਾਰ ਫਿਕਾ ਜੋ ਕੌੜਾ ਬੋਲਣ ਵਾਲੇ ਮਨੁੱਖ ਮਿਠਾਸ ਤੋਂ ਸੱਖਣੇ ਹੁੰਦੇ ਹਨ। ਉਨ੍ਹਾਂ ਦਾ ਰੁੱਖਾ ਵਿਵਹਾਰ ਉਨਾਂ ਨੂੰ ਸਭ ਤੋਂ ਦੂਰ ਕਰ ਦਿੰਦਾ ਹੈ। ਅਜਿਹੇ ਲੋਕ ਫਿੱਕੀ ਅਤੇ ਝੂਠੀ ਸ਼ੂਹਰਤ ਕਾਰਨ ਸਜਾ ਦਾ ਭਾਗੀਦਾਰ ਬਣਦੇ ਹਨ।

ਗੁਰੂ ਜੀ ਕਹਿੰਦੇ ਹਨ ;-

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥[20]

ਗੁਰੂ ਨਾਨਕ ਦੇਵ ਜੀ ਰਚਿਤ ਆਸਾ ਦੀ ਵਾਰ ਅਨੇਕਾਂ ਸਲੋਕ ਅਤੇ ਪਉੜੀਆਂ ਵਿੱਚ ਸਦਾਚਾਰ ਦੀ ਮਹੱਤਤਾ ਦਾ ਵਰਣਨ ਕੀਤਾ ਗਿਆ ਹੈ। ਸਦਾਚਾਰੀ ਮਨੁੱਖ ਆਪਣੇ ਹੰਕਾਰ ਤੋਂ ਉਪੱਰ ਉੱਠ ਕੇ ਕਿਸੇ ਨੂੰ ਮੰਦੇ ਬੋਲ ਨਹੀਂ ਬੋਲਦਾ ਹੈ। ਉਹ ਸਬਰ ਸੰਤੋਖ ਵਿੱਚ ਰਹਿ ਕੇ ਆਪਣੇ ਆਚਾਰ ਵਿੱਚ ਸੰਜਮਤਾ ਲਿਆਉਦਾ ਹੈ। ਗੁਰੂ ਜੀ ਅਨੁਸਾਰ :-

ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ॥
ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ॥
ਜਾ ਰਹਣਾ ਨਾਹੀ ਐਤ ਜਗਿ ਤਾ ਕਾਇਤੁ ਗਾਰਿਬ ਹੰਢੀਐ॥
ਮੰਦਾ ਕਿਸੈ ਨ ਅਈਐ ਪੜਿ ਅਖਰੁ ਏਹੋ ਬੁਝੀਐ ॥[21]

ਸਮੁੱਚੇ ਤੌਰ ਉੱਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਰਚਿਤ 'ਆਸਾ ਦੀ ਵਾਰ' ਵਿਚ ਸਿਖ ਧਰਮ ਅਤੇ ਸਿੱਖ ਚਿੰਤਨ ਵਿਚਲੀ ਦਾਰਸ਼ਨਿਕਤਾ ਦੇ ਨਾਲ-ਨਾਲ ਉਸ ਸਮੇਂ ਦੀਆਂ ਧਾਰਮਿਕ, ਸਮਾਜਿਕ, ਰਾਜਨੀਤਕ,ਆਰਥਿਕ, ਸਭਿਆਚਾਰਕ ਪ੍ਰਸਥਿਤੀਆਂ ਦਾ ਵਰਣਨ ਮਿਲਦਾ ਹੈ। ਇਹ ਵਾਰ ਅਕੁਲ ਪੁਰਖ ਪਰਮਾਤਮਾ, ਗੁਰੂ ਦੀ ਵੱਡਿਆਈ ਨੂੰ ਆਪਣੇ ਵਰਣਨ ਦਾ ਅਧਾਰ ਬਣਾਉਂਦੀ ਹੈ। ਆਸਾ ਦੀ ਵਾਰ ਸਾਡੀ ਭਾਰਤੀ ਸੰਸਕ੍ਰਿਤੀ ਵਿਚ ਇਕ ਚਾਨਣ ਮੁਨਾਰੇ ਵਜੋਂ ਅਜੋਕੇ ਸਮੇਂ ਵਿਚ ਭਟਕ ਰਹੇ ਮਨੁੱਖ ਦਾ ਮਾਰਗ ਦਰਸ਼ਨ ਕਰਦੀ ਹੈ।

## ਹਵਾਲੇ ਅਤੇ ਪੁਸਤਕ ਸੂਚੀ


1. ਭਾਈ ਕਾਹਨ ਸਿੰਘ ਨਾਭਾ, "ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼ ", ਪੰਨਾ 1091
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 462.
3. ਉਹੀ, ਪੰਨਾ 462.
4. ਉਹੀ, ਪੰਨਾ 466.
5. ਉਹੀ, ਪੰਨਾ 466.
6. ਉਹੀ, ਪੰਨਾ 464.
7. ਉਹੀ, ਪੰਨਾ 468.
8. ਉਹੀ, ਪੰਨਾ 463.
9. ਉਹੀ, ਪੰਨਾ 471.
10. ਉਹੀ, ਪੰਨਾ 471.
11. ਉਹੀ, ਪੰਨਾ 471.
12. ਪ੍ਰੀਤਮ ਸਿੰਘ, " ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ " ਪੰਨਾ 474.
13. ਗੁਰੂ ਗ੍ਰੰਥ ਸਾਹਿਬ, ਪੰਨਾ 472.
14. ਉਹੀ, ਪੰਨਾ 472.
15. ਉਹੀ, ਪੰਨਾ 471 .
16. ਉਹੀ, ਪੰਨਾ 468.
17. ਉਹੀ, ਪੰਨਾ 471.
18. ਉਹੀ, ਪੰਨਾ 473.
19. ਉਹੀ, ਪੰਨਾ 470.
20. ਉਹੀ, ਪੰਨਾ 473.
21. ਉਹੀ, ਪੰਨਾ 473.
22. ਕਾਹਨ ਸਿੰਘ ਨਾਭਾ, " ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼ ", ਨੈਸ਼ਨਲ ਬੁੱਕ ਸ਼ਾਪ, ਦਿੱਲੀ, 2003.

23. ਡਾ. ਦਰਸ਼ਨ ਸਿੰਘ, "ਧਰਮ ਅਧਿਐਨ ਤੇ ਸਿੱਖ ਅਧਿਐਨ ", ਪੰਜਾਬੀ ਯੂਨੀਵਰਸਿਟੀ, ਪਟਿਆਲਾ 2000.

24. ਪ੍ਰੀਤਮ ਸਿੰਘ, " ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ", ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ ਲੁਧਿਆਣਾ, 1969.

25. ਬਲਕਾਰ ਸਿੰਘ, " ਗੁਰਮਤਿ ਵਿਵੇਚਨ ", ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1995.

26. ਡਾ. ਬਲਜੀਤ ਕੌਰ, " ਗੁਰਬਾਣੀ ਧਰਮ ਤੇ ਸਾਹਿਤ ", ਸੁੰਦਰ ਬੁੱਕ ਡਿਪੂ, ਮਾਈ ਹੀਰਾ ਗੇਟ, ਜਲੰਧਰ, 1996. "

27. ਡਾ. ਰਮਨਪ੍ਰੀਤ ਕੌਰ, ਰਾਜਨਪ੍ਰੀਤ ਕੌਰ, " ਆਸਾ ਦੀ ਵਾਰ ਸਰੂਪ ਤੇ ਸੰਚਾਰ ", ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,2016.

28. ਡਾ. ਰਾਮ ਸਿੰਘ, " ਗੁਰੂ ਨਾਨਕ ਬਾਣੀ ਪਰਖ ਤੇ ਸਮਝ ", ਮਨੋਹਰ ਪੁਸਤਕ ਮਾਲਾ, ਚੰਡੀਗੜ੍ਹ,1989.

# ਗੁਰੂ ਨਾਨਕ ਦਾ ਕਰਮ ਸਿਧਾਂਤ

**ਰਵਿੰਦਰ ਕੌਰ**

ਐਸੋਸੀਏਟ ਪ੍ਰੋਫੈਸਰ, ਖਾਲਸਾ ਕਾਲਜ ਫਾਰ ਵਿਮਨ, ਅੰਮ੍ਰਿਤਸਰ

---

ਮਹਾਂਦੀਪ ਏਸ਼ੀਆ ਵਿਚ ਪੰਜਾਬ ਦੀ ਧਰਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਅਜਿਹੇ ਰਹਿਬਰ ਅਤੇ ਰਾਹ ਦਸੇਰੇ ਹੋਏ ਹਨ, ਜਿਨ੍ਹਾਂ ਨੇ ਆਪਣੇ ਪੂਰਵਕਾਲੀ ਅਤੇ ਸਮਕਾਲੀ ਸਮਾਜ ਦੀ ਵੱਖ-ਵੱਖ ਫਿਰਕਿਆਂ ਅਤੇ ਸੰਪਰਦਾਵਾਂ ਵਿਚ ਵੰਡੀ ਫੋਕੀ ਕਰਮਕਾਂਡੀ ਜੀਵਨ ਜਾਚ ਨੂੰ ਸ਼ੁਭ ਕਰਮ ਅਧਾਰਿਤ ਸਾਂਵੀ ਅਤੇ ਸੁਖਾਵੀਂ ਜੀਵਨ ਜਾਚ ਵਿਚ ਪਰਵਰਤਿਤ ਹੀ ਨਹੀਂ ਕੀਤਾ ਸਗੋਂ ਸੰਸਾਰ ਪੱਧਰ ਦੇ ਜੀਵਨ ਭਵਿੱਖ ਵਾਸਤੇ ਵੀ ਅਜਿਹੇ ਪੂਰਨੇ ਪਾਏ ਜਿਨ੍ਹਾਂ ਨੂੰ ਜੀਵਨ ਵਿਚ ਅੱਜ ਸਾਰੀ ਲੋਕਾਈ ਆਪਣੇ ਜੀਵਨ ਨੂੰ ਮਾਣ-ਸਨਮਾਨ ਅਤੇ ਅਣਖ ਇੱਜ਼ਤ ਨਾਲ ਜੀਵਨ ਬਿਤਾਉਣਾ ਸਮਝਦੀ ਹੈ। "ਗੁਰੂ ਨਾਨਕ ਮਧਕਾਲੀਨ ਭਾਰਤ ਦੀਆਂ ਉਨ੍ਹਾਂ ਚਮਤਕਾਰੀ ਅਤੇ ਪ੍ਰਤਿਭਾਵਾਨ ਹਸਤੀਆਂ ਵਿਚੋਂ ਹਨ, ਜਿਨ੍ਹਾਂ ਨੇ ਆਪਣੇ ਵੇਲੇ ਦੇ ਸਭਿਆਚਾਰਕ ਮਾਹੌਲ ਵਿਚ ਕ੍ਰਾਂਤੀਕਾਰੀ ਪਰਿਵਰਤਨ ਲਿਆਉਣ ਦਾ ਉਪਰਾਲਾ ਕੀਤਾ ਹੈ। ਸਭਿਆਚਾਰ ਮੂਲ ਰੂਪ ਵਿਚ ਮਨੁੱਖ ਦੀ ਜੀਵਨ ਵਿਧੀ ਦਾ ਲਖਾਇਕ ਹੈ। ਇਹ ਕਦਰਾਂ-ਕੀਮਤਾਂ, ਰਹੁ-ਰੀਤਾਂ, ਵਿਚਾਰਧਾਰਾਵਾਂ ਅਤੇ ਚਿੰਤਨ-ਪਰੰਪਰਾਵਾਂ ਦਾ ਅਜਿਹਾ ਪ੍ਰਬੰਧ ਹੈ ਜੋ ਮਨੁੱਖੀ ਹੋਂਦ ਨੂੰ ਅਰਥ ਅਤੇ ਸਾਰਥਕਤਾ ਪ੍ਰਦਾਨ ਕਰਦਾ ਹੈ।"[1]

ਪਵਣ ਪਾਣੀ ਅਗਨੀ ਪਤਾਲੁ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲੁ॥[2]

ਗੁਰੂ ਨਾਨਕ ਦੇ 'ਜਪੁ' ਜੀ ਵਿਚ ਇਸ ਤੱਥ ਅਨੁਸਾਰ ਮਨੁੱਖ ਗ੍ਰਹਿ-ਧਰਤੀ' ਤੇ ਧਰਮਸ਼ਾਲਾ ਵਿਚ ਇਕ ਮਹਿਮਾਨ ਵਾਂਗੂੰ ਰਹਿੰਦਿਆਂ ਧਰਮ ਕਮਾਉਂਦਾ ਹੈ। ਇਸ ਮਾਤ-ਲੋਕ ਵਿਚ ਰੱਬੀ ਹੋਂਦ ਵਾਂਗ ਸਥਾਪਿਤ ਇਸ ਹਸਤੀ ਨੇ (1469ਈ ਤੋਂ 1708 ਈ:ਤੱਕ, ਦਸ ਗੁਰੂ ਜਾਮੇ) ਭਾਵ 239 ਵਰ੍ਹੇ ਪਿਆਰ, ਦਇਆ, ਸੱਚ, ਤਿਆਗ, ਕੁਰਬਾਨੀ ਆਦਿ ਸਦਗੁਣਾਂ ਨਾਲ ਭਰਿਆ ਭਾਵ ਸ਼ੁਭ ਅਮਲ (ਕਰਮ) ਨਾਲ ਭਰਪੂਰ ਜੀਵਨ ਜੀਵਿਆ ਵੀ ਅਤੇ ਇਸ ਜੀਵਨ ਜਾਚ ਨੂੰ ਸਿਧਾਂਤਿਕ ਰੂਪ ਵਿਚ (ਗੁਰਬਾਣੀ) ਰਚਨਾ ਬੱਧ ਵੀ ਕਰ ਦਿੱਤਾ। ਜਿਸ ਤੋਂ ਕੋਈ ਮਨੁੱਖ, ਕਿਤੇ ਵੀ, ਕਦੇ ਵੀ ਸੇਧ ਲੈ ਕੇ

ਜੀਵਨ ਮੁਕਤੀ ਅਤੇ ਜੀਵਨ ਸਫ਼ਲਤਾ ਪ੍ਰਾਪਤ ਕਰ ਸਕਦਾ ਹੈ। ਜੀਵਨ ਵਿਚ ਉਪਰੋਕਤ ਸਦਗੁਣਾਂ ਦਾ ਜੋੜ ਹੀ ਮੇਰੀ ਜਾਚੇ ਸ਼ੁਭ ਅਮਲ (ਕਰਮ) ਅਖਵਾਉਂਦਾ ਹੈ। ਜੋ ਮੇਰੇ ਪੇਪਰ ਦਾ ਵਿਸ਼ਾ ਹੈ।

ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ॥[3]

'ਸਚਅਚਾਰ' ਦਾ ਗੁਰੂ ਨਾਨਕ ਦਾ ਇਹ ਸਿਧਾਂਤ ਹੀ ਸ਼ੁਭ ਕਰਮ ਦਾ ਸਿਧਾਂਤ ਹੈ ਜਿਸ ਅੱਗੇ ਸਾਰੇ ਜੀਵਨ ਸਿਧਾਂਤ ਮਾਤ ਪੈ ਜਾਂਦੇ ਹਨ। ਇਹ ਪ੍ਰਮੁੱਖ ਹੈ। 1469 ਈ: ਭਾਵ ਜਨਮ ਤੋਂ ਲੈ ਕੇ 1539 ਈ: ਆਖ਼ਰੀ ਸਮੇਂ ਤੱਕ ਭਾਵ ਉਮਰ ਦੇ ਤਿੰਨੇ ਪੜ੍ਹਾਵਾਂ (1469 ਤੋਂ 1499, 1499 ਤੋਂ 1521 ਅਤੇ 1521-1539 ਤੱਕ)[4] ਵਿਚ ਗੁਰੂ ਨਾਨਕ ਦੇਵ ਜੀ ਨੇ ਜੀਵਨ ਵਿਚ ਸ਼ੁਭ ਅਮਲ ਦੇ ਤਾਰਕਿਕ ਸੂਤਰ ਨੂੰ ਹੀ ਕਮਾਇਆ, ਧਿਆਇਆ ਅਤੇ ਪਰਚਾਰਿਆ ਵੀ। ਸ਼ੁਭ ਕਰਮ ਦਾ ਇਹ ਸਿਧਾਂਤ ਹੀ ਜੀਵਨ ਮੁਕਤੀ ਅਤੇ ਜੀਵਨ ਸਫ਼ਲਤਾ ਦਾ ਆਧਾਰ ਹੈ। ਉਹ ਗੱਲ ਵੱਖਰੀ ਹੈ ਕਿ ਜੇ ਲੋਕਾਈ ਵਿਚ ਇਸ ਵੱਡਮੁੱਲੀ ਜੀਵਨ ਜਾਚ (ਸ਼ੁਭ ਕਰਮਾਂ ਦਾ ਸਿਧਾਂਤ) ਦੀ ਹਾਜ਼ਰੀ ਵਿਚ ਜੀਵਨ ਮੁਕਤੀ ਜਾਂ ਜੀਵਨ ਸਫ਼ਲਤਾ ਪ੍ਰਾਪਤ ਨਾ ਹੋ ਸਕੇ ਸਗੋਂ ਇਸ ਦੇ ਵਿਪਰੀਤ ਦੁਨੀਆਂ ਵਿਚ ਇਕ ਮਾਰੂ ਘਮਸਾਨ ਮਚਿਆ ਹੋਇਆ ਹੈ, ਤਾਂ ਇਸਦਾ ਸਪੱਸ਼ਟ ਕਾਰਨ ਹੈ ਕਿ 'ਕਾਰਜ' ਦੀ ਸਿੱਧੀ ਲਈ ਮਨੁੱਖ ਨੇ 'ਕਾਰਨ' ਦੀ ਪਾਲਣਾ ਨਹੀਂ ਕੀਤੀ ਸਗੋਂ ਉਲਟਾ ਕਮਾਦਿਕ ਰੁਚੀਆਂ ਦੇ ਪ੍ਰਭਾਵ ਹੇਠ 'ਗੱਲੀਂ ਅਸੀ ਚੰਗੀਆ ਅਚਾਰੀ ਬੁਰੀਆਹ॥ ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹੁ॥'[5] ਗੁਰੂ ਵਾਕ ਵਿਚਲੇ ਸੰਕੇਤ ਅਨੁਸਾਰ ਦਿਖਾਵੇ ਦਾ ਕਰਮ ਕਾਂਡ ਹੀ ਨਿਭਾਇਆ ਹੈ। ਪ੍ਰੰਤੂ ਅਜਿਹੀ ਸਥਿਤੀ ਬਾਰੇ ਲੋਕ ਕਹਾਵਤ ਹੈ ਕਿ 'ਗੁੜ, ਗੁੜ' ਕਹਿਣ ਨਾਲ ਤਾਂ ਮੂੰਹ ਮਿੱਠਾ ਨਹੀਂ ਨਾ ਹੋ ਜਾਂਦਾ।

ਗੁਰੂ ਨਾਨਕ ਪੂਰਵਕਾਲ ਅਤੇ ਸਮਕਾਲ ਦੀ ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਆਦਿ ਸਥਿਤੀ ਨੂੰ ਗੁਰਮਤਿ ਦੇ ਸਥਾਪਤ ਵਿਆਖਿਆਕਾਰ, ਜਿਨ੍ਹਾਂ ਦੀਆਂ ਰਚਨਾਵਾਂ ਨੂੰ ਗੁਰਬਾਣੀ ਦੀ ਕੁੰਜੀ ਦਾ ਦਰਜਾ ਹਾਸਿਲ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਮੁਢਲੇ ਲਿਖਾਰੀ ਹਨ, ਭਾਈ ਗੁਰਦਾਸ ਜੀ ਨੇ ਆਪਣੀ 'ਪਹਿਲੀ ਵਾਰ' ਦੀਆਂ ਪਉੜੀਆਂ ਵਿਚ ਦਰਸਾਇਆ ਹੈ। ਵਾਰ ਦੀ 27 ਵੀਂ ਪਉੜੀ ਵਿਚ ਗੁਰੂ ਨਾਨਕ ਆਗਮਨ ਦਾ ਪ੍ਰਭਾਵ ਤੇ ਇਸ ਦੀ ਮਹੱਤਤਾ ਦਰਸਾਉਂਦਿਆਂ ਲਿਖਦੇ ਹਨ:-

ਸਤਿਗੁਰ ਨਾਨਕ ਪ੍ਰਗਟਿਆ

ਮਿਟੀ ਧੁੰਦ ਜਗ ਚਾਨਣ ਹੋਆ॥

ਜਿਉਂ ਕਰ ਸੂਰਜ ਨਿਕਲਿਆ

ਤਾਰੇ ਛਪੇ ਅੰਧੇਰ ਪਲੋਆ॥

ਸਿੰਘ ਬੁਕੇ ਮਿਰਗਾਵਲੀ

ਭੰਨੀ ਜਾਇ ਨ ਧੀਰ ਧਰੋਆ॥

------------------

ਗੁਰਮੁਖਿ ਕਲਿ ਵਿਚ ਪਰਗਟ ਹੋਆ॥[6]

ਇਸ ਤਰ੍ਹਾਂ ਗੁਰੂ ਨਾਨਕ ਆਗਮਨ ਦਾ ਇਹ ਵੇਲਾ ਬ੍ਰਾਹਮਣਵਾਦ ਅਤੇ ਮੁਸਲਿਮ ਧਰਮ ਦੀਆਂ ਲੋਕਮਾਰੂ ਰਹੁ-ਰੀਤਾਂ ਅਤੇ ਕਰਮ ਕਾਂਡਾਂ ਦੀ ਧੁੰਦ ਦੇ ਕਹਿਰ ਨੂੰ ਸ਼ੁਭ ਅਮਲ ਦੇ ਹੋਕੇ ਰਾਹੀਂ ਦੂਰ ਕਰਨ ਅਤੇ ਨਸ਼ਟ ਕਰਨ ਦਾ ਵੇਲਾ ਸੀ। ਜੀਵਨ ਵਿਚ ਇਸ ਸ਼ੁਭ ਅਮਲ ਦੇ ਬੁਨਿਆਦੀ ਸਿਧਾਂਤ ਦੀ ਮਹੱਤਤਾ ਨੂੰ ਦਰਸਾਉਂਦਿਆਂ ਭਾਈ ਗੁਰਦਾਸ ਜੀ ਨੇ ਉਦਾਸੀਆਂ ਵੇਲੇ ਮੁਸਲਿਮ ਤੀਰਥ ਸਥਾਨ ਮੱਕੇ ਦੇ ਕਾਜ਼ੀਆਂ ਅਤੇ ਮੁੱਲਾਂ ਨਾਲ ਗੁਰੂ ਨਾਨਕ ਦੀ ਪ੍ਰਸ਼ਨੋਤਰੀ ਦਾ ਹਵਾਲਾ 'ਪਹਿਲੀ ਵਾਰ' ਦੀ 33 ਵੀਂ ਪਉੜੀ ਵਿਚ ਦਿੱਤਾ ਹੈ-

ਪੁਛਣ ਫੋਲ ਕਿਤਾਬ ਨੂੰ

ਹਿੰਦੂ ਵਡਾ ਕਿ ਮੁਸਲਮਨੋਈ?

ਬਾਬਾ ਆਖੇ ਹਾਜੀਆਂ

ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ।

------------------

ਰਾਹ ਸ਼ੈਤਾਨੀ ਦੁਨੀਆ ਗੋਈ॥੩੩॥[7]

"ਇਸ ਤਰ੍ਹਾਂ ਆਪਣੇ ਵੇਲੇ ਦੇ ਅਨੁਸਾਰ ਇਹ ਚੇਤਨਾ ਅਸਲੋਂ ਕ੍ਰਾਂਤੀਕਾਰੀ ਸੀ, ਕਿਉਂ ਜੋ ਇਹ ਸਥਾਪਿਤ ਧਰਮ ਸੰਸਕ੍ਰਿਤੀ ਨੂੰ ਵਿਸਥਾਪਿਤ ਕਰਨ ਦੀ ਪ੍ਰੇਰਨਾ ਜਗਾਉਂਦੀ ਸੀ। ਗੁਰੂ ਨਾਨਕ ਬਾਣੀ ਵਿਚ ਇਸ ਕਿਸਮ ਦੇ ਕ੍ਰਾਂਤੀਕਾਰੀ ਸਭਿਆਚਾਰਕ ਚਿੰਤਨ ਦੀ ਮਿਸਾਲ ਸਭ ਤੋਂ ਵਧੇਰੇ ਉਘੜਵੀਂ ਹੈ।"[8]

ਸਮਕਾਲੀ ਰਾਜਿਆਂ ਅਤੇ ਪਰਜਾ ਦੇ ਮੰਦੇ ਹਾਲ ਦੇ ਜ਼ਿਕਰ ਦੀ ਮਿਸਾਲ ਲੈਂਦੇ ਹਾਂ:-

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥

ਹਉ ਭਾਲਿ ਵਿਕੁੰਨੀ ਹੋਈ ਅੰਧੇਰੈ ਰਾਹੁ ਨ ਕੋਈ॥[9]

ਭਾਈ ਗੁਰਦਾਸ ਜੀ ਦੀ 'ਪਹਿਲੀ ਵਾਰ' ਦੀ ਸਤਵੀਂ ਪਉੜੀ ਵਿਚ ਕਲਜੁਗ ਦਾ ਵਰਣਨ ਕਰਦਿਆਂ ਗੁਰੂ ਨਾਨਕ ਦੇਵ ਜੀ ਦੀਆਂ ਉਪਰੋਕਤ ਪੰਕਤੀਆਂ ਨੂੰ ਹੀ ਵਿਆਖਿਆਇਆ ਹੈ।

ਕਲਿਜੁਗ ਚਉਥਾ ਥਾਪਿਆ

ਸੂਦ੍ਰ ਬਿਰਤਿ ਜਗ ਮਹਿ ਵਰਤਾਈ।

-----------------

ਭਏ ਬੇਅਦਲੀ ਪਾਤਸ਼ਾਹ

ਕਲਿ ਕਾਤੀ ਉਮਰਾਇ ਕਸਾਈ

----------------

ਕਰਮ ਭ੍ਰਿਸ਼ਟਿ ਸਭਿ ਭਈ ਲੋਕਾਈ॥੭॥[10]

ਸਾਰ ਅੰਸ਼ ਵਿਚ ਭਾਈ ਗੁਰਦਾਸ ਕਹਿੰਦੇ ਹਨ ਕਿ ਕਲਜੁਗ ਤੋਂ ਪਹਿਲਾਂ ਤਿੰਨ ਜੁਗਾਂ ਸਤਿਜੁਗ, ਤਰੇਤਾ ਅਤੇ ਦੁਆਪਰ ਜੁਗਾਂ ਤੋਂ ਕਲਜੁਗ ਵਿਚ ਕਰਮਾਂ ਦੀ ਦ੍ਰਿਸ਼ਟੀ ਤੋਂ ਸਾਰੇ ਲੋਕ ਭਰਿਸ਼ਟ ਹੋ ਗਏ, ਪਤਿਤ ਹੋ ਗਏ ਅਤੇ ਪਹਿਲੇ ਤਿੰਨਾਂ ਜੁਗਾਂ ਦਾ ਸੁਚਾਰੂ ਅੰਸ਼ ਅਲੋਪ ਹੀ ਹੋ ਗਿਆ। ਹੁਣ ਕੋਈ ਕਿਸੇ ਦਾ ਸਤਿਕਾਰ ਨਹੀਂ ਕਰਦਾ ਅਤੇ ਨਾ ਹੀ ਕੋਈ ਭਲੇ ਦਾ ਕੰਮ। ਹਰ ਕੋਈ ਖ਼ੁਦਗਰਜ਼ ਹੋ ਗਿਆ ਹੈ ਕਥਿਤ ਰਾਹ ਦਸੇਰੇ ਆਪਣੇ ਮਤਲਬ ਲਈ ਢੌਂਗੀ ਅਤੇ ਦੰਭੀ ਬਣ ਗਏ ਹਨ। ਵੱਖ-ਵੱਖ ਕਰਮ ਕਾਂਡਾਂ ਵਿਚ ਏਨੇ ਲਿਪਤ ਹੋ ਗਏ ਹਨ ਅਤੇ ਵੱਖਰੇ-ਵੱਖਰੇ ਢੌਂਗਾਂ ਪਾਖੰਡਾਂ ਅਤੇ ਦੰਭਾਂ ਨਾਲ ਲੋਕਾਈ ਨੂੰ ਪ੍ਰਭਾਵਿਤ ਕਰ ਰਹੇ ਹਨ- ਦੇਖ ਕੇ ਹਾਸਾ ਵੀ ਆਉਂਦਾ ਹੈ ਤੇ ਅਚੰਭਾ ਵੀ ਹੁੰਦਾ ਹੈ। ਕਥਿਤ ਪਾਖੰਡੀ ਸਾਧਾਂ ਦੇ ਕਰਮ ਨੂੰ ਗੁਰੂ ਨਾਨਕ ਦੇਵ ਜੀ ਨੇ ਵੱਖ-ਵੱਖ ਰਾਗਾਂ ਵਿਚ ਵੱਖਰੇ-ਵੱਖਰੇ ਪ੍ਰਸੰਗ ਨਾਲ ਜੋੜ ਕੇ ਅਜਿਹਿਆਂ ਦਾ ਪਾਜ ਉਘਾੜਿਆ ਹੈ।

ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ॥

ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ॥[11]

ਇਸ ਤਰ੍ਹਾਂ ਦੰਭੀ ਬ੍ਰਾਹਮਣ ਦਾ ਪਾਜ ਉਘਾੜਦਿਆਂ ਗੁਰੂ ਨਾਨਕ ਦੇਵ ਜੀ ਨੇ ਵੇਲੇ ਦੇ ਕਰਮਕਾਂਡੀ 'ਧਰਮੀਆਂ' ਦੇ ਦੰਭ ਨੂੰ ਨੰਗਿਆ ਕੀਤਾ ਹੈ ਅਤੇ ਕਲਜੁਗ ਵਿਚ ਪਤਿਤ ਹੋ ਚੁੱਕੇ ਸ਼ੁਭ

ਅਮਲ ਵੱਲ ਸੰਕੇਤ ਕਰਦਿਆਂ ਮਾਨਵਤਾ ਨੂੰ ਸੱਚ ਦਾ ਪੱਲਾ ਫੜਨ ਲਈ ਅਤੇ ਢੌਂਗੀਆਂ ਪਾਖੰਡੀਆਂ ਦੇ ਮਾੜੇ, ਕੋਝੇ ਕਰਮਾਂ ਤੋਂ ਸੁਚੇਤ ਰਹਿਣ ਲਈ ਪ੍ਰੇਰਨਾ ਦਿੱਤੀ ਹੈ।

ਇਸ ਜੁਗ ਵਿਚ ਆਪਣੇ ਸੁਆਰਥ ਨੂੰ ਮੁੱਖ ਰਖਦਿਆਂ ਤਰ੍ਹਾਂ-ਤਰ੍ਹਾਂ ਦੇਸਾਂ ਗਰਾਹੀਂ ਢੌਂਗ ਦਾ ਮੁਜਾਹਰਾ ਹੋ ਰਿਹਾ ਹੈ। ਗਿਆਨ ਵਿਹੂਣੇ ਲੋਕ ਵੱਖ-ਵੱਖ ਪਾਖੰਡਾਂ ਰਾਹੀਂ ਆਪਣਾ ਉੱਲੂ ਸਿੱਧਾ ਕਰ ਰਹੇ ਹਨ ਅਤੇ ਲੋਕਾਂ ਨੂੰ ਉੱਲੂ ਬਣਾ ਰਹੇ ਹਨ ਪਰੰਤੂ ਲੋਕ ਤਾਂ ਅਜਿਹੇ ਦੁਸ਼ਕਰਮਾਂ ਤੇ ਹੱਸਦੇ ਵੀ ਹਨ। ਗੁਰੂ ਨਾਨਕ ਬਾਣੀ 'ਆਸਾ ਦੀ ਵਾਰ' ਵਿਚੋਂ ਇਕ ਹੋਰ ਪ੍ਰਸੰਗ ਉਦਾਹਰਣ ਵਜੋਂ ਲੈਂਦੇ ਹਾਂ ਜਿਸ ਵਿਚ ਦੰਭੀ ਮੁਦਰਾਵਾਂ ਅਤੇ ਕਿਰਿਆਵਾਂ ਰਾਹੀਂ ਲੋਕਾਂ ਨੂੰ ਭਰਮਾ ਰਹੇ ਹਨ-

ਵਾਇਨਿ ਚੇਲੇ ਨਚਨਿ ਗੁਰ॥
ਪੈਰ ਹਲਾਇਨਿ ਫੇਰਨਿ ਸਿਰ॥
ਉਡਿ ਉਡਿ ਰਾਵਾ ਝਾਟੈ ਪਾਇ॥
ਵੇਖੈ ਲੋਕੁ ਹਸੈ ਘਰਿ ਜਾਇ॥
ਰੋਟੀਆ ਕਾਰਣਿ ਪੂਰਹਿ ਤਾਲ॥
ਆਪ ਪਛਾੜਹਿ ਧਰਤੀ ਨਾਲਿ॥[12]

ਜਿੱਥੇ ਜਿੱਥੇ ਪ੍ਰਸੰਗ ਸਹਿਤ ਗੁਰੂ ਜੀ ਨੇ ਢੌਂਗ, ਪਾਖੰਡ, ਦੰਭ ਅਤੇ ਮਾੜੇ ਕਰਮਾਂ ਵੱਲ ਸੰਕੇਤ ਕੀਤਾ ਹੈ ਉਥੇ ਨਾਲ ਹੀ ਸ਼ੁਭ ਕਰਮ, ਸ਼ੁਭ ਅਮਲ ਭਾਵ ਸਬਰ ਸੰਤੋਖ ਵਾਲੇ ਸਚਿਆਰ ਪੁਰਖਾਂ ਨੂੰ ਵੀ ਪਰਿਭਾਸ਼ਿਤ ਕਰਦੇ ਹਨ। ਭਲੇ ਪੁਰਸ਼ਾਂ ਦੀ ਉਦਾਹਰਣ ਲੈਂਦੇ ਹਾਂ-

ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ॥
ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥
ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥
ਵਡਿਆਈ ਵਡਾ ਪਾਇਆ॥[13]

ਇਸ ਤਰ੍ਹਾਂ "ਆਪ ਦੇ ਸਾਖੀਕਾਰ ਇਨ੍ਹਾਂ ਗੱਲਾਂ ਉਤੇ ਵੀ ਸਹਿਮਤ ਹਨ ਕਿ ਆਪ ਨੂੰ ਨਿਰਜਿੰਦ ਰਸਮਾਂ ਤੋਂ ਘਿਰਣਾ ਸੀ ਤੇ ਆਪ ਬੜੇ ਨਾਟਕੀ ਤਰੀਕੇ ਨਾਲ ਇਨ੍ਹਾਂ ਉਤੇ ਕਟਾਖ਼ਸ਼ ਕਰਦੇ ਸਨ।

ਬਹੁਤ ਵਾਰੀ ਆਪ ਆਪਣੇ ਪ੍ਰਤੀ ਕਰਮ ਕਵਿਤਾ ਵਿਚ ਦਿੰਦੇ ਸਨ ਜਿਸ ਵਿਚ ਡੂੰਘਾ ਕਟਾਖ਼ਸ, ਵਿਸ਼ਾਲ ਦਲੀਲ-ਬਾਜ਼ੀ ਤੇ ਉਸਾਰੂ ਸੁਝਾ ਹੁੰਦੇ ਸਨ। ਸ਼ਲੋਕਾਂ ਤੇ ਚੌਪਦਿਆਂ ਦੇ ਕਾਵਿ ਰੂਪਾਂ ਤੋਂ ਇਲਾਵਾ ਅਜਿਹਿਆਂ ਦੇ ਝਾਵਲੇ ਆਪ ਦੀ ਹਰ ਬਾਣੀ ਵਿਚ ਪਰਤੱਖ ਦਿਸ ਰਹੇ ਹਨ।[14]

ਸ਼ੁਭ ਕਰਮ ਦੇ ਅਮਲ ਵਾਸਤੇ ਮਨੁੱਖ ਦਾ ਸਚਿਆਰ ਅਤੇ ਧਰਮੀ ਹੋਣਾ ਬੁਨਿਆਦੀ ਸ਼ਰਤ ਹੈ। ਸਚਿਆਰ ਮਨੁੱਖ ਦਾ ਹਿਰਦਾ ਹਉਮੈ ਰਹਿਤ, ਸਾਦਾ ਅਤੇ ਸੱਚਾ ਸੁੱਚਾ ਹੋਣ ਚਾਹੀਦਾ ਹੈ, ਤਾਂ ਹੀ ਮਨੁੱਖੀ ਹਿਰਦੇ ਵਿਚ ਪਰਮਾਤਮਾ ਦਾ ਵਾਸਾ ਸੰਭਵ ਹੈ। ਮਨੁੱਖੀ ਹਿਰਦੇ ਵਿਚ ਸੱਚ ਦੇ ਵਾਸੇ ਲਈ ਗੁਰੂ ਜੀ ਨੇ ਗੁਰਬਾਣੀ ਵਿਚ ਵੱਖ-ਵੱਖ ਪ੍ਰਸੰਗਾਂ ਰਾਹੀਂ ਸੱਚੇ ਸੁੱਚੇ ਆਚਰਣ ਦੀ ਘਾੜਤ ਲਈ 'ਟਕਸਾਲ' ਦਾ ਸਰਬ ਪ੍ਰਵਾਨਿਤ ਮੁਹਾਂਦਰਾ ਘੜਿਆ ਹੈ।

ਜਤੁ ਪਾਹਾਰਾ ਧੀਰਜੁ ਸੁਨਿਆਰੁ॥
ਅਹਰਣਿ ਮਤਿ ਵੇਦੁ ਹਥੀਆਰੁ॥
ਭਉ ਖਲਾ ਅਗਨਿ ਤਪ ਤਾਉ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥
ਘੜੀਐ ਸਬਦੁ ਸਚੀ ਟਕਸਾਲ॥
ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ॥[15]

ਇਸ ਤਰ੍ਹਾਂ ਗੁਰੂ ਜੀ ਅਨੁਸਾਰ ਸਚਿਆਰ ਵਿਅਕਤੀ ਜਿਸ ਕੋਲ ਧੀਰਜ, ਗਿਆਨ, ਪਿਆਰ, ਭਾਉ, ਭਉ ਆਦਿ ਸਦਗੁਣ ਹੋਣ, ਹੀ ਸ਼ੁਭ ਕਰਮਾਂ ਦਾ ਕਰਤਾ ਅਤੇ ਉਪਕਾਰੀ ਹੋ ਸਕਦਾ ਹੈ। ਸੱਚੇ, ਸੁੱਚੇ ਭਾਵ ਸਚਿਆਰ ਹੋਣ, ਬਣਨ ਦੀ ਹੋਰ ਘਸਵੱਟੀ ਤੇ ਨਜ਼ਰ ਮਾਰਦੇ ਹਾਂ

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥
---------------------------
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥

ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥

ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥

---------------------------

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥

ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥[16]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਜਦੋਂ ਧਰਤੀ ਉੱਤੇ ਪਾਪਾਂ ਅਤੇ ਅਨਿਆਂ ਦਾ ਭਾਰ ਏਨਾ ਵਧ ਗਿਆ ਕਿ ਧਰਮ ਰੂਪੀ ਧੌਲ ਕੋਲੋਂ ਸਹਿਣਾ ਮੁਸ਼ਕਿਲ ਹੋ ਗਿਆ ਤਾਂ ਅਕਿਹ ਅਤੇ ਅਸਿਹ ਦਰਦ ਵਿਚ ਪੀਸੀ ਜਾ ਰਹੀ ਕਲਜੁਗੀ ਲੋਕਾਈ ਦੀ ਅਵਾਜ਼ ਸੁਣ ਕੇ ਹੀ ਪਰਮਾਤਮਾ ਗੁਰੂ ਨਾਨਕ ਰੂਪ ਵਿਚ ਧਰਤੀ ਤੇ ਆਇਆ। ਅਤੇ ਉਸ ਨੇ ਪਰਮਾਤਮਾ ਘਰੋਂ ਪਹਿਲਾਂ ਪਰਾਪਤ ਕੀਤੀ ਬਖਸ਼ਿਸ਼ ਨੂੰ ਆਪਣੇ ਭਰਮਣ ਅਤੇ ਉਦਾਸੀਆਂ ਰਾਹੀਂ ਜਗਤ ਜਲੰਦੇ ਨੂੰ ਤਾਰਨ ਹਿੱਤ ਸ਼ੁਭ ਕਰਮ ਕਰਨ ਦੇ ਹੋਕੇ ਰਾਹੀਂ ਲੋਕਾਈ ਦੀ ਤਪਸ਼ ਨੂੰ ਹਟਾਇਆ।

ਸੁਣੀ ਪੁਕਾਰਿ ਦਾਤਾਰ ਪ੍ਰਭ

ਗੁਰੁ ਨਾਨਕ ਜਗ ਮਾਹਿ ਪਠਾਯਾ।

-----------------

ਕਲਿ ਤਾਰਣ ਗੁਰੁ ਨਾਨਕ ਆਯਾ॥23॥[17]

ਪਹਿਲਾ ਬਾਬੇ ਪਾਯਾ ਬਖਸ਼ ਦਰਿ

ਪਿਛੋਂ ਦੇ ਫਿਰ ਘਾਲ ਕਮਾਈ।

---------------

ਚੜ੍ਹਿਆ ਸੋਧਣ ਧਰਤਿ ਲੁਕਾਈ॥24॥[18]

ਗੁਰੂ ਨਾਨਕ ਦੇਵ ਜੀ ਬਾਰੇ ਭਾਈ ਗੁਰਦਾਸ ਦੀ 'ਪਹਿਲੀ ਵਾਰ' ਦੀਆਂ ਪਉੜੀਆਂ ਨੰ. 23 ਅਤੇ 24 ਇਸੇ ਸੱਚ ਦੀ ਗਵਾਹੀ ਭਰਦੀਆਂ ਹਨ। ਉਂਜ ਤਾਂ ਗੁਰੂ ਨਾਨਕ ਦੇਵ ਜੀ ਦੀ ਸਾਰੀ ਬਾਣੀ ਸ਼ੁਭ ਕਰਮ ਕਰਨ ਵਾਲੇ ਸਚਿਆਰੇ ਦੇ ਕਿਰਦਾਰ ਨੂੰ ਘੜਨ ਵਾਲੀ ਟਕਸਾਲ ਦੀ ਹੀ ਗਵਾਹੀ ਭਰਦੀ

ਹੈ, ਸਾਰੀ ਬਾਣੀ ਨੂੰ ਉਦਾਹਰਣ ਵਜੋਂ ਹਵਾਲੇ ਲਈ ਆਧਾਰ ਬਣਾਇਆ ਜਾ ਸਕਦਾ ਹੈ ਪਰੰਤੂ ਪੇਪਰ ਦੇ ਰੂਪ, ਅਕਾਰ ਦੀ ਸੀਮਾ ਨੂੰ ਧਿਆਨ 'ਚ ਰਖਦਿਆਂ ਇਕ ਦੋ ਉਦਾਹਰਣਾਂ ਹੋਰ ਲੈ ਕੇ ਵਿਸ਼ੇ ਨੂੰ ਸਮੇਟਣ ਦਾ ਜਤਨ ਕਰਦੀ ਹਾਂ। ਇਸ ਪ੍ਰਸੰਗ ਵਿਚ ਸਚਿਆਰੇ ਮਨੁੱਖ ਭਾਵ ਸ਼ੁਭ ਕਰਮ ਦੇ ਅਮਲ ਨੂੰ ਨਿਭਾਉਣ ਵਾਲੇ ਕਿਰਦਾਰ ਦੀ ਜੀਵਨ ਜਾਚ ਅਤੇ ਜੀਵਨ ਜੁਗਤ ਦੇ ਦਿਖਾਵੇ ਭਰੇ ਬਾਹਰੀ ਰੂਪ ਨੂੰ ਅਤੇ ਸ਼ੁਭ ਅਮਲਾਂ ਭਰੇ ਅੰਦਰੂਨੀ ਸੱਚ ਨੂੰ ਪੇਸ਼ ਕੀਤਾ ਗਿਆ ਹੈ। ਲੋਕਾਈ ਨੂੰ ਪੁੱਠੇਰਾਹ 'ਤੇ ਪਾ ਰਿਹਾ ਬ੍ਰਾਹਮਣ ਜਦੋਂ ਇਕ ਪਰੰਪਰਾਗਤ ਰੀਤ ਅਨੁਸਾਰ ਸਚਿਆਰਾ ਬਣਨ ਲਈ ਗੁਰੂ ਨਾਨਕ ਦੇਵ ਜੀ ਨੂੰ ਧਾਗੇ ਦਾ ਜਨੇਊ ਪਾਉਣ ਲਈ ਆਖਦਾ ਹੈ ਤਾਂ ਗੁਰੂ ਜੀ ਉਸ ਬ੍ਰਾਹਮਣ ਨੂੰ (ਪਰਤੱਖ ਰੂਪ ਵਿਚ) ਅਤੇ ਪਰੋਖ ਰੂਪ ਵਿਚ ਸਾਰੀ ਲੋਕਾਈ ਨੂੰ ਜਨੇਊ ਅਤੇ ਜਨੇਊ ਦੀ ਬਣਤਰ ਦਾ ਮੁਹਾਂਦਰਾ ਅਤੇ ਜੁਗਤ ਅਤੇ ਜਨੇਊ ਦਾ ਮਕਸਦ ਸਮਝਾਉਂਦੇ ਹਨ-

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨ ਏਹੁ ਤੁਟੈ ਨ ਮਲੁ ਲਗੈ ਨ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥[19]

ਇਸ ਤਰ੍ਹਾਂ "ਇਤਿਹਾਸ ਸਾਖੀ ਭਰਦਾ ਹੈ ਕਿ ਆਪ ਦੇ ਵਿਚਾਰਾਂ ਨੂੰ ਜਿਨ੍ਹਾਂ ਵਿਚ ਸਾਦਗੀ ਦੇ ਨਾਲ ਨਾਲ ਬਲਵਾਨ ਦਲੀਲ ਤੇ ਨਰੋਈ ਵਿਚਾਰਧਾਰਾ ਸੀ, ਲੋਕਾਂ ਨੇ ਪਰਵਾਨ ਕੀਤਾ ਅਤੇ ਥਾਂ ਥਾਂ ਸੰਗਤਾਂ ਵੀ ਕਾਇਮ ਹੋਈਆਂ" ।[20] ਅੱਜ ਤੱਕ ਦਾ "ਪੰਜਾਬੀ ਸਾਹਿਤ ਆਪ ਦੇ ਵਿਚਾਰ ਤੇ ਕਲਾ ਮੰਦਰ ਦੇ ਆਲੇ ਦੁਆਲੇ ਹੀ ਪ੍ਰਫੁੱਲਿਤ ਹੋਇਆ ਹੈ। ਆਪ ਦੀ ਰਚਨਾ ਪੰਜਾਬੀ ਕਵਿਤਾ ਦੀ ਪਰਖ ਲਈ ਸਦਾ ਘਸਵੱਟੀ ਦਾ ਕੰਮ ਦੇਂਦੀ ਰਹੇਗੀ।"[21] ਸ਼ੁਭ ਕਰਮ ਕਰਨਾ ਅਤੇ ਅਜਿਹੇ ਦੇ ਪਰਮਾਣ ਅਤੇ ਪਰਿਣਾਮ ਨੂੰ ਦਰਸਾਉਂਦੀਆਂ ਗੁਰੂ ਦੀਆਂ ਗੁਰਬਾਣੀ ਪੰਕਤੀਆਂ ਦਾ ਰਹੱਸ ਦੇਖਦੇ ਹਾਂ:

ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮ ਫਲੁ ਹੂਆ॥
ਤਿਸੁ ਰੂਪ ਨ ਰੇਖਿ ਅਨਾਹਦੁ ਵਾਜੈ ਸਬਦੁ ਨਿਰੰਜਨਿ ਕੀਆ॥[22]

ਸ਼ੁਭ ਕਰਮ ਦੀ ਪ੍ਰੇਰਨਾ ਬਣ ਕੇ ਇਹ ਸ਼ਬਦ ਹਿਰਦੇ ਵਿਚ ਵਸ ਜਾਂਦਾ ਹੈ, ਮਨੁੱਖੀ ਹਿਰਦੇ ਵਿਚ ਸ਼ਬਦ ਦਾ ਅਜਿਹਾ ਵਾਸਾ ਹੀ ਸ਼ੁਭ ਕਰਮ ਦਾ ਸੰਚਾਲਕ ਤੇ ਕਾਰਕ ਹੋ ਨਿਬੜਦਾ ਹੈ।

ਕਿਆ ਜੰਗਲੁ ਢੂਢੀ ਜਾਇ ਮੈ ਘਰਿ ਬਨੁ ਹਰੀਆਵਲਾ॥

ਸਚਿ ਟਿਕੈ ਘਰਿ ਆਇ ਸਬਦਿ ਉਤਾਵਲਾ॥[23]

ਅੰਤ ਵਿਚ ਇਸ ਕਰਮ ਸਿਧਾਂਤ ਦਾ ਵਿਗਿਆਨਕ ਅਤੇ ਤਾਰਕਿਕ ਪ੍ਰਭਾਵ ਕਿਸ ਤਰ੍ਹਾਂ 'ਕਰਨੀ' 'ਭਰਨੀ' ਦੇ ਰੂਪ ਵਿਚ ਮਨੁੱਖੀ ਹੋਂਦ ਦਾ ਮਕਸਦ ਬਣ ਕੇ ਸਾਹਮਣੇ ਆਉਂਦਾ ਹੈ ਦੀ ਸਿੱਧੀ, ਪ੍ਰਤੱਖ ਅਤੇ ਸਪਸ਼ਟ ਉਦਾਹਰਣ ਗੁਰੂ ਨਾਨਕ ਬਾਣੀ 'ਪੱਟੀ' ਚੋਂ ਦੇਖਦੇ ਹਾਂ:

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥
ਧਧੈ ਧਾਰਿ ਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗ ਕੀਆ
ਤਿਸ ਦਾ ਦੀਆ ਸਭਨੀ ਲੀਆ ਕਰਮੀ ਕਰਮੀ ਹੁਕਮੁ ਪਾਇਆ॥[24]

ਸੋ ਆਉ ਗੁਰੂ ਨਾਨਕ ਆਸ਼ੇ ਨਾਲ ਇਕ ਸੁਰ ਸਮੁੱਚੀ ਬਾਣੀ ਨੂੰ ਪੜ੍ਹਨ-ਸੁਣਨ ਅਤੇ ਨਤਮਸਤਕ ਹੋਣ ਦੇ ਨਾਲ-ਨਾਲ ਇਸ ਬਾਣੀ ਨੂੰ ਜੀਵੀਏ ਅਤੇ ਕਮਾਦਿਕ ਰੁਚੀਆਂ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਕੇ ਆਪਣੇ ਕਰਮ ਦੀ ਸ਼ੁਭਤਾ ਅਤੇ ਸ਼ੁੱਧਤਾ ਰਾਹੀਂ ਜਗਤ ਜਲੰਦੇ ਦੀ ਤਪਸ਼ ਨੂੰ ਹਟਾਉਣ ਘਟਾਉਣ ਦਾ ਯਤਨ ਕਰੀਏ। ਮੈਨੂੰ ਤਾਂ ਅੱਜ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼, ਪੁਰਬ ਵੇਲੇ ਸਮੁੱਚੇ ਸੰਸਾਰੀ ਜੀਵਨ ਦੀਆਂ ਸਮੱਸਿਆਵਾਂ ਦਾ ਹੱਲ ਅਤੇ ਸਮੁੱਚੀ ਲੋਕਾਈ ਦੀ ਭਲਾਈ ਇਸੇ ਵਿਚ ਹੀ ਨਜ਼ਰ ਆਉਂਦੀ ਹੈ।

'ਜਪੁ' ਜੀ ਬਾਣੀ ਦੇ ਅਖ਼ੀਰ ਵਿਚ ਆਇਆ ਗੁਰੂ ਪਾਤਸ਼ਾਹ ਦਾ ਸਲੋਕ ਸਮੁੱਚੇ ਜੀਵਨ ਦੇ 'ਚੰਗੇ-ਮੰਦੇ' ਅਤੇ 'ਸ਼ੁਭ-ਅਸ਼ੁਭ' ਕਰਮ ਦੀ ਪਰਿਭਾਸ਼ਾ ਰਾਹੀਂ ਜੀਵਨ ਵਿਚ ਨਾਮ ਅਤੇ ਨਾਮ ਧਿਆਉਣ ਅਤੇ ਨਾਮ ਕਮਾਉਣ ਦੇ ਕੁੰਜੀਵਤ ਸਿਧਾਂਤ ਨੂੰ ਸਪੱਸ਼ਟ ਕਰਦਾ ਹੈ। ਪੰਜ ਸਦੀਆਂ ਪਹਿਲਾਂ ਲਿਖੇ ਇਸ ਸਲੋਕ ਵਿਚ ਮਨੁੱਖ ਵਿਚਲੀਆਂ ਕਮਾਦਿਕ ਰੁਚੀਆਂ ਦੇ ਜ਼ੋਰ ਹੇਠ ਮਨੁੱਖ ਦੁਆਰਾ ਫੈਲਾਏ ਜਾਣ ਵਾਲੇ ਸੰਭਾਵੀ ਵਾਤਾਵਰਣੀ ਮਾਰੂ ਪ੍ਰਭਾਵ ਨੂੰ ਹੀ ਉਲੀਕਿਆ ਗਿਆ ਹੈ-

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇਦੂਰਿ॥
ਜਿਨੀ ਨਾਮ ਧਿਆਇਆ ਗਏ ਮਸਕਤਿ ਘਾਲਿ॥

ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥[25]

ਪਵਣ ਨੂੰ 'ਗੁਰੂ' ਕਹਿਕੇ, ਪਾਣੀ ਨੂੰ 'ਪਿਤਾ' ਕਹਿਕੇ, ਧਰਤੀ ਨੂੰ 'ਮਾਤਾ' ਸੱਦ ਕੇ ਸ਼ੁਭ ਕਰਮ ਕਰਦਿਆਂ ਜੀਵਨ ਦੇ ਇਨ੍ਹਾਂ ਬੁਨਿਆਦੀ ਤੱਤਾਂ ਦੀ ਰੱਖਿਆ ਲਈ ਅਕਾਲ ਪੁਰਖ ਦੁਆਰਾ ਧਰਤੀ ਦੇ 'ਸਿਕਦਾਰ' ਥਾਪੇ ਇਸ ਮਨੁੱਖ ਕੋਲੋਂ ਇਕਲਾ ਜਦਾਰੀ ਅਤੇ ਲਿਹਾਜ਼ਦਾਰੀ ਭਾਲੀ ਗਈ ਹੈ। ਧਰਮ ਦੇ ਨਿਯਮ ਦੀ ਨਜ਼ਰ ਵਿਚ ਇਹੀ ਸ਼ੁਭ ਅਤੇ ਅਸ਼ੁਭ ਕਰਮ ਸਾਡਾ 'ਚੰਗਾ' ਅਤੇ ਸਾਡਾ 'ਮੰਦਾ' ਹੈ। ਸ਼ੁਭ ਅਤੇ ਅਸ਼ੁਭ ਕਰਮ ਕਰਕੇ ਹੀ ਅਸੀਂ ਅਕਾਲ ਪੁਰਖ ਦੇ ਨੇੜੇ ਹਾਂ ਅਤੇ ਦੂਰ ਹਾਂ। ਸ਼ੁਭ ਕਰਮ ਕਰਨਾ ਹੀ ਅਸਲ ਵਿਚ 'ਨਾਮ ਜਪਣਾ' ਹੈ। ਜੋ ਅਜਿਹਾ ਕਰਦੇ ਹਨ, ਉਨ੍ਹਾਂ ਦਾ ਜੀਵਨ ਹੀ ਸੱਚੀ ਘਾਲਣਾ ਅਤੇ ਮੁਸ਼ੱਕਤ ਵਾਲਾ ਗਿਣਿਆ ਜਾਂਦਾ ਹੈ। ਉਨ੍ਹਾਂ ਦਾ ਆਪਣਾ ਜੀਵਨ ਤਾਂ ਸਫਲ ਹੁੰਦਾ ਹੀ ਹੈ ਅਜਿਹੇ ਜੀਊੜੇ ਹੋਰਨਾਂ ਦੀ ਜੀਵਨ ਸਫਲਤਾ ਦਾ ਆਧਾਰ ਅਤੇ ਕਾਰਨ ਵੀ ਬਣਦੇ ਹਨ। ਗੁਰੂ ਨਾਨਕ ਦੀ ਦਸਵੀਂ ਜੋਤ ਦਸਮ ਗੁਰੂ ਗੁਰੂ ਗੋਬਿੰਦ ਸਿੰਘ ਜੀ ਵੀ ਆਪਣੇ ਸ਼ਬਦ ਵਿਚ ਸ਼ੁਭ ਕਰਮ ਕਰਨ ਦੀ ਪ੍ਰਾਪਤੀ ਲਈ ਅਰਦਾਸ ਕਰਦੇ ਹਨ, ਕਿਉਂਕਿ ਸ਼ੁਭ ਕਰਮ ਰਾਹੀਂ ਹੀ ਜੀਵਨ ਜਿੱਤ ਨਿਸ਼ਚਿਤ ਵੀ ਹੈ, ਨਿਸ਼ਚਿੰਤ ਵੀ।

ਦੇਹ ਸ਼ਿਵਾ ਬਰ ਮੋਹੇ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿਸੋ ਜਬ ਜਾਇ ਲਰੋਂ
ਨਿਸਚੇ ਕਰ ਅਪੁਨੀ ਜੀਤ ਕਰੋਂ॥
ਅਰੁ ਸਿਖਹੋਂ ਅਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋਂ॥[26]

ਸੋ ਸਪੱਸ਼ਟ ਹੈ ਕਿ ਸ਼ੁਭ ਕਰਮ ਦੇ ਹੀ ਸ਼ੁਭ ਨਤੀਜੇ ਨਿਕਲਦੇ ਹਨ। ਸ਼ੁਭ ਕਰਮੀ ਅਤੇ ਸ਼ੁਭ ਅਮਲੀ ਸਮਾਜਿਕ ਦਰ 'ਤੇ ਵੀ ਅਤੇ ਪਰਮਾਤਮਾ ਦੇ ਦਰ 'ਤੇ ਵੀ ਸਤਿਕਾਰਿਆ ਤੇ ਪਰਵਾਨਿਆ ਜਾਂਦਾ ਹੈ। ਇਸੇ ਨੂੰ ਗੁਰੂ ਨਾਨਕ ਦੇਵ ਜੀ 'ਆਸਾ ਦੀ ਵਾਰ' ਦੀ ਇਸ ਪਉੜੀ ਵਿਚ ਹੋਰ ਦ੍ਰਿੜ ਕਰਵਾਉਂਦੇ ਹਨ।

ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ॥

ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥

ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥

ਜਿਉ ਸਾਹਿਬ ਨਾਲ ਨ ਹਾਰੀਐ ਤੇਵੇਹਾ ਪਾਸਾ ਢਾਲੀਐ॥

ਕਿਛੁ ਲਾਹੇ ਉਪਰਿ ਘਾਲੀਐ॥[27]

## ਹਵਾਲੇ ਅਤੇ ਟਿਪਣੀਆਂ


1. ਰਾਏ ਜਸਬੀਰ ਸਿੰਘ (ਸੰਪਾ.), ਗੁਰੂ ਨਾਨਕ ਬਾਣੀ ਤੇ ਵਿਚਾਰਧਾਰਾ, ਪੰਨਾ 1.

2. ਆਦਿ ਗ੍ਰੰਥ, ਪੰਨਾ 7.

3. ਉਹੀ, ਪੰਨਾ 62.

4.ਡਾ. ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 14-16.

5. ਆਦਿ ਗ੍ਰੰਥ, ਪੰਨਾ 85.

6.ਵਾਰਾਂ ਭਾਈ ਗੁਰਦਾਸ ਜੀ ਸਟੀਕ ਅਤੇ ਗਰਮਤਿ ਵਿਆਖਿਆ ਵਿਸਥਾਰ, ਟੀਕਾਕਾਰ ਸਿੰਘ ਸਾਹਿਬ ਗਿਆਨੀ ਮਨੀ ਸਿੰਘ, ਪੰਨਾ 31

7. ਉਹੀ, ਪੰਨਾ 37.

8.ਰਾਏ ਜਸਬੀਰ ਸਿੰਘ (ਸੰਪਾ.), ਗੁਰੂ ਨਾਨਕ ਬਾਣੀ ਤੇ ਵਿਚਾਰਧਾਰਾ, ਪੰਨਾ 3

9. ਅਦਿ ਗ੍ਰੰਥ, ਪੰਨਾ 145.

10. ਵਾਰਾਂ ਭਾਈ ਗੁਰਦਾਸ ਜੀ ਸਟੀਕ, ਪੰਨਾ 11.

11. ਅਦਿ ਗ੍ਰੰਥ, ਪੰਨਾ 663.

12. ਉਹੀ, ਪੰਨਾ 465.

13. ਉਹੀ, ਪੰਨਾ 466-467.

14. ਡਾ. ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 14-15.

15. ਆਦਿ ਗ੍ਰੰਥ, ਪੰਨਾ 8.

16. ਉਹੀ, ਪੰਨਾ 468.

17. ਭਾਈ ਗੁਰਦਾਸ ਜੀ ਦੀਆਂ ਵਾਰਾਂ ਸਟੀਕ, ਪੰਨਾ 26.

18. ਉਹੀ, ਪੰਨਾ 27.

19. ਆਦਿ ਗ੍ਰੰਥ, ਪੰਨਾ 471.

20. ਡਾ. ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 16.

21. ਉਹੀ, ਪੰਨਾ 271.

22. ਆਦਿ ਗ੍ਰੰਥ, ਪੰਨਾ 337.

23. ਉਹੀ ਪੰਨਾ 420.

24. ਉਹੀ ਪੰਨਾ 433.

25. ਉਹੀ, ਪੰਨਾ 8.

26. ਗੁਰੂ ਗੋਬਿੰਦ ਸਿੰਘ ਜੀ, ਦਸਮ ਗ੍ਰੰਥ, ਪੰਨਾ

27. ਆਦਿ ਗ੍ਰੰਥ, ਪੰਨਾ 474.

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਯੁਗਕਾਲੀਨ ਹਾਲਾਤ

**ਤਰਨਜੋਤ ਕੌਰ**

ਐਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ, ਸਰਕਾਰੀ ਕਾਲਜ ਰੋਪੜ।

---

ਗੁਰਬਾਣੀ ਪਰੰਪਰਾ ਪੰਜਾਬੀ ਸਾਹਿਤ ਪਰੰਪਰਾਦੀ ਬਹੁਤ ਹੀ ਵੱਡੀ, ਵਿਸ਼ਾਲ ਤੇ ਗੌਰਵਮਈ ਸਿਰਜਣਾਤਮਕ ਪ੍ਰਾਪਤੀ ਹੈ। ਇਹ ਇੱਕ ਅਜਿਹੀ ਪਰੰਪਰਾ ਹੈ ਜੋ ਨਾ ਸਿਰਫ ਪੰਜਾਬੀ ਸਾਹਿਤ ਪਰੰਪਰਾ ਦੇ ਅੰਤਰਗਤ ਹੀ ਆਪਣੀ ਵਿਲੱਖਣ ਅਤੇ ਵਿਸ਼ੇਸ਼ ਪਛਾਣ ਰੱਖਦੀ ਹੈ ਬਲਕਿ ਸਮੁੱਚੇ ਵਿਸ਼ਵ ਧਰਮ ਚਿੰਤਨ ਦੇ ਅੰਤਰਗਤ ਇਸ ਦਾ ਸਥਾਨ ਬੜਾ ਵਿਲੱਖਣ ਅਤੇ ਵਿਸ਼ੇਸ਼ ਹੈ। ਆਪਣੀਆਂ ਵਿਭਿੰਨ ਵਿਚਾਰਧਾਰਕ ਸਥਾਪਨਾਵਾਂ, ਸੰਕਲਪਾਂ, ਸਿਧਾਂਤਾਂ ਤੇ ਆਦਰਸ਼ਾਂ ਦੀ ਨਵੀਨਤਾ ਅਤੇ ਮੌਲਿਕਤਾ ਕਰਕੇ ਇਹ ਆਪਣੇ ਸਮਕਾਲੀ ਅਤੇ ਪੂਰਵਕਾਲੀ ਚਿੰਤਨ ਦੇ ਸੰਦਰਭ ਵਿੱਚ ਇੱਕ ਵਿਲੱਖਣ ਪ੍ਰਾਪਤੀ ਵਜੋਂ ਉਭਰ ਕੇ ਸਾਹਮਣੇ ਆਈ। ਇਸ ਮਹਾਨ ਪਰੰਪਰਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਪ੍ਰਵਚਨਾਂ ਦੁਆਰਾ ਹੋਇਆ

~~/852 ਹੈ।~~ ਗੁਰੂ ਨਾਨਕ ਬਾਣੀ ਉਸ ਸਮੇਂ ਤੋਂ ਲੈ ਕੇ ਅੱਜ ਤੱਕ ਨਿਰੰਕੁਸ਼ਤਾ, ਸਮਾਜਿਕ, ਧਾਰਮਿਕ, ਵਖਰੇਵਿਆਂ ਅਤੇ ਅਗਿਆਨਤਾ ਦੇ ਘੁੱਪ ਹਨੇਰੇ ਵਿੱਚ ਭਟਕ ਰਹੀ ਮਨੁੱਖਤਾ ਨੂੰ ਰੌਸ਼ਨੀ ਪ੍ਰਦਾਨ ਕਰਦੀ ਹੈ।[1]ਯੁੱਗ-ਪੁਰਖ ਗੁਰੂ ਨਾਨਕ ਦੇਵ ਜੀ ਭਾਰਤੀ ਦਰਸ਼ਨ ਅਤੇ ਧਰਮ ਦੇ ਪ੍ਰਸੰਗ ਵਿੱਚ ਭਗਤੀ ਭਾਵ ਦੇ ਉੱਚਤਮ ਸਰੂਪ ਹਨ। ਭਾਰਤੀ ਚਿੰਤਨ ਦੇ ਇਤਿਹਾਸ ਵਿੱਚ ਉਨ੍ਹਾਂ ਦਾ ਨਿਵੇਕਲਾ ਸਥਾਨ ਹੈ। ਬਹੁਪੱਖੀ ਵਿਅਕਤਿੱਤਵ ਅਤੇ ਵਿਸ਼ਾਲ ਪ੍ਰਤਿਭਾ ਦੇ ਮਾਲਕ ਹੋਣ ਕਰਕੇ ਉਹ ਇੱਕ ਮਹਾਨ ਕ੍ਰਾਂਤੀ ਦੇ ਜਨਮਦਾਤਾ ਹਨ।ਇਸ ਕ੍ਰਾਂਤੀ ਨਾਲ ਕੱਟੜਪੰਥੀ ਨਾਕਾਰਾਤਮਕ ਕੀਮਤਾਂ ਦਾ ਵਿਨਾਸ਼ ਹੋਇਆ ਅਤੇ ਉਸਾਰੂ ਜੀਵਨਰੌਆਂ ਨੇ ਤਾਕਤ ਹਾਸਲ ਕੀਤੀ। ਗੁਰੂ ਨਾਨਕ ਦੇਵ ਜੀ ਦਾ ਆਗਮਨ ਇਤਿਹਾਸ ਵਿੱਚ ਸੱਚੀ-ਸੁੱਚੀ ਧਾਰਮਿਕਤਾ ਦੇ ਪੁਨਰ-ਉਥਾਨ ਦਾ ਪ੍ਰਤੀਕ ਹੈ।ਉਨ੍ਹਾਂ ਨੇ ਮੱਧਕਾਲੀ ਅਧਿਆਤਮਕਤਾ ਨੂੰ ਹੋਰ ਪਤਨ ਤੋਂ ਬਚਾ ਕੇ ਇਸ ਨੂੰ ਆਤਮਿਕ ਖੋਜ ਦਾ ਸ਼ੁੱਧ ਸਰੂਪ ਪ੍ਰਦਾਨ ਕੀਤਾ। ਉਨ੍ਹਾਂ ਨੇ ਸਾਫ-ਸੁਥਰੇ ਢੰਗ ਨਾਲ ਧਰਮ ਨੂੰ ਕਰਮ-ਕਾਂਡੀ ਸਦਾਚਾਰ ਤੋਂ ਵੱਖ ਕੀਤਾ, ਸਮਾਜਿਕ ਖੇਤਰ ਵਿੱਚ ਧਰਮ ਦਾ ਸਹੀ ਸਥਾਨ ਨਿਸ਼ਚਿਤ ਕੀਤਾ ਅਤੇ ਧਰਮ ਤੇ ਸਮਾਜ ਦੀ ਇੱਕ-

ਦੂਜੇ ਤੇ ਪਰਸਪਰ ਨਿਰਭਰਤਾ ਨੂੰ ਸਪਸ਼ਟ ਕੀਤਾ। ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਕਿਸੇ ਦਾਰਸ਼ਨਿਕ ਨਿਖੇੜ ਉਤੇ ਆਧਾਰਿਤ ਨਹੀਂ। ਇਸ ਦਾ ਮੂਲ ਆਧਾਰ ਅਧਿਆਤਮਕ ਅਤੇ ਭਾਵਾਤਮਕ ਏਕਤਾ ਹੈ। ਇਹ ਅਧਿਆਤਮਵਾਦੀ ਹੋਣ ਦੇ ਬਾਵਜੂਦ ਸਮਾਜਿਕ ਜੀਵਨ ਤੋਂ ਉਪਰਾਮਤਾ ਨਹੀਂ ਸਿਖਾਉਂਦੀ ਸਗੋਂ ਮਾਨਵੀ, ਸਮਾਜਿਕ ਤੇ ਸੱਭਿਆਚਾਰਕ ਪੱਖਾਂ ਨੂੰ ਮੁੱਖ ਰੱਖ ਕੇ ਆਤਮਿਕ ਵਿਕਾਸ ਦਾ ਰਾਹ ਦੱਸਦੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਮੱਧਕਾਲੀਨ ਪੰਜਾਬੀ ਸਾਹਿਤ ਦੀ ਪ੍ਰਸਿੱਧ ਅਤੇ ਪ੍ਰਮੁੱਖ ਸਾਹਿਤਕ ਪ੍ਰਾਪਤੀ ਹੈ ਜਿਸ ਰਾਹੀਂ ਗੁਰੂ ਨਾਨਕ ਦੇਵ ਜੀ ਨੇ ਸਮੁੱਚੇ ਭਾਰਤੀ ਸੱਭਿਆਚਾਰਕ ਵਰਤਾਰੇ ਨਾਲ ਸੰਵਾਦ ਰਚਾ ਕੇ ਨਿਵੇਕਲਾ, ਮੌਲਿਕ ਅਤੇ ਵਿਸ਼ਵ-ਵਿਆਪੀ ਸੰਕਲਪ ਪੇਸ਼ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਵਿਚਾਰਧਾਰਾਈ ਆਧਾਰ ਭਾਰਤੀ ਸਮਾਜ, ਸੱਭਿਆਚਾਰ, ਧਾਰਮਿਕ ਕਦਰਾਂ-ਕੀਮਤਾਂ, ਇਤਿਹਾਸਕ ਪਿਛੋਕੜ ਰਾਜਨੀਤਿਕ ਸਥਿਤੀਆਂ ਵਿੱਚ ਆਈ ਖੜੋਤ ਅਤੇ ਅਧੋਗਤੀ ਵਿੱਚੋਂ ਆਪਣਾ ਸਰੂਪ ਨਿਰਧਾਰਿਤ ਕਰਦਾ ਹੈ। ਸਿਧਾਂਤਕ ਪਿੱਠ ਭੂਮੀ ਵਿੱਚੋਂ ਆਪਣਾ ਵਿਹਾਰਕ ਚੌਖਟਾ ਤਿਆਰ ਕਰਦੀ ਹੋਈ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਜਿਹੇ ਸਰਵਪੱਖੀ ਮਾਨਵਵਾਦੀ ਸੰਕਲਪਾਂ ਦੀ ਪੇਸ਼ਕਾਰੀ ਕਰਦੀ ਹੈ, ਜੋ ਤੱਤਕਾਲੀਨ ਪ੍ਰਸਥਿਤੀਆਂ ਨੂੰ ਗਤੀਸ਼ੀਲਤਾ ਪ੍ਰਦਾਨ ਕਰਨ ਦੇ ਨਾਲ-ਨਾਲ ਸਦੀਵੀ ਤੌਰ ਤੇ ਸਾਰਥਕ ਅਤੇ ਵਿਸ਼ਵਵਿਆਪੀ ਸਿਧਾਂਤਕ ਰੂਪ ਵੀ ਧਾਰਨ ਕਰਦੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਜਿੱਥੇ ਧਾਰਮਿਕ ਚੇਤੰਨਤਾ ਦਾ ਨਵੀਨ ਪੱਖ ਦ੍ਰਿਸ਼ਟੀਗੋਚਰ ਹੁੰਦਾ ਹੈ, ਉੱਥੇ ਉਸ ਨਾਲ ਸਮਾਜਿਕ ਸੱਭਿਆਚਾਰ ਅਤੇ ਸਮੁੱਚੇ ਵਸਤੂ-ਵਰਤਾਰੇ ਨੂੰ ਇੱਕ ਤਰਕਸੰਗਤ ਅਤੇ ਗਤੀਸ਼ੀਲ ਵਿਚਾਰਧਾਰਾਈ ਆਧਾਰ ਵੀ ਮਿਲਦਾ ਹੈ, ਕਿਉਂਕਿ ਧਰਮ, ਸਮਾਜ ਅਤੇ ਸੱਭਿਆਚਾਰ ਇਹ ਸਭ ਵਰਤਾਰੇ ਮਨੁੱਖੀ ਸਮੂਹਾਂ ਦੇ ਵਿਚਾਰਾਂ ਅਤੇ ਕਿਰਿਆਵਾਂ ਤੇ ਹੀ ਆਧਾਰਿਤ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਤੱਤਕਾਲੀਨ ਯਥਾਰਥ ਸਮਾਜਿਕ ਪ੍ਰਸੰਗ ਵਿੱਚ ਅਤਿ ਦੀਰਘ ਅਧੋਗਤੀ ਦੀ ਸਥਿਤੀ ਵਿੱਚ ਵਿਚਰ ਰਿਹਾ ਸੀ। ਗੁਰੂ ਜੀ ਦੇ ਸਮਕਾਲੀ ਸਮਾਜ ਨੂੰ ਅਸੀਂ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਆਰਥਿਕ ਪੱਖਾਂ ਵਿੱਚ ਵੰਡ ਕੇ ਸਮਝ ਸਕਦੇ ਹਾਂ।ਇਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ:-

### 1. ਸਮਾਜਿਕ ਦਸ਼ਾ

ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜ ਦੇ ਹਾਲਾਤ ਬਹੁਤ ਹੀ ਖ਼ਰਾਬ ਸਨ।ਖ਼ਾਸ ਕਰਕੇ ਹਿੰਦੂਆਂ ਦੀ ਹਾਲਤ ਬਹੁਤ ਨਿਘਰੀ ਹੋਈ ਸੀ।ਉਨ੍ਹਾਂ ਉਪਰ ਜਜ਼ੀਆ ਕਰ ਲੱਗਾ ਹੋਇਆ ਸੀ। ਧਾਰਮਿਕ ਖੇਤਰਾਂ ਵਿੱਚ ਧਰਮ ਦੇ ਠੇਕੇਦਾਰ ਤੇ ਰਾਜਸੀ ਖੇਤਰ ਵਿੱਚ ਰਾਜਸੱਤਾ ਦੇ ਉੱਚ ਅਧਿਕਾਰੀਆਂ ਦੇ ਅੱਤਿਆਚਾਰਾਂ ਸਦਕਾ ਆਮ ਲੋਕਾਂ ਲਈ ਸੁੱਖ ਦਾ ਸਾਹ ਲੈਣਾ ਬਹੁਤ ਔਖਾ ਹੋ ਗਿਆ ਸੀ। ਮਨੁੱਖੀ ਮਨਾਂ ਵਿੱਚ ਔਗੁਣਾਂ ਤੇ ਅਗਿਆਨਤਾ ਕਾਰਨ ਗਿਲਾਨੀ ਆ ਚੁੱਕੀ ਸੀ। ਇਸ ਤਰ੍ਹਾਂ ਲਗਦਾ ਸੀ ਜਿਵੇਂ ਸਾਰਾ ਭਾਰਤੀ ਜੀਵਨ ਕਿਸੇ ਸੁਪਨੇ ਵਿੱਚ ਸੁੱਤਾ ਪਿਆ ਹੋਵੇ। ਗੁਰੂ ਜੀ ਦੇ ਸਮੇਂ ਸਮਾਜ ਧਰਮ ਦੇ ਆਧਾਰ ਉੱਤੇ ਦੋ ਭਾਗਾਂ ਵਿੱਚ ਵੰਡਿਆ ਹੋਇਆ ਸੀ। ਇੱਕ ਹਿੰਦੂ ਸਨ, ਦੂਜੇ ਮੁਸਲਮਾਨ। ਮੁਸਲਮਾਨ ਹਿੰਦੂਆਂ ਉੱਪਰ ਬਹੁਤ ਅੱਤਿਆਚਾਰ ਕਰਦੇ ਹਨ। ਉਸ ਸਮੇਂ ਸੱਤਾ ਮੁਸਲਮਾਨਾਂ ਦੇ ਹੱਥ ਵਿੱਚ ਹੋਣ ਕਰਕੇ ਉਹ ਇਸ ਦਾ ਪ੍ਰਯੋਗ ਆਪਣੇ ਹੱਕਾਂ ਲਈ ਕਰਦੇ ਸਨ। ਉਸ ਸਮੇਂ ਦੀ ਸਮਾਜਿਕ ਦਸ਼ਾ ਨੂੰ ਅਸੀਂ ਹੇਠ ਲਿਖੇ ਭਾਗਾਂ ਵਿੱਚ ਵੰਡੇ ਕੇ ਸਮਝ ਸਕਦੇ ਹਾਂ:-

**1 .1 ਇਸਤਰੀਆਂ ਦੀ ਦਸ਼ਾ:**

ਸਮਾਜਿਕ ਜੀਵਨ ਵਿੱਚ ਇਸਤਰੀਆਂ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਪਰਿਵਾਰਕ ਜੀਵਨ ਇਸਤਰੀ ਬਗੈਰ ਸੁਚਾਰੂ ਢੰਗ ਨਾਲ ਨਹੀਂ ਚਲ ਸਕਦਾ। ਇਸਤਰੀ ਮਾਨਵੀ ਜੀਵਨ ਦੀ ਕਰਤਾ ਹੈਜਿਸ ਨੇ ਆਦਿ ਕਾਲ ਤੋਂ ਹੀ ਮਾਨਵੀ ਜੀਵਨ ਨੂੰ ਪਾਲਿਆ, ਪੋਸਿਆ, ਸਵਾਰਿਆ ਤੇ ਗੁਣਾਂ ਨਾਲ ਭਰਪੂਰ ਕੀਤਾ ਹੈ। ਇਸ ਤੋਂ ਇਲਾਵਾ ਸੰਗੀਤ, ਚਿੱਤਰਕਾਰੀ ਆਦਿ ਕੋਮਲ ਕਲਾਵਾਂ ਦੀ ਵੀ ਮੂਲ ਪ੍ਰੇਰਕ ਸ਼ਕਤੀ ਇਸਤਰੀ ਹੀ ਰਹੀ ਹੈ। ਮੱਧਕਾਲ ਵਿੱਚ ਮਨੂੰ ਸਿਮ੍ਰਤੀ ਦਾ ਬੋਲਬਾਲਾ ਸੀ ਜੋ ਹਿੰਦੂ ਵਰਣ ਵੰਡ ਅਨੁਸਾਰ ਇਸਤਰੀ ਨੂੰ ਸ਼ੂਦਰ ਦੇ ਬਰਾਬਰ ਦਾ ਦਰਜਾ ਦਿੱਤਾ ਜਾਂਦਾ ਸੀ। ਇਸਤਰੀ ਨੂੰ ਵੇਦ ਮੰਤਰਾਂ ਦਾ ਪਾਠ ਸੁਣਨ ਅਤੇ ਕਰਨ ਦੀ ਆਗਿਆ ਨਹੀਂ ਸੀ ਜਦੋਂ ਕਿ ਕੁਝ ਵੇਦ ਮੰਤਰ ਇਸਤਰੀਆਂ ਦੁਆਰਾ ਉਚਾਰਣ ਕੀਤੇ ਹੋਏ ਹਨ। ਇਸਤਰੀ ਸਿਰਫ ਘਰ ਦੀ ਚਾਰ ਦੀਵਾਰੀ ਤੱਕ ਹੀ ਸੀਮਿਤ ਸੀ ਤੇ ਉਸ ਨੂੰ ਕੇਵਲ ਘਰੇਲੂ, ਸਮਾਜਿਕ ਅਤੇ ਨਿੱਜੀ ਕਰੱਤਵ ਨਿਭਾਅ ਕੇ ਸੰਤੁਸ਼ਟ ਹੋਣ ਲਈ ਮਜਬੂਰ ਕੀਤਾ ਜਾਂਦਾ ਸੀ।[2] ਇਸਤਰੀ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਗੋਰਖ ਨਾਥ ਨੇ ਇਸਤਰੀ ਨੂੰ ਮੁਕਤੀ ਦੇ ਰਾਹ ਵਿੱਚ ਸਭ ਤੋਂ ਵੱਡੀ ਰੁਕਾਵਟ ਦਸ ਕੇ ਬਾਘਣਿ ਤਕ ਕਹਿ ਦਿੱਤਾ ਹੈ। ਬੋਧੀ ਅਤੇ ਜੈਨ ਗ੍ਰੰਥਾਂ ਵਿੱਚ ਵੀ ਇਸਤਰੀ ਨੂੰ ਸਨਮਾਨਜਨਕ ਸਥਾਨ ਪ੍ਰਾਪਤ ਨਹੀਂ

ਸੀ। ਇਸਲਾਮ ਨੇ ਵੀ ਇਸਤਰੀ ਨੂੰ ਪੁਰਸ਼ ਦੇ ਬਰਾਬਰ ਅਧਿਕਾਰ ਨਹੀਂ ਦਿੱਤੇ। ਬਾਈਬਲ ਅਨੁਸਾਰ ਹਰ ਮਨੁੱਖ ਦਾ ਮੁਖੀ ਈਸਾ ਹੈ ਅਤੇ ਹਰ ਇਸਤਰੀ ਦਾ ਮੁਖੀ ਮਰਦ ਹੈ। ਇਹ ਮਰਦ ਪਰਮਾਤਮਾ ਦੀ ਵਡਿਆਈ ਤੇ ਆਦਰਸ਼ ਵਿੱਚ ਘੜਿਆ ਹੋਇਆ ਨਮੂਨਾ ਹੈ, ਪਰ ਇਸਤਰੀ ਮਰਦ ਦੀ ਤੇਜ ਪ੍ਰਤਾਪ ਹੈ। ਮਰਦ ਔਰਤ ਲਈ ਨਹੀਂ ਸਗੋਂ ਔਰਤ ਮਰਦ ਲਈ ਹੈ।[3] ਇਸਤਰੀਆਂ ਨਾਲ ਇਸ ਪ੍ਰਕਾਰ ਦੇ ਵਿਵਹਾਰ ਤੋਂ ਇਲਾਵਾ ਉਨ੍ਹਾਂ ਨੂੰ ਜੰਮਦਿਆਂ ਮਾਰ ਦੇਣਾ, ਪਰਦਾ,ਬਾਲ ਵਿਆਹ, ਸਤੀ ਪ੍ਰਥਾ, ਵਿਧਵਾ ਦਾ ਪੁਨਰ ਵਿਆਹ ਵਰਜਿਤ ਹੋਣਾ ਅਸਮਾਜਿਕ ਤੇ ਅਮਾਨਵੀ ਵਤੀਰੇ ਨੇ ਇਸਤਰੀ ਦਾ ਸਮਾਜਿਕ ਸੱਭਿਆਚਾਰਕ ਪਤਨ ਕਰ ਦਿੱਤਾ ਸੀ। ਇਸ ਸਮਾਜਿਕ ਸੱਭਿਆਚਰਕ ਬੁਰਾਈ ਨੂੰ ਗੁਰੂ ਨਾਨਕ ਦੇਵ ਜੀ ਨੇ ਬੜੀ ਗਹਿਰੀ ਸੰਵੇਦਨਾ ਨਾਲ ਅਨੁਭਵ ਕੀਤਾ ਅਤੇ ਇਸਤਰੀ ਜਾਤ ਨਾਲ ਸਮਾਜ ਵੱਲੋਂ ਕੀਤੇ ਜਾ ਰਹੇ ਅਪਮਾਨਜਨਕ ਵਤੀਰੇ ਦੇ ਵਿਰੁੱਧ ਅਵਾਜ਼ ਉਠਾਈ। ਗੁਰੂ ਨਾਨਕ ਦੇਵ ਜੀ ਅਨੁਸਾਰ ਜਦੋਂ ਮਾਨਵ ਉਤਪਤੀ ਇਸਤਰੀ ਦੀ ਹੋਂਦ ਤੋਂ ਬਗੈਰ ਅਸੰਭਵ ਹੈ, ਮਨੁੱਖੀ ਜੀਵਨ ਦੇ ਹਰ ਕਦਮ ਉੱਤੇ ਇਸਤਰੀ ਦੀ ਲੋੜ ਪੈਂਦੀ ਹੈ। ਇੱਥੇ ਤੱਕ ਕਿ ਰਾਜਿਆਂ, ਸੂਰਬੀਰਾਂ, ਭਗਤਾਂ ਸਭ ਨੂੰ ਜਨਮ ਦੇਣ ਵਾਲੀ ਇਸਤਰੀ ਹੀ ਹੈ ਤਾਂ ਫੇਰ ਉਸ ਨੂੰ ਪੁਰਖ ਦੇ ਬਰਾਬਰ ਮਾੜੀ ਕਹਿ ਕੇ ਉਸ ਦਾ ਤ੍ਰਿਸਕਾਰ ਕਿਉਂ ਕੀਤਾ ਜਾਂਦਾ ਹੈ। ਇਸਤਰੀ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਇਸਤਰੀ ਦੀ ਜੀਵਨ ਵਿੱਚ ਮਹੱਤਵਪੂਰਨ ਸਥਿਤੀ ਨੂੰ ਇੰਞ ਬਿਆਨ ਕੀਤਾ ਹੈ :-

"ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।"[4]

ਗੁਰੂ ਨਾਨਕ ਦੇਵ ਜੀ ਅਨੁਸਾਰ ਇਸਤਰੀ ਧਰਮ ਤੋਂ ਡੇਗਦੀ ਨਹੀਂ ਬਲਕਿ ਮਰਦ ਲਈ ਧਰਮ ਵਿੱਚ ਪੱਕਾ ਰਹਿਣ ਲਈ ਇਸਤਰੀ ਜ਼ਰੂਰੀ ਹੈ, ਇਸ ਤੋਂ ਬਗੈਰ ਮਰਦ ਆਪਣੀ ਬਿਰਤੀ ਨੂੰ ਇਕਾਗਰ ਨਹੀਂ ਕਰਸਕਦਾ।[5] ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿੱਚ ਗ੍ਰਹਿਸਥ ਜੀਵਨ ਦੀ ਮਹੱਤਤਾ ਨੂੰ ਸਵੀਕਾਰ

ਕੀਤਾ। ਉਨ੍ਹਾ ਨੇ ਕਿਹਾ ਕਿ ਮਨੁੱਖ ਪਰਿਵਾਰ ਵਿੱਚ ਰਹਿੰਦਾ ਹੋਇਆ ਵੀ ਮੁਕਤੀ ਪ੍ਰਾਪਤ ਕਰ ਸਕਦਾ ਹੈ।

**1.2 ਵਿਦਿਅਕ ਵਾਤਾਵਰਨ:**

ਉਸ ਸਮੇਂ ਅਨਪੜ੍ਹ ਲੋਕ ਅਗਿਆਨਤਾ ਦੀਆਂ ਡੂੰਘੀਆਂ ਖੱਡਾਂ ਵਿੱਚ ਪਏ ਦੁੱਖੀ ਹੋ ਹੀ ਰਹੇ ਸਨ, ਪਰ ਪੰਡਿਤ ਤੇ ਗਿਆਨੀ ਲੋਕ ਜਿਹੜੇ ਵੇਦ ਸ਼ਾਸਤਰਾਂ ਦੀ ਸਮਝ ਰੱਖਦੇ ਸਨ, ਉਨ੍ਹਾਂ ਦੀ ਹਾਲਤ ਵੀ ਕੋਈ ਬਹੁਤੀ ਚੰਗੀ ਨਹੀਂ ਸੀਕਿਉਂਕਿ ਉਹ ਵੇਦ ਸ਼ਾਸਤਰਾਂ ਵਿੱਚ ਪ੍ਰਗਟਾਏ ਮਹਾਨ ਅਸੂਲਾਂ ਤੇ ਸਿੱਖਿਆ ਨੂੰ ਅਸਲੀ ਜੀਵਨ ਵਿੱਚ ਲਿਆਉਣ ਦੀ ਥਾਂ ਕੇਵਲ ਭੇਖ, ਵਿਖਾਵੇ ਤੇ ਫੋਕੀ ਦਲੀਲਬਾਜ਼ੀ ਤੱਕ ਹੀ ਸੀਮਿਤ ਸਨ। ਆਮ ਲੋਕ ਉਸ ਸਮੇਂ ਜਿੰਦਗੀ ਦੀਆਂ ਬੁਨਿਆਦੀ ਲੋੜਾਂ ਰੋਟੀ, ਕੱਪੜਾ ਅਤੇ ਮਕਾਨ ਦੀਆਂ ਸਮੱਸਿਆਵਾਂ ਨੂੰ ਹੀ ਹੱਲ ਕਰਨ ਲਈ ਸਾਰਾ ਦਿਨ ਵਿਅਰਥ ਕਰ ਦਿੰਦੇ ਸਨ, ਜਿਸ ਕਰਕੇ ਉਹ ਵਿੱਦਿਆ ਗ੍ਰਹਿਣ ਕਰਨ ਬਾਰੇ ਸੋਚਦੇ ਵੀ ਨਹੀਂ ਸਨ ਅਤੇ ਨਾ ਹੀ ਗੁਲਾਮੀ ਅਤੇ ਅੱਤਿਆਚਾਰ ਵਿਰੁੱਧ ਆਵਾਜ਼ ਉਠਾਉਣ ਦੀ ਹਿੰਮਤ ਕਰਦੇ ਸਨ। ਗੁਰੂ ਸਾਹਿਬ ਉਸ ਵਕਤ ਦੇ ਸਿਮਰਨ ਰਹਿਤ ਪੜ੍ਹਿਆਂ-ਲਿਖਿਆਂ ਦੀ ਅਵਸਥਾ ਨੂੰ ਇਸ ਤਰ੍ਹਾਂ ਪ੍ਰਗਟਾਉਂਦੇ ਹਨ:

"ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ
ਜਿਸੁ ਰਾਮ ਨਾਮੁ ਗਲਿ ਹਾਰੁ।।"[6]

ਗੁਰੂ ਸਾਹਿਬ ਨੇ ਜਿਥੇ ਅਸਲੀ ਵਿਦਵਾਨਾਂ ਦੀ ਪਰਿਭਾਸ਼ਾ ਦੱਸੀ ਹੈ, ਉੱਥੇ ਹੀ ਵਿੱਦਿਆ ਦੀ ਇਨਸਾਨਾਂ ਪ੍ਰਤੀ ਮਹੱਤਤਾ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਹੈ।ਗੁਰੂ ਸਾਹਿਬ ਵਿੱਦਿਆ ਨੂੰ ਅਸਲ ਗਿਆਨ ਹਾਸਲ ਕਰਨ ਦੇ ਸਾਧਨ ਦੇ ਰੂਪ ਵਿੱਚ ਪ੍ਰਗਟ ਕਰਦੇ ਹੋਏ ਇਹ ਵੀ ਦੱਸਦੇ ਹਨ ਕਿ ਗਿਆਨ ਹਾਸਲ ਕਰਨ ਨਾਲ ਮਨੁੱਖ ਅੰਦਰ ਨਿਮਰਤਾ ਅਤੇ ਪਰਉਪਕਾਰ ਦੀ ਭਾਵਨਾ ਪੈਦਾ ਹੁੰਦੀ ਹੈ, ਬਾਕੀ ਸਭ ਕੁਝ ਤਾਂ ਹਉਮੈ ਲਈ ਮਾਰੀ ਹੋਈ ਝੱਖ ਤੋਂ ਵੱਧ ਕੁਝ ਨਹੀਂ।

"ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰਅਹਿਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿਜੇਤੇ ਬਰਸ ਬਰਸ ਪੜੀਅਹਿਜੇਤੇ ਮਾਸ।।

ਪੜੀਏ ਜੇਤੀ ਆਰਜਾ ਪੜੀਅਹਿਜੇਤ ਸਾਸ।।

ਨਾਨਕ ਲੇਖੇ ਇਕ ਗਲ ਹੋਰ ਹਉਮੈ ਝਖਣਾ ਝਾਗ।।"[7]

ਵਿੱਦਿਆ ਪ੍ਰਾਪਤੀ ਨਾਲ ਇਨਸਾਨ ਉੱਚਾ ਉੱਠ ਸਕਦਾ ਹੈ। ਆਪਣੇ ਤੇ ਪਰਾਏ ਦੇ ਹਿੱਤਾਂ ਨੂੰ ਪਛਾਣ ਕੇ ਕੋਈ ਚੰਗਾ ਤੇ ਉੱਤਮ ਕੰਮ ਕਰ ਸਕਦਾ ਹੈ। ਇਸੇ ਲਈ ਗੁਰੂ ਜੀ ਨੇ ਵਿੱਦਿਆ ਵਿਚਾਰੀ ਤਾਂ ਪਰਉਪਕਾਰੀ ਦੀ ਭਾਵਨਾ ਨੂੰ ਪ੍ਰਗਟ ਕੀਤਾ ਹੈ।

**2 .ਧਾਰਮਿਕ ਦਸ਼ਾ**

ਗੁਰੂ ਨਾਨਕ ਬਾਣੀ ਦਾ ਪ੍ਰਵਚਨ ਭਾਰਤ ਦੀ ਧਰਤੀ ਉਪਰ ਰਚੇ ਗਏ ਵਿਭਿੰਨ ਧਾਰਮਿਕ ਪ੍ਰਵਚਨਾਂ ਦੇ ਮੁਕਾਬਲੇ ਅਜਿਹਾ ਪ੍ਰਵਚਨ ਹੈ ਜੋ ਵਿਸੇਸ਼ ਤੌਰ ਤੇ ਧਰਮ ਦੇ ਨਾਲ ਹੀ ਮਨੁੱਖੀ ਜੀਵਨ ਦੇ ਸੱਭਿਆਚਾਰ ਦੀ ਵੀ ਨੁਮਾਇੰਦਗੀ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਪਹਿਲੇ ਪੱਧਰ ਉੱਤੇ ਮਨੁੱਖ ਨੂੰ ਧਰਮ ਦੇ ਅਸਲੀ ਚਰਿੱਤਰ ਤੇ ਪ੍ਰਕ੍ਰਿਤੀ ਨੂੰ ਸਪਸ਼ਟਕਰਦੀ ਹੈ। ਜਿਸ ਸਮੇਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਪ੍ਰਵਚਨ ਦੀ ਸਿਰਜਣਾ ਕਰ ਰਹੇ ਸਨ,ਉਸ ਸਮੇਂ ਦਾ ਸਮਾਜ ਧਰਮ ਦੇ ਅਸਲੀ ਮਾਰਗ ਤੋਂ ਬਹੁਤ ਦੂਰ ਹੋ ਚੁੱਕਾ ਸੀ। ਗੁਰੂ ਨਾਨਕ ਦੇਵ ਜੀ ਦੀ ਬਾਣੀ ਮਨੁੱਖ ਨੂੰ ਧਰਮ ਦੀ ਅਸਲੀ ਪਰਿਭਾਸ਼ਾ ਸਮਝਾਉਂਦੀ ਹੈ ਅਤੇ ਅਸਲੀ ਮਾਰਗ ਉੱਤੇ ਚਲਣ ਦੀ ਪ੍ਰੇਰਨਾ ਦਿੰਦੀ ਹੈ। ਗੁਰੂ ਜੀ ਅਨੁਸਾਰ ਧਰਮ ਦਾ ਅਸਲੀ ਮਾਰਗ ਸੱਚ ਦਾ ਮਾਰਗ ਹੈ। ਉਹ ਸੱਚ ਜੋ ਸਮੁੱਚੀ ਸ੍ਰਿਸ਼ਟੀ ਵਿਚ ਪਸਰਿਆ ਹੋਇਆ ਹੈ ਅਤੇ ਜਿਸ ਕਿਸੇ ਨੇ ਵੀ ਉਸ ਸੱਚ ਨੂੰ ਪਹਿਚਾਣ ਲਿਆ ਹੈ, ਉਹੀ ਸੱਚਾ ਹੈ, ਉਹੀ ਸਚਿਆਰਾ ਹੈ। ਗੁਰੂ ਜੀ ਲਿਖਦੇ ਹਨ:

"ਸੋਚੈ ਸੋਚਿ ਨਾ ਹੋਵਈ ਜੇ ਸੋਚੀ ਲਖ ਵਾਰ।।

ਚੁਪੈ ਚੁਪ ਨਾ ਹੋਵਈ ਜੇ ਲਾਇ ਰਹਾ ਲਿਵ ਤਾਰ।।

ਭੁਖਿਆ ਭੁਖ ਨਾ ਉਤਰੀ ਜੇ ਬੰਨਾ ਪੁਰੀਆ ਭਾਰ।।

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ।।"[8]

ਗੁਰੂ ਨਾਨਕ ਕਾਲ ਦਾ ਹਿੰਦੂ ਸਮਾਜ ਬੁਰੀ ਤਰ੍ਹਾਂ ਜਾਤਾਂ, ਵਰਣਾਂ ਵਿੱਚ ਵੰਡਿਆ ਹੋਇਆ ਸੀ ਅਤੇ ਛੂਤ-ਛਾਤ ਦੀ ਭਾਵਨਾ ਪ੍ਰਧਾਨ ਸੀ। ਬ੍ਰਾਹਮਣ ਪੁਜਾਰੀ ਸ੍ਰੇਣੀ ਦੀ ਹੋਰ ਵਰਣਾਂ ਉੱਪਰ ਪ੍ਰਭੁਤਾ ਨੇ ਇੱਕ

ਅਜਿਹੀ ਸਮਾਜਿਕ ਵਿਵਸਥਾ ਪੈਦਾ ਕਰ ਦਿੱਤੀ ਸੀ ਜੋ ਵਹਿਮਾਂ-ਭਰਮਾਂ ਅਤੇ ਸ਼ੋਸ਼ਣ ਨਾਲ ਭਰਪੂਰ ਸੀ ਅਤੇ ਜੋ ਹਿੰਦੂ ਸਮਾਜ ਦੇ ਮਾਨਸਿਕ ਵਿਗਠਨ ਦਾ ਆਧਾਰ ਬਣੀ।ਨਤੀਜੇ ਵਜੋਂ ਭੇਖੀ ਬ੍ਰਾਹਮਣਵਾਦ ਨੇ ਪੁਜਾਰੀ ਪ੍ਰਧਾਨ, ਫੋਕੇ ਤੇ ਕਰਮ ਕਾਂਡੀ ਧਰਮ ਅਤੇ ਸੀਮਿਤ ਕਿਤਾਬੀ ਵਿਦਵਾਨਾਂ ਨੂੰ ਜਨਮ ਦਿੱਤਾ।ਬ੍ਰਾਹਮਣਵਾਦੀ ਕਰਮਕਾਂਡ ਦਾ ਗਲਬਾ ਏਨੇ ਵਿਸ਼ਾਲ ਤੇ ਭਿਆਨਕ ਰੂਪ ਵਿੱਚ ਪੈ ਚੁੱਕਾ ਸੀ ਕਿਮਨੁੱਖ ਦਾ ਸਮੁੱਚਾ ਜੀਵਨ ਹੀ ਕਰਮਕਾਂਡ ਤੇ ਭੇਖ-ਪਾਖੰਡ ਦੀ ਭੇਟ ਚੜ੍ਹ ਗਿਆ ਸੀ।[9] ਉਸ ਸਮੇਂ ਹਿੰਦੂਆਂ ਨੇ ਅਸਿੱਧੇ ਰੂਪ ਵਿੱਚ ਹਾਕਮ ਜਮਾਤ ਦੀ ਪ੍ਰਭੂਤਾ ਨੂੰ ਸਵੀਕਾਰ ਕਰ ਲਿਆ ਸੀ ਅਤੇ ਉਨ੍ਹਾਂ ਦੇ ਜੀਵਨ ਢੰਗ ਨੂੰ ਆਪਣਾ ਕੇ ਉਨ੍ਹਾਂ ਨੂੰ ਖੁਸ਼ ਕਰਨ ਲਈ ਤਤਪਰ ਸਨ।ਉਸ ਸਮੇਂ ਧਾਰਮਿਕ ਤੇ ਸੱਭਿਆਚਾਰਕ ਪ੍ਰਤੀਕਾਂ ਦੀ ਵਰਤੋਂ ਲੋਕਾਂ ਨੂੰ ਧੋਖਾ ਦੇਣ ਲਈ ਹੋ ਰਹੀ ਸੀ।ਅਜਿਹੇ ਸਮਾਜਿਕ ਧਾਰਮਿਕ ਹਾਲਤਾਂ ਦਾ ਵਰਣਨ ਗੁਰੂ ਨਾਨਕ ਦੇਵ ਜੀ ਇਸ ਤਰ੍ਹਾਂ ਕਰਦੇ ਹਨ:

"ਸਰਮ ਧਰਮ ਕਾ ਡੇਰਾ ਦੂਰਿ।।ਨਾਨਕ ਕੂੜ ਰਹਿਆ ਭਰਪੂਰਿ॥
ਮਥੈ ਟਿਕਾ ਤੇੜਿ ਧੋਤਿ ਕਖਾਈ ।।ਹਥਿ ਛੁਰੀ ਜਗਤ ਕਾਸਾਈ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ।।ਮਲੇਛ ਧਾਨੁ ਲੇ ਪੂਜਹਿ ਪੁਰਾਣੁ॥"[10]

ਉਪਰੋਕਤ ਪੰਕਤੀਆਂ ਵਿੱਚ ਗੁਰੂ ਜੀ ਨੇ ਬੜੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਉਸ ਸਮੇਂ ਪ੍ਰਚਲਿਤ ਧਰਮਾਂ ਨੇ ਜਨਤਾ ਨੂੰ ਆਪਣੇ ਮਾਇਆ ਜਾਲ ਵਿੱਚ ਫਸਾਇਆ ਹੋਇਆ ਸੀ। ਇਹ ਸਮਾਂ ਭਾਰਤ ਵਿੱਚ ਬੜਾ ਹੀ ਕਰੜਾ ਅਤੇ ਜਟਿਲ ਸੀ। ਧਰਮ ਦੀ ਹਾਲਤ ਨਿਘਰਦੀ ਜਾ ਰਹੀ ਸੀ।ਧਰਮ ਦਾ ਅਸਲੀ ਸਰੂਪ ਮਿਟ ਚੁੱਕਿਆ ਸੀ।ਕੁਰੀਤੀਆਂ, ਕੁ-ਰਸਮਾਂ, ਵਹਿਮ-ਭਰਮ ਆਦਿ ਧਰਮ ਦਾ ਡੂੰਘਾ ਅੰਗ ਬਣ ਗਏ ਸਨ।ਗੁਰੂ ਜੀ ਨੇ ਧਾਰਮਿਕ ਆਗੂਆਂ ਦੀ ਜ਼ਿੰਦਗੀ ਦਾ ਤਰੀਕਾ ਪ੍ਰਤੀਬਿੰਬਤ ਕੀਤਾ ਹੈ। ਉਹ ਆਪਣੀ ਜ਼ਿੰਦਗੀ ਨੂੰ ਚੰਗਾ ਬਣਾਉਣ ਲਈ ਆਪਣੇ ਅੰਨ-ਦਾਤਿਆਂ ਜਗੀਰਦਾਰਾਂ ਦਾ ਨਾਜਾਇਜ਼ ਤੌਰ ਤੇ ਪੱਖ ਪੂਰਦੇ ਅਤੇ ਅਜਿਹਾ ਕਰਨ ਲਈ ਵਹਿਮਾਂ-ਭਰਮਾਂ ਤੇ ਅੰਧ ਵਿਸ਼ਵਾਸਾਂ ਰਾਹੀਂ ਲੋਕਾਂ ਨੂੰ ਆਤਮਿਕ ਤੌਰ ਤੇ ਮਾਰਦੇ। ਗੁਰੂ ਨਾਨਕ ਦੇਵ ਜੀ ਨੇ ਉਸ ਬਾਰੇ ਕਰਮ ਕਾਂਡ ਨੂੰ ਰੱਦ ਕੀਤਾ ਹੈ ਜੋ ਸਾਧਕ ਦੇ ਮਾਰਗ ਨੂੰ ਸੁਝਾਉਣ ਦੀ ਥਾਂ ਉਲਝਾਉਦਾ ਸੀ।[11] ਗੁਰੂ ਜੀ ਸਾਰੇ ਕਰਮ-ਕਾਂਡਾਂ ਨੂੰ ਵਿਅਰਥ ਦੱਸਦੇ ਹਨ ਜਿਵੇਂ:-

1) "ਪੜਿ ਪੁਸਤਕ ਸੰਧਿਆ ਬਾਦੰ ।। ਸਿਲ ਪੂਜਸਿ ਬਗੁਲ ਸਮਾਧੰ।।

ਮੁਖਿ ਝੂਠ ਬਿਭੂਖਣ ਸਾਰੰ।। ਤ੍ਰੈਪਾਲ ਤਿਹਾਲ ਬਿਚਾਰੰ।।

ਗਲਿ ਮਾਲਾ ਤਿਲਕੁ ਲਿਲਾਟੰ ।। ਦੁਇ ਧੋਤੀ ਬਸਤ੍ਰ ਕਾਪਾਟੰ।।

ਜੇ ਜਾਣਸਿ ਬ੍ਰਹਮ ਕਰਮੰ ।। ਸਭਿ ਫੋਕਟਿ ਨਿਸਚਉ ਕਰਮੰ।।"[12]

2)"ਧੋਤੀ ਊਜਲ ਤਿਲਕੁ ਗਲਿ ਮਾਲਾ।।

ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ।।"[13]

ਉਸ ਸਮੇਂ ਦੇ ਬ੍ਰਾਹਮਣ ਪੰਡਤਾਂ ਜਿਨ੍ਹਾਂ ਦਾ ਕੰਮ ਉਚੇਰੇ ਗਿਆਨ ਨਾਲ ਦੁਨਿਆਵੀ ਤ੍ਰਿਸਨਾਵਾਂ ਤੋਂ ਉੱਚਾ ਉਠਣਾ, ਅਕਾਲ-ਪੁਰਖ ਪਰਮਾਤਮਾ ਦੀ ਆਪ ਸੋਝੀ ਕਰਨੀ ਅਤੇ ਲੋਕਾਂ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਦੂਰ ਕਰ ਕੇ ਬ੍ਰਹਮ ਦੀ ਸੋਝੀ ਕਰਵਾਉਣੀ ਹੁੰਦੀ ਹੈ, ਉੱਥੇ ਉਸ ਵਕਤ ਬ੍ਰਾਹਮਣ ਤਾਂ ਆਪਣੇ ਗਿਆਨ ਦੁਆਰਾ ਅਗਿਆਨਤਾ ਦੇ ਭਰਮ-ਭੁਲੇਖਿਆਂ ਅਤੇ ਪਾਖੰਡਾਂ ਨਾਲ ਲੋਕਾਂ ਨੂੰ ਗੁੰਮਰਾਹ ਕਰਕੇ ਪੈਸਾ ਇੱਕਠਾ ਕਰ ਰਹੇ ਸਨ।ਇਸ ਬਾਰੇ ਗੁਰੂ ਜੀ ਆਖਦੇ ਹਨ:

"ਮੂਰਖ ਪੰਡਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ।।

ਧਰਮੀ ਧਰਮੁ ਕਰਹਿ ਗਵਾਵਹਿ ਮੰਗਹਿ ਮੋਖ ਦੁਆਰੁ ।।"[14]

ਜਦੋਂ ਹਿੰਦੂ ਧਰਮ ਦੇ ਰੱਖਿਅਕ, ਬ੍ਰਾਹਮਣਾਂ ਨੇ ਹਿੰਦੂ ਰਹਿਤ ਮਰਿਯਾਦਾ ਤੇ ਧਰਮ ਨੂੰ ਛੱਡ ਕੇ ਮੁਸਲਮਾਨੀ ਵਿਚਾਰ ਪ੍ਰਣਾਲੀ ਨੂੰ ਜ਼ਿੰਦਗੀ ਦਾ ਆਧਾਰ ਬਣਾ ਲਿਆ ਤਾਂ ਹਿੰਦੂ ਧਰਮ ਪਤਨ ਤੇ ਗਿਲਾਨੀ ਵੱਲ ਚਲਾ ਗਿਆ ਸੀ ਅਤੇ ਮੁਸਲਮਾਨੀ ਧਰਮ ਹੀ ਉਸ ਸਮੇਂ ਪ੍ਰਮਾਣਿਤ ਧਰਮ ਬਣ ਗਿਆ ਸੀ ਬਾਹਰੋਂ ਆਇਆ ਇਹ ਸਾਮੀ ਧਰਮ ਵੀ ਆਪਣੀ ਪਵਿੱਤਰਤਾ ਤੇ ਉੱਚਤਾ ਤੋਂ ਡਿੱਗ ਚੁੱਕਾ ਸੀ।ਰਾਜ-ਮਹੱਲਾਂ ਤੇ ਹਾਕਮਾਂ ਦੇ ਜੀਵਨ ਖੇਤਰ ਵਿੱਚ ਦਖਲ ਹੋਣ ਨਾਲ ਇਹ ਗੁਲਾਮ ਜਨਤਾ ਤੇ ਹਿੰਦੂ ਧਰਮ ਤੋਂ ਬਹੁਤਾ ਵੱਖਰਾ ਨਹੀਂ ਰਿਹਾ।ਇਸ ਦੇ ਧਾਰਮਿਕ ਆਗੂ ਵੀ ਆਪਣੇ ਆਦਰਸ਼ਾਂ ਤੋਂ ਡਿੱਗ ਚੁੱਕੇ ਸਨ ਅਤੇ ਲੋਕਾਂ ਨੂੰ ਭਰਮਾਂ ਤੇ ਭੁਲੇਖਿਆਂ ਦੇ ਗੋਰਖ ਧੰਦਿਆਂ ਵਿੱਚ ਫਸਾਈ ਬੈਠੇ ਸਨ।ਧਰਮ ਨੂੰ ਸਿਰਫ ਸੁਆਰਥ ਲਈ ਹੀ ਵਰਤਿਆ ਜਾਂਦਾ ਸੀ।ਦਿਖਾਵੇ ਲਈ ਲੋਕ ਜ਼ਰੂਰ ਨਮਾਜ਼, ਰੋਜਾ, ਸੁੱਚ, ਭਿੱਟ ਆਦਿ ਦਾ ਖਿਆਲ ਰੱਖਦੇ ਸਨ ਤਾਂ ਕਿ ਲੋਕਾਂ ਦੀਆਂ ਨਜਰਾਂ ਵਿੱਚ ਧੂੜ ਪਾ ਕੇ ਉੱਚੇ ਬਣੇ ਰਹਿਣ।ਪ੍ਰਗਟ ਰੂਪ ਵਿੱਚ ਕਰੜੇ ਤਰੀਕੇ ਨਾਲ ਧਾਰਮਿਕ ਰਸਮੋਂ-ਰਿਵਾਜਾਂ ਵਿੱਚ ਵਿਸ਼ਵਾਸ ਰੱਖਣ ਦਾਇਹ ਭੁਲੇਖਾ ਹੀ ਪਾਉਂਦੇ ਸਨ। ਜਿਵੇਂ

"ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ।।

ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ।।

ਚਉਥੀ ਨੀਅਤਿ ਰਾਸਿ ਮਨੁ ਪੰਜਵੀਂ ਸਿਫਤਿ ਸੁਨਾਇ।।

ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ।।

ਨਾਨਕ ਜੇਤੇ ਕੂੜਿਆਰ ਕੂੜੇ ਕੂੜੀ ਪਾਇ ।।"[15]

ਗੁਰੂ ਨਾਨਕ ਦੇਵ ਜੀ ਨੇ ਖੋਖਲੇ ਰੀਤੀ-ਰਿਵਾਜਾਂ ਦਾ ਵਿਰੋਧ ਕੀਤਾ ਹੈ। ਉਨ੍ਹਾਂ ਨੇ ਧਰਮ ਦੀ ਕਿਸੇ ਵੱਖਰੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ ਅਤੇ ਉਨ੍ਹਾਂ ਨੂੰ ਸਮੁੱਚੀ ਮਨੁੱਖਤਾ ਇਕੋ ਸੂਤਰ ਵਿੱਚ ਬੱਝੀ ਨਜ਼ਰ ਆਉਂਦੀ ਸੀ। ਗੁਰੂ ਨਾਨਕ ਦੇਵ ਜੀ ਦੀ ਬਾਣੀ ਧਰਮ ਦੇ ਅਜਿਹੇ ਸੰਕਲਪ ਨੂੰ ਪੇਸ਼ ਕਰਦੀ ਹੈ ਜੋ ਹਰ ਪ੍ਰਕਾਰ ਦੀ ਉਪਚਾਰਿਕਤਾ ਤੋਂ ਮੁਕਤ ਅੰਤਰੀਵੀ ਪਵਿੱਤਰਤਾ ਅਤੇ ਸ਼ੁੱਧਤਾ ਨਾਲ ਜੁੜਿਆ ਹੋਵੇ। ਇਸ ਦੀ ਬੜੀ ਸੁੰਦਰ ਮਿਸਾਲ ਸਾਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਉਸ ਸਮੇਂ ਮਿਲਦੀ ਹੈ ਜਦੋਂ ਉਹ ਪੁਰੋਹਿਤ ਨੂੰ ਅਸਲੀ ਜਨੇਉ ਦਾ ਅਰਥ ਸਮਝਾਉਂਦੇ ਹੋਏ ਕਹਿੰਦੇ ਹਨ:

"ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।।

ਏਹ ਜਨੇਊ ਜੀਅ ਕਾ ਹਈ ਤਪਾਡੇ ਘਤੁ।।

ਨਾ ਏਹੁ ਤੁਟੈ ਨ ਮਲ ਲਗੈ ਨਾ ਏਹ ਜਲੈ ਨ ਜਾਇ।।

ਧੰਨੁ ਸੁ ਮਾਣਸ ਨਾਨਕ ਜੋ ਗਲਿ ਚਲੇ ਪਾਇ"[16]

ਇਸ ਤਰ੍ਹਾਂ ਗੁਰੂ ਜੀ ਨੇ ਜਨੇਉ ਦੀ ਰਸਮ ਦਾ ਵਿਰੋਧ ਕਰ ਕੇ ਕਰਮ-ਕਾਂਡਾਂ ਦਾ ਵਿਰੋਧ ਕੀਤਾ ਹੈ।ਗੁਰੂ ਜੀ ਨੇ ਧਰਮ ਦਾ ਜੋ ਮਾਡਲ ਲੋਕਾਂ ਨੂੰ ਦਿੱਤਾ ਹੈ, ਉਹ ਮੂਲ ਰੂਪ ਵਿੱਚ ਹਰ ਪ੍ਰਕਾਰ ਦੀ ਧਾਰਮਿਕ ਕੱਟੜਤਾ, ਸੰਪ੍ਰਦਾਇਕਤਾ, ਵਿਖਾਵੇ ਤੇ ਭੇਖ-ਪਾਖੰਡਾਂ ਤੋਂ ਮੁਕਤ ਮਾਨਵਤਾਵਾਦੀ ਅਤੇ ਵਿਸ਼ਵ ਭਾਈਚਾਰੇ ਦਾ ਸਕੰਲਪ ਪੇਸ਼ ਕਰਦਾ ਹੈ। ਗੁਰੂ ਸਾਹਿਬਾਨ ਤੇ ਭਗਤੀ ਲਹਿਰ ਦੇ ਸੰਚਾਲਕ ਭਗਤਾਂ, ਸੰਤਾਂ ਆਦਿ ਨੇ ਇਸ ਪ੍ਰਕਾਰ ਦੇ ਪਾਖੰਡਵਾਦੀ ਬਾਹਰਮੁਖੀ ਕਰਮਕਾਂਡਾਂ ਦੇ ਵਿਰੁੱਧ ਸਖ਼ਤ ਰੂਪ ਵਿੱਚ ਆਵਾਜ਼ ਉਠਾਈ ਤੇ ਜਨ-ਸਾਧਾਰਨ ਨੂੰ ਸੁਚੇਤ ਕੀਤਾ।[17]ਗੁਰੂ ਜੀ ਨੇ ਇੱਕ ਅਜਿਹੇ ਧਰਮ ਦੀ ਨੀਂਹ ਰੱਖੀ ਜਿਸ ਦਾ ਸਬੰਧ ਕਿਸੇ ਵਿਸ਼ੇਸ ਵਿਅਕਤੀ, ਜਾਤੀ, ਧਰਮ ਜਾਂ ਦੇਸ਼ ਨਾਲ ਨਹੀਂ

ਬਲਕਿ ਸਮੁੱਚੀ ਮਾਨਵਤਾ ਨਾਲ ਹੈ ਜੋ ਹਿੰਦੂ, ਸਿੱਖ, ਮੁਸਲਮਾਨ ਸਭ ਨੂੰ ਸਰਬ-ਸਾਂਝੇ ਮਨੁੱਖੀ ਭਾਈਚਾਰੇ ਦਾ ਸੂਤਰ ਵਿੱਚ ਬੰਨ੍ਹਦਾ ਹੈ।

**ਰਾਜਨੀਤਿਕ ਦਸ਼ਾ**

ਗੁਰੂ ਨਾਨਕ ਦੇਵ ਜੀ ਦਾ ਕਾਲ ਇੱਕ ਤੋਂ ਵੱਧ ਢੰਗਾਂ ਰਾਹੀਂ ਰਾਜਨੀਤਿਕ ਤੇ ਆਤਮਿਕ ਪੱਧਰ ਤੇ ਬੁਨਿਆਦੀ ਸੰਕ੍ਰਾਂਤੀ ਦਾ ਕਾਲ ਆਖਿਆ ਜਾ ਸਕਦਾ ਹੈ। ਗੁਰੂ ਜੀ ਦੇ ਜਨਮ ਸਮੇਂ ਪੰਜਾਬ ਤਿੰਨ ਸਦੀਆਂ ਨਾਲੋਂ ਵੱਧ ਸਮੇਂ ਤੋਂ ਮੁਸਲਮਾਨ ਹਾਕਮਾਂ ਦੇ ਅਧੀਨ ਚਲਿਆ ਆ ਰਿਹਾ ਸੀ। ਹਾਕਮ ਜਮਾਤ ਤੋਂ ਇਲਾਵਾ ਪੁਜਾਰੀ ਵਰਗ, ਕਾਜ਼ੀ ਤੇ ਮੁੱਲਾ-ਮੁਲਾਣੇ ਜ਼ਿਹਾਦ ਰੂਪੀ ਵਿਸ਼ਵਾਸਾਂ ਵਿੱਚ ਪੂਰੀ ਤਰ੍ਹਾਂ ਸਹਾਈ ਹੁੰਦੇ ਸਨ। ਇਸ ਦੇ ਨਾਲ ਹੀ ਮੁਸਲਮਾਨ ਬਣੇ ਭਾਰਤੀਆਂ ਦੀ ਇੱਕ ਨਵੀਂ ਜਮਾਤ ਵੀ ਪੈਦਾ ਹੋ ਰਹੀ ਸੀ। ਲੋਕ ਭਲਾਈ ਅਤੇ ਜਨਤਾ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਵੱਲੋਂ ਪੂਰੀ ਤਰ੍ਹਾਂ ਅਣਗਹਿਲੀ ਕੀਤੀ ਜਾ ਰਹੀ ਸੀ। ਕੇਂਦਰ ਅਤੇ ਸੂਬੇ ਦੇ ਹਾਕਮਾਂ ਦੀ ਸਥਾਨਿਕ ਚੌਧਰੀਆਂ ਉੱਤੇ ਪਕੜ ਕਮਜ਼ੋਰ ਹੋ ਗਈ ਸੀ। ਇੱਥੋਂ ਤੱਕ ਕਿ ਦੌਲਤ ਖਾਂ ਲੋਧੀ ਨੇ ਆਲਮ ਖਾਂ ਨਾਲ ਮਿਲਕੇ ਬਾਬਰ ਨੂੰ ਹਿੰਦੁਸਤਾਨ ਉੱਪਰ ਹਮਲਾ ਕਰਨ ਲਈ ਸੱਦਾ ਭੇਜਿਆ ਸੀ।ਉਸ ਦਾ ਖਿਆਲ ਸੀ ਕਿ ਉਹ ਬਾਬਰ ਨਾਲ ਮਿਲ ਕੇ ਹਿੰਦੁਸਤਾਨ ਵਿੱਚ ਲੁੱਟ ਮਚਾਏਗਾ ਅਤੇ ਬਾਬਰ ਦੇ ਹਿੰਦੁਸਤਾਨ ਤੋਂ ਜਾਣ ਮਗਰੋਂ ਹਿੰਦੁਸਤਾਨ ਦੇ ਤਖ਼ਤ ਤੇ ਆਸਾਨੀ ਨਾਲ ਕਬਜ਼ਾ ਕਰ ਲਵੇਗਾ। ਪ੍ਰੰਤੂ ਦੌਲਤ ਖਾਂ ਲੋਧੀ ਦੇ ਖਿਆਲ ਦੇ ਉਲਟ ਪੰਜਾਬ ਵਿੱਚ ਤਿੰਨ ਪਾਸਿਆਂ ਤੋਂ ਲੜਾਈ ਸ਼ੁਰੂ ਹੋ ਗਈ। ਇਕ ਪਾਸੇ ਲੋਧੀ ਅਤੇ ਦੂਜੇ ਪਾਸੇ ਪਠਾਣ ਤੇ ਤੀਜੇ ਪਾਸੇ ਮੁਗ਼ਲ ਇਸ ਦੇਸ਼ਉੱਤੇ ਕਬਜ਼ਾ ਕਰਨ ਲਈ ਆਪਣੀ-ਆਪਣੀ ਸ਼ਕਤੀ ਲਗਾਉਣ ਲੱਗ ਪਏ ਸਨ। ਗੁਰੂ ਨਾਨਕ ਦੇਵ ਜੀ ਨੇ ਆਪਣੀ ਰਚਨਾ ਵਿੱਚ ਇਸ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ:

"ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ।।

ਓਨੀ ਤੁਪਕ ਤਾਣਿ ਚਲਾਈ ਓਨੀ ਹਸਤਿ ਚਿੜਾਈ।।

ਜਿਨ੍ ਕੀ ਚੀਰੀ ਦਰਗਾਹ ਪਾਟੀ ਤਿਨ੍ ਮਰਣਾ ਭਾਈ।।

ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ।।

ਇਕਨਾ ਪੇਰਣ ਸਿਰ ਖੁਰ ਪਾਟੇ ਇਕਨਾ ਵਾਸ ਮਸਾਣੀ।।

ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ।।[18]

ਉਸ ਸਮੇਂ ਬਾਬਰ ਤੋਂ ਪਹਿਲਾਂ ਵੀ ਪੰਜਾਬ ਵਿੱਚ ਸਦਾ ਆਰੀਆਂ, ਯੂਨਾਨੀ, ਮੰਗੋਲਾਂ, ਹੂਣਾਂ, ਕਾਸਮਾਂ, ਗਜਨਵੀਆਂ, ਖਿਲਜੀਆਂ, ਤੈਮੂਰਾਂ ਆਦਿ ਨੇ ਹਮਲੇ ਕੀਤੇ। ਉਸ ਸਮੇਂ ਕੋਈ ਨਿਪੁੰਨ ਹਾਕਮ ਅਤੇ ਸ਼ਕਤੀਸਾਲੀ ਸਥਿਰ ਰਾਜ ਨਹੀਂ ਸੀ।ਇਸ ਤੋਂ ਵੱਧ ਕੇ ਇਨ੍ਹਾਂ ਛੋਟੇ ਛੋਟੇ ਰਾਜਿਆਂ ਵਿੱਚ ਪਰਸਪਰ ਏਕਤਾ ਨਹੀਂ ਸੀ। ਇਸ ਲਈ ਹਮਲਾਵਰ ਬਹੁਤ ਥੋੜ੍ਹੀ ਸ਼ਕਤੀ ਨਾਲ ਇੱਥੇ ਲੁੱਟ-ਖਸੁੱਟ ਮਚਾਉਂਦੇ ਸਨ।ਉਸ ਸਮੇਂ ਦੇ ਆਗੂ ਵੀ ਮਨੁੱਖਤਾ ਦੀ ਰਾਖੀ ਕਰਨ ਦੀ ਥਾਂ ਹਾਕਮਾਂ ਦੀ ਗੁਲਾਮੀ ਕਰ ਕੇ ਆਮ ਜਨਤਾ ਨੂੰ ਨਸ਼ਟ ਕਰਨ ਤੇ ਲੱਗੇ ਹੋਏ ਸਨ। ਗੁਰੂ ਨਾਨਕ ਦੇਵ ਜੀ ਚੇਤੰਨ ਅਤੇ ਵਿਚਾਰਧਾਰਕ ਪਹੁੰਚ ਪ੍ਰਚਲਤ ਵਿਵਸਥਾ ਦੇ ਰਾਜਨੀਤਿਕ ਅਵਚੇਤਨ ਵਿੱਚ ਝਾਕਣ ਦਾ ਕਾਰਜਸ਼ੀਲ ਉਪਰਾਲਾ ਕਰਦੀ ਹੈ ਅਤੇ ਲੋਕਾਈ ਦੇ ਦਮਨ ਕਾਰਤਾ ਵਾਲੇ ਪੱਖ ਨੂੰ ਉਜਾਗਰ ਕਰਕੇ ਨਿਆਂਸ਼ੀਲਤਾ ਦੇ ਵਡੇਰੇ ਦਮਨਕਾਰੀ ਅਤੇ ਸੱਚ ਆਧਾਰਤ ਪ੍ਰਸੰਗ ਸਿਰਜਣ ਦੀ ਪ੍ਰਕਿਰਿਆ ਵੱਲ ਰੁਚਿਤ ਹੈ। ਗੁਰੂ ਨਾਨਕ ਦੇਵ ਜੀ ਨੂੰ ਮੱਧਕਾਲ ਦੇ ਕੁਝ ਹੋਰ ਸੁਧਾਰਵਾਦੀ ਭਗਤਾਂ ਦੀ ਸ੍ਰੇਣੀ ਵਿੱਚ ਨਹੀਂ ਰੱਖਿਆ ਜਾ ਸਕਦਾ ਕਿਉਂਕਿ ਗੁਰੂ ਨਾਨਕ ਮੂਲ ਰੂਪ ਵਿੱਚ ਇੱਕ ਕਰਾਂਤੀਕਾਰੀ ਮਹਾਂਪੁਰਖ ਸਨ।[19]

ਗੁਰੂ ਸਾਹਿਬ ਦੁਆਰਾ ਪ੍ਰਬੰਧਕੀ ਢਾਂਚੇ ਦੀ ਆਲੋਚਨਾ ਕੇਵਲ ਮੁਸਲਮਾਨਾਂ ਤੱਕ ਸੀਮਿਤ ਨਹੀਂ ਸੀ।ਇਹ ਉਨ੍ਹਾਂ ਸਾਰੇ ਲੋਕਾਂ ਪ੍ਰਤੀ ਸੀ, ਜਿਨ੍ਹਾਂ ਨੂੰ ਰਾਜਨੀਤਿਕ ਤਾਕਤ ਨੇ ਅੰਨ੍ਹੇ-ਬੋਲੇ ਬਣਾ ਦਿੱਤਾ ਸੀ।ਉਸ ਸਮੇਂ ਬਾਬਰ ਨੇ ਹਿੰਦੁਸਤਾਨ ਨੂੰ ਜਿੱਤਣ ਲਈ ਹਿੰਦੁਸਤਾਨੀਆਂ ਉੱਤੇ ਅਸਹਿ ਤੇ ਅਕਹਿ ਜ਼ੁਲਮ ਢਾਹੇ।ਜਿੱਥੇ ਹਿੰਦੁਸਤਾਨ ਵਿੱਚ ਕੁਝ ਚੰਗੇ ਕਾਰਨਾਮਿਆਂ ਕਰਕੇ ਬਾਬਰ ਦਾ ਨਾਂ ਸੁਨਹਿਰੀ ਪੰਨਿਆਂ ਤੇ ਚਮਕਦਾ ਹੈ, ਉੱਥੇ ਉਸ ਦਾ ਭਾਰਤ ਵਾਸੀਆਂ ਲਈ ਜ਼ੁਲਮ ਤੇ ਅਨਿਆ ਉਸ ਦੇ ਚਮਕਦੇ ਨਾਂ ਉੱਤੇ ਕਾਲਖ ਵੀ ਲਗਾ ਦਿੰਦਾ ਹੈ। ਗੁਰੂ ਜੀ ਨੇ ਬਾਬਰ ਵੱਲੋਂ ਕੀਤੇ ਅਤਿਆਚਾਰਾਂ ਅਤੇ ਜ਼ੁਲਮਾਂ ਨੂੰ ਅਤਿ ਦੁਖੀ ਰੂਪ ਵਿੱਚ ਮਹਿਸੂਸ ਕੀਤਾ ਅਤੇ ਉਨ੍ਹਾਂ ਨੇ ਦਲੇਰਾਨਾ ਢੰਗ ਨਾਲ ਸ਼ਕਤੀਸਾਲੀ ਸ਼ਬਦਾਂ ਵਿੱਚ ਅਤਿਆਚਾਰੀਆਂ ਵਿਰੁੱਧ ਆਪਣਾ ਰੋਸ ਵੀ ਪ੍ਰਗਟ ਕੀਤਾ ਹੈ:

"ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।।

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।।

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ।।

ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨ ਵੇ ਲਾਲੋ।।

ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ।।"[20]

ਇਸ ਤਰ੍ਹਾਂ ਗੁਰੂ ਜੀ ਨੇ ਬਾਬਰ ਦੇ ਜ਼ੁਲਮਾਂ ਨੂੰ ਅਤਿ ਦੁਖੀ ਰੂਪ ਵਿੱਚ ਮਹਿਸੂਸ ਕੀਤਾ ਅਤੇ ਸੰਸਾਰ ਚਲਾਉਣ ਵਾਲੀ ਸ਼ਕਤੀ ਪਰਮਾਤਮਾ ਨੂੰ ਉਲਾਭਾਂ ਦੇਣ ਲਈ ਮਜਬੂਰ ਹੋ ਗਏ।

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।।

ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।।

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦ ਨਾ ਆਇਆ।।"[21]

**ਆਰਥਿਕ ਦਸ਼ਾ**

ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਮੁੱਖ ਮੁੱਦਾ ਭਾਵੇਂ ਧਾਰਮਿਕ ਹੈ, ਪ੍ਰੰਤੂ ਗਹੁ ਨਾਲ ਵਿਸ਼ਲੇਸ਼ਣ ਕੀਤਿਆਂ ਇਹ ਪਤਾ ਲੱਗ ਜਾਂਦਾ ਹੈ ਕਿ ਉਨ੍ਹਾਂ ਨੇ ਆਰਥਿਕ ਪੱਖ ਸਮੇਤ ਸਾਰੇ ਪੱਖਾਂ ਉੱਪਰ ਵਿਚਾਰ ਪ੍ਰਗਟ ਕੀਤੇ ਹਨ। ਮੱਧਕਾਲੀਨ ਪੰਜਾਬ ਦੀਆਂ ਸਮਾਜਿਕ ਪ੍ਰਸਥਿਤੀਆਂ ਦਾ ਵਿਸ਼ਲੇਸ਼ਣ ਕਰਦਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਸਮੇਂ ਦੇ ਸਮਾਜ ਵਿੱਚ ਸ਼ਾਸਨ ਜਾਤ ਤੇ ਜਮਾਤ ਦਾ ਵਿਚਾਰ ਹੀ ਭਾਰੂ ਸੀ। ਅੱਜ ਵਾਂਗ ਹੀ ਸਮਾਜ ਦੀ ਆਰਥਿਕ ਦਰਜਾਬੰਦੀ ਅਮੀਰ, ਮੱਧ ਵਰਗ ਅਤੇ ਗਰੀਬ ਤਿੰਨ ਸ੍ਰੇਣੀਆਂ ਵਿੱਚ ਸੀ।ਕਿਸੇ ਵੀ ਯੁੱਗ ਦੇ ਲੋਕਾਂ ਦੇ ਰਹਿਣ-ਸਹਿਣ ਦੇ ਢੰਗ, ਰਸਮੋਂ-ਰਿਵਾਜਾਂ ਤੇ ਦੇਸ਼ ਦੀ ਸੁੱਚਜੀ ਜਾਂ ਕੁੱਚਜੀ ਹਾਲਤ ਤੋਂ ਲਗਾਇਆ ਜਾਂਦਾ ਹੈ।ਗੁਰੂ ਨਾਨਕ ਬਾਣੀ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਯੁੱਗ ਆਰਥਿਕ ਪੱਖੋਂ ਮੰਦਾ ਸੀ।ਬਾਹਰੀ ਹਮਲਿਆਂ ਨੇ ਦੇਸ਼ ਦੇ ਆਰਥਿਕ ਹਾਲਾਤਾਂ ਨੂੰ ਖੋਖਲਾ ਕਰ ਦਿੱਤਾ ਸੀ। ਧਾਰਮਿਕ ਆਗੂ ਭੋਲੀ-ਭਾਲੀ ਜਨਤਾ ਨੂੰ ਲੁੱਟ ਰਹੇ ਸਨ। ਜਨਤਾ ਦੀ ਹਾਲਤ ਏਨੀ ਮਾੜੀ ਸੀ ਕਿ ਉਹ ਰੁਪਿਆ ਕਰ ਦੇਣ ਬਦਲੇ ਆਪਣਾ ਧਰਮ ਹੀ ਬਦਲ ਲੈਂਦੇ ਸੀ।ਉਸ ਸਮੇਂ ਬਹੁਤੇ ਲੋਕਾਂ ਦਾ ਜੀਵਨ ਖੇਤੀਬਾੜੀ ਤੇ ਹੀ ਨਿਰਭਰ ਕਰਦਾ ਸੀ। ਇਸ ਕਿਸਾਨੀ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ :-

"ਮਨੁ ਹਾਲੀ ਕਿਰਸਾਣੀ ਕਰਣੀਸਰਮੁ ਪਾਣੀ ਤਨੁ ਖੇਤੁ।।

ਨਾਮੁ ਬੀਜੁ ਸੰਤੋਖ ਸੁਹਾਗਾਰਖੁ ਗਰੀਬੀ ਵੇਸੁ।"[22]

ਗੁਰੂ ਜੀ ਨੇ ਇਸ ਤਰ੍ਹਾਂ ਸਾਧਾਰਨ ਜੀਵਨ ਜੀਊਣ ਤੇ ਸਬਰ ਸੰਤੋਖ ਨਾਲ ਰਹਿਣ ਦੀ ਗੱਲ ਆਖੀ ਹੈ। ਉਨ੍ਹਾਂ ਨੇ ਕਿਸਾਨੀ ਜੀਵਨ ਤੋਂ ਇਲਾਵਾ ਉਸ ਸਮੇਂ ਦੇ ਵਣਜ, ਵਪਾਰਾਂ, ਖੇਤ ਮਜ਼ਦੂਰਾਂ, ਬਾਣੀਆਂ ਕੌਮ ਜਾਂ ਹੱਟੀ ਕਰਨ ਵਾਲਿਆਂ ਦੀਆਂ ਵੀ ਆਰਥਿਕ ਸਮੱਸਿਆਵਾਂ ਨੂੰ ਉਜਾਗਰ ਕੀਤਾ ਹੈ। ਮੱਧ ਸ੍ਰੇਣੀ ਬੇਸ਼ਕ ਉਸ ਸਮੇਂ ਸ਼ਕਤੀਸ਼ਾਲੀ ਨਹੀਂ ਸੀ ਪਰ ਤਾਂ ਵੀ ਸ਼ਾਹੂਕਾਰ ਤੇ ਵਪਾਰੀ ਸ਼ਹਿਰਾਂ ਤੇਪਿੰਡਾਂ ਦੋਹਾਂ ਵਿੱਚ ਬਹੁਤ ਸਨ।ਗੁਰੂ ਜੀ ਨੇ ਵਣਜ ਵਪਾਰੀਆਂ ਦੀ ਗੱਲ ਇਸ ਤਰ੍ਹਾਂ ਆਖੀ ਹੈ:

"ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ।।
ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ।।[23]

ਗੁਰੂ ਜੀ ਨੇ ਜਿੱਥੇ ਗਰੀਬ ਲੋਕਾਂ ਦੀ ਗੱਲ ਆਖੀ ਹੈ ਉੱਥੇ ਹੀ ਉਨ੍ਹਾਂ ਨੇ ਉਸ ਸਮੇਂ ਉੱਚ ਅਮੀਰ ਲੋਕਾਂ ਦੀ ਗੱਲ ਵੀ ਕਹੀ ਹੈ।ਉਸ ਸਮੇਂ ਜਿਹੜੇ ਲੋਕ ਅਮੀਰ ਸਨ ਉਹ ਅਥਾਹ ਦੌਲਤ ਦੇ ਮਾਲਕ ਸਨ ਅਤੇ ਅਮੀਰੀ ਤੇ ਠਾਠ-ਬਾਠ ਵਾਲਾ ਜੀਵਨ ਬਤੀਤ ਕਰਦੇ ਸਨ ਜਿਵੇਂ:

"ਮੋਤੀ ਤਾਂ ਮੰਦਰਿ ਉਸਰਹਿ ਰਤਨੀ ਤ ਹੋਹਿ ਜੜਊ।।
ਕਸਤੂਰਿ ਕੂੰਗ ਅਗਰਿ ਚੰਦਨਿ ਲੀਪਿ ਆਵੈ ਚਾਉ।।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।।
ਹਰਿ ਬਿਨੁ ਜੀਉ ਜਲਿ ਬਲਿ ਜਾਉ।।"[24]

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਆਪਣੇ ਸਮਕਾਲੀ ਸਮਾਜ ਦੀ ਪੂਰਨ ਤਸਵੀਰ ਪੇਸ਼ ਕਰਦੀ ਹੈ।ਉਨ੍ਹਾਂ ਦੀ ਰਚਨਾਂ ਵਿੱਚ ਮੱਧਕਾਲੀਨ ਪੰਜਾਬੀ ਅਤੇ ਭਾਰਤੀ ਸਮਾਜ ਦੀ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਪੱਖ ਦੀ ਪੂਰਨ ਪੇਸ਼ਕਾਰੀ ਹੈ। ਗੁਰੂ ਜੀ ਨੇ ਤੱਤਕਾਲੀਨ ਰਾਜਨੀਤਿਕ ਪ੍ਰਸਥਿਤੀਆਂ ਤਹਿਤ ਸ਼ੋਸ਼ਣ ਅਤੇ ਦਮਨ ਰਹਿਤ ਸਮਾਜ ਦੀ ਬਹੁ-ਪਰਤੀ ਉਸਾਰੀ ਕੀਤੀ ਹੈ।ਗੁਰੂ ਨਾਨਕ ਬਾਣੀ ਵਿੱਚ ਉਨ੍ਹਾਂ ਸਾਰੇ ਜੀਵਨ ਮੁੱਲਾਂ ਤੇ ਸਮਾਜਿਕ ਅਮਲਾਂ ਨੂੰ ਰੱਦ ਕਰਦੇ ਹਨ, ਜਿਹੜੇ ਸਮਾਜਿਕ ਅਤੇ ਸੱਭਿਆਚਰਕ ਦ੍ਰਿਸ਼ਟੀ ਤੋਂ ਨਿਰਾਰਥਕ ਹਨ ਅਤੇ ਮਨੁੱਖ ਨੂੰ ਅੰਧ-ਵਿਸ਼ਵਾਸਾਂ ਤੇ ਵਹਿਮ-ਭਰਮਾਂ ਦੇ ਅੰਧਕਾਰ ਵਿੱਚ ਧੱਕ ਕੇ ਦਿਸ਼ਾਹੀਣ ਕਰ ਦਿੰਦੇ ਹਨ।ਗੁਰੂ ਜੀ ਦੀ ਬਾਣੀ ਦਾ ਸੰਦੇਸ਼ ਮਨੁੱਖ ਲਈ ਅੱਜ ਬਹੁਤ ਹੀ ਪ੍ਰਾਸੰਗਿਕ ਅਤੇ ਮੁੱਲਵਾਨ ਹੈ।

## ਹਵਾਲੇ ਅਤੇ ਟਿੱਪਣੀਆਂ


1. ਗੁਰਮੁਖ ਨਿਹਾਲ ਸਿੰਘ (ਸੰਪਾ.), ਗੁਰੂ ਨਾਨਕ ਜੀਵਨ, ਯੁੱਗ ਅਤੇ ਉਪਦੇਸ਼, ਪੰਨਾ 19
2. G.S. Deol, Socialand Political Philosophy of Guru Nanak- Guru Gobind singh pg.58
3. M.Mujeeb, Religion and Society, pg.70
4. ਗੁਰੂ ਗ੍ਰੰਥ ਸਾਹਿਬ , ਪੰਨਾ –473
5 ਪ੍ਰੀਤਮ ਸਿੰਘ, ਸਿੱਖ ਵਿਚਾਰਧਾਰਾ, ਪੰਨਾ -142
6. ਗੁਰੂ ਗ੍ਰੰਥ ਸਾਹਿਬ , ਪੰਨਾ –938
7. ਉਹੀ, ਪੰਨਾ –467
8. ਉਹੀ, ਪੰਨਾ-01
9. ਸੁਰਿੰਦਰ ਸਿੰਘ ਕੋਹਲੀ, ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਲਾ ਪੰਨਾ-96
10. ਗੁਰੂ ਗ੍ਰੰਥ ਸਾਹਿਬ , ਪੰਨਾ –471-472
11. ਦਰਦੀ, ਗੋਪਾਲ ਸਿੰਘ (ਡਾ.) ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ, ਪੰਨਾ-69
12. ਗੁਰੂ ਗ੍ਰੰਥ ਸਾਹਿਬ , ਪੰਨਾ-470
13. ਉਹੀ, ਪੰਨਾ-832
14. ਉਹੀ, ਪੰਨਾ-469
15. ਉਹੀ, ਪੰਨਾ-141
16. ਉਹੀ, ਪੰਨਾ-471
17. ਸਮਸ਼ੇਰ ਸਿੰਘ ਅਸ਼ੋਕ, ਭਗਤੀ ਲਹਿਰ ਤੇ ਉਸ ਦੀ ਪਿੱਠਭੂਮੀ ਪੰਨਾ-31
18. ਗੁਰੂ ਗ੍ਰੰਥ ਸਾਹਿਬ , ਪੰਨਾ-418
19. ਬ੍ਰਹਮਦੀਸਸਿੰਘ, ਗੁਰੂ ਨਾਨਕ ਅਤੇ ਸੰਤ ਬਾਣੀ ਇੱਕ ਅਧਿਐਨ, ਪੰਨਾ-127
20. ਗੁਰੂ ਗ੍ਰੰਥ ਸਾਹਿਬ , ਪੰਨਾ-722
21. ਉਹੀ, ਪੰਨਾ-360
22. ਉਹੀ, ਪੰਨਾ-595
23. ਉਹੀ, ਪੰਨਾ-595
24. ਉਹੀ, ਪੰਨਾ-141

# ਗੁਰੂ ਨਾਨਕ ਸਾਹਿਬ ਦਾ ਸਮਕਾਲੀ ਧਰਮਾਂ ਨਾਲ ਵਾਰਤਾਲਾਪ

**ਪ੍ਰੋ. ਗੁਰਸਿਮਰਨ ਕੌਰ**

ਲੈਕਚਰਾਰ, ਸ੍ਰੀ ਗੁਰੂ ਹਰਿ ਕ੍ਰਿਸ਼ਨ ਖਾਲਸਾ ਕਾਲਜ ਪੰਜੋਖਰਾ, ਅੰਬਾਲਾ (ਹਰਿਆਣਾ)

ਧਰਮ ਨੇ ਮਨੁੱਖੀ ਜੀਵਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਧਰਮ ਨੇ ਮਨੁੱਖ ਨੂੰ ਚੰਗੇ ਮਾੜੇ ਦੀ ਪਛਾਣ ਅਤੇ ਮਨੁੱਖੀ ਜ਼ਿੰਦਗੀ ਲਈ ਚੰਗੇ ਆਦਰਸ਼ਾਂ ਦੀ ਸਥਾਪਨਾ ਕੀਤੀ ਹੈ। ਧਰਮ ਹੀ ਹੈ ਜਿਸ ਨੇ ਮਨੁੱਖੀ ਭਲਾਈ ਅਤੇ ਸਰੱਬਤ ਦੇ ਭਲੇ ਦਾ ਆਦਰਸ਼ ਸਿਰਜਿਆ ਹੈ। ਸੰਸਾਰ ਦਾ ਕੋਈ ਵੀ ਧਰਮ ਮਨੁੱਖ ਨੂੰ ਗ਼ਲਤ ਰਸਤੇ `ਤੇ ਚੱਲਣਾਂ ਨਹੀਂ ਸਿਖਾਉਂਦਾ, ਗ਼ਲਤ ਹੈ ਤਾਂ ਇਸ ਨੂੰ ਵਰਤਣ ਵਾਲੇ ਲੋਕ ਜੋ ਧਰਮ ਦੀ ਸਹੀ ਦਿਸ਼ਾ ਤੋਂ ਭਟਕ ਕੇ, ਸੰਸਾਰ ਵਿੱਚ ਅਮਨ ਅਤੇ ਸ਼ਾਂਤੀ ਦਾ ਸੰਦੇਸ਼ ਭੁਲਾ ਕੇ, ਆਪਸ ਵਿੱਚ ਤਣਾਅ ਅਤੇ ਟਕਰਾਉ ਵਧਾ ਕੇ ਸ਼ਾਂਤੀ ਭੰਗ ਕਰ ਰਹੇ ਹਨ। ਅੰਤਰ ਧਰਮ ਸੰਵਾਦ ਦੀ ਲੋੜ ਅਜਿਹੀਅ ਸ਼ਾਂਤੀ ਦੀ ਅਵਸਥਾ ਤੋਂ ਬਾਹਰ ਨਿਕਲਕੇ ਆਪਸ ਵਿੱਚ ਸੰਵਾਦ ਰਾਹੀਂ ਕੋਈ ਨਾ ਕੋਈ ਹੱਲ ਕੱਢਣ ਵਿੱਚੋਂ ਪੈਦਾ ਹੋਈ ਲੋੜ ਦਾ ਸਿੱਟਾ ਹੈ। ਗੁਰਬਾਣੀ ਵਿੱਚ ਕਿਹਾ ਗਿਆ ਹੈ :-

"ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਈ॥"[1]

ਇੱਕਠੇ ਹੋ ਕੇ ਸੰਵਾਦ ਕਰਨ ਨਾਲ ਕਈ ਮਸਲੇ ਹੱਲ ਹੋ ਜਾਂਦੇ ਹਨ। ਗੁਰੂ ਨਾਨਕ ਜੀ ਸੰਵਾਦ ਦੀ ਅਹਿਮੀਅਤ ਨੂੰ ਬਿਆਨ ਕਰਦੇ ਹੋਏ ਦੱਸਦੇ ਹਨ ਕਿ ਸੰਵਾਦ ਦੁਨੀਆਂ ਲਈ ਲਾਜ਼ਮੀ ਹੈ।

"ਜਬ ਲਗ ਦੁਨੀਆ ਰਹੀਐ
ਕਿਛੁ ਸੁਣੀਐ ਕਿਛੁ ਕਹੀਐ॥"[2]

ਧਰਮ ਦੇ ਨਾਂ `ਤੇ ਪੈਦਾ ਹੋਏ ਟਕਰਾਅ ਅਤੇ ਤਣਾਉ ਨੂੰ ਘੱਟ ਕਰਨ ਲਈ ਹੀ ਸੰਵਾਦ ਹੀ ਲੋੜ ਪਈ। ਸਮਾਜ ਵਿੱਚ ਹਰ ਵਿਅਕਤੀ ਆਪਣੇ ਧਰਮ ਨੂੰ ਚੰਗਾ ਅਤੇ ਹੋਰ ਨਾਂ ਧਰਮਾਂ ਨੂੰ ਅਤੇ ਉਨ੍ਹਾਂ ਦੇ ਵਿਸ਼ਵਾਸਾਂ ਨੂੰ ਆਪਣੇ ਧਰਮ ਤੋਂ ਨੀਵਾਂ ਸਮਝਦੇ ਹਨ, ਤਾਂ ਧਾਰਮਿਕ ਅਸਹਿਣਸ਼ੀਲਤਾ

ਪੈਦਾ ਹੁੰਦੀ ਹੈ। ਡਾ: ਗੁਰਮੀਤ ਸਿੰਘ ਅਨੁਸਾਰ:- "ਹਰ ਵਿਸ਼ਵਾਸ ਆਪਣੀ ਜਗ੍ਹਾ 'ਤੇ ਉਚਿਤ ਹੁੰਦਾ ਹੈ, ਪ੍ਰੰਤੂ ਜਦੋਂ ਇੱਕ ਵਿਸ਼ਵਾਸ ਨੂੰ ਦੂਸਰਿਆਂ ਤੋਂ ਉੱਤਮ ਮੰਨਦੇ ਹਨ, ਤਾਂ ਉਹ ਹੋਰਨਾਂ ਵਿਸ਼ਵਾਸਾਂ ਨੂੰ ਬਣਦੀ ਜਗ੍ਹਾ ਅਤੇ ਮਾਣ ਦੇਣ ਤੋਂ ਇਨਕਾਰੀ ਹੋ ਜਾਂਦੇ ਹਨ, ਤਾਂ ਧਾਰਮਿਕ ਟਕਰਾਉ ਪੈਦਾ ਹੁੰਦੇ ਹਨ। ਧਾਰਮਿਕ ਅਸਹਿਣਸ਼ੀਲਤਾ ਵੱਖ-ਵੱਖ ਧਰਮਾਂ ਵਿੱਚ ਟਕਰਾਅ ਦਾ ਮੁੱਖ ਕਾਰਨ ਮੰਨੀ ਗਈ ਹੈ। ਇਸ ਸਮੱਸਿਆ ਦੇ ਹੱਲ ਲਈ ਵੱਖ-ਵੱਖ ਧਰਮਾਂ ਦੇ ਲੋਕਾਂ ਦੀ ਸੰਕੀਰਨ ਸੋਚ ਨੂੰ ਬਦਲਣ ਲਈ ਅੰਤਰ-ਧਰਮ ਸੰਵਾਦ ਦੀ ਲੋੜ ਮਹਿਸੂਸ ਕੀਤੀ ਜਾਂਦੀ ਹੈ।"[3] ਅੰਤਰ-ਧਰਮ ਸੰਵਾਦ ਵਿੱਚ ਸਭ ਤੋਂ ਪਹਿਲਾਂ ਵੱਖ-ਵੱਖ ਧਾਰਮਿਕ ਪ੍ਰੰਪਰਾਵਾਂ ਵਿੱਚ ਸੰਵਾਦ ਦੀ ਪ੍ਰਵਿਰਤੀ ਨੂੰ ਸਮਝਣਾ ਹੈ। ਇਸਦਾ ਮੁੱਖ ਮਕਸਦ ਧਰਮਾਂ ਵਿੱਚ ਏਕਤਾ ਪੈਦਾ ਕਰਨੀ ਅਤੇ ਧਰਮ ਦੇ ਤੱਤ ਨੂੰ ਸਮਝਣਾ ਹੈ। ਧਰਮ ਦਾ ਅਸਲੀ ਤੱਤ ਸਮੁੱਚੀ ਮਨੁੱਖਤਾ ਨੂੰ ਸਮਰਪਿਤ ਹੈ। ਇਹ ਸਰਬ-ਸਾਂਝਾ ਸੰਦੇਸ਼ ਹੈ ਅਤੇ ਰੂਹਾਨੀਅਤ ਦਾ ਅਟੁੱਟ ਹਿੱਸਾ ਹੈ।

ਇਸ ਪ੍ਰਕਾਰ ਸਿੱਖ ਧਰਮ ਅਤੇ ਰੂਹਾਨੀਅਤ ਦਾ ਸਰਵ-ਸਾਝਾ ਸੰਦੇਸ਼ ਅੰਤਰ ਧਰਮ ਸੰਵਾਦ ਦਾ ਇੱਕ ਲੱਛਣ ਹੈ। ਜਿਸ ਸਮੇਂ ਗੁਰੂ ਨਾਨਕ ਜੀ ਨੇ ਧਰਮ ਦੀ ਸਮਝ ਨੂੰ ਸੰਸਾਰ ਵਿੱਚ ਦਸਣ ਦਾ ਉਪਰਾਲਾ ਕੀਤਾ, ਉਸ ਸਮੇਂ ਤੱਤਕਾਲੀ ਧਰਮ ਉਲਝਣ ਦਾ ਸ਼ਿਕਾਰ ਸਨ। ਹਰ ਧਰਮ ਆਪਣੇ ਸਿਧਾਂਤਾਂ ਦੀ ਸਲਾਹੁਤਾ ਕਰਦਾ ਸੀ। ਹਿੰਦੂ ਤੇ ਮੁਸਲਮਾਨ ਆਪਸੀ ਖਿੱਚੋਤਾਣ ਵਿੱਚ ਸਨ ਅਤੇ ਆਪਸ ਵਿੱਚ ਲੜਦੇ ਸਨ। ਜੋ ਧਰਮ ਮਨੁੱਖੀ ਵਿਕਾਸ ਦੀ ਗਤੀ ਵਿੱਚ ਵਿਘਨ ਪਾਉਂਦਾ ਹੈ ਉਹ ਸਮਾਜ ਲਈ ਘਾਤਕ ਹੈ। ਸਮਾਜ ਦੀ ਤਰੱਕੀ ਅਤੇ ਧਰਮਾਂ ਦੇ ਨਾਂ 'ਤੇ ਖਿੱਚੋਤਾਣ ਬਾਰੇ ਭਾਈ ਗੁਰਦਾਸ ਜੀ ਨੇ ਬਿਆਨ ਕੀਤਾ ਹੈ:-

"ਚਾਰਿ ਵਰਨ ਚਾਰਿ ਮਜਹਬਾ
ਜਗ ਵਿਚਿ ਹਿੰਦੂ ਮੁਸਲਮਾਣੇ
ਖੁਦੀ ਬਖੀਲਿ ਤਕਬਰੀ ਖਿੰਚੋਤਾਣ
ਕਰੇਨ ਧਿਙਾਣੇ।
ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ
ਮੁਸਲਮਾਣੇ

ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ
ਹਿੰਦੂ ਲੋਭਾਣੇ।"[4]

ਗੁਰਮਤਿ ਵਿੱਚ ਅੰਤਰ ਧਰਮ ਸੰਵਾਦ ਦਾ ਸਿਲਸਿਲਾ ਗੁਰੂ ਨਾਨਕ ਪਾਤਸ਼ਾਹ ਨਾਲ ਜੁੜਿਆ ਹੈ ਅਤੇ ਇਸਦਾ ਆਰੰਭ ਵੀ ਗੁਰੂ ਜੀ ਨਾਲ ਹੀ ਹੁੰਦਾ ਹੈ। ਗੁਰੂ ਜੀ ਨੇ ਉਦਾਸੀਆਂ ਦਾ ਉਦੇਸ਼ ਧਰਮ ਵਿੱਚ ਪਈਆਂ ਵੰਡੀਆਂ ਨੂੰ ਮਿਟਾਉਣ ਦਾ ਮਿਥਿਆ ਸੀ। ਉਹ ਉਦਾਸੀਆਂ ਦੌਰਾਨ ਵਿਭਿੰਨ ਧਾਰਮਿਕ ਕੇਂਦਰਾਂ ਵਿੱਚ ਗਏ ਅਤੇ ਉੱਥੋਂ ਦੇ ਸ਼ਰਧਾਲੂਆਂ ਨੂੰ ਸੱਚ ਦਾ ਸੰਦੇਸ਼ ਦਿੱਤਾ। ਗੁਰੂ ਜੀ ਦੇ ਤੱਤਕਾਲੀ ਧਰਮਾਂ ਨਾਲ ਸੰਵਾਦ ਦੀ ਮਿਸਾਲ ਸਿਧ ਗੋਸਟਿ ਹੈ, ਜਿਸ ਵਿੱਚ ਉਨ੍ਹਾਂ ਨੇ ਸੰਵਾਦ ਦੇ ਮੌਲਿਕ ਸਰੂਪ ਦੀ ਚਰਚਾ ਕੀਤੀ ਹੈ। ਇਸ ਵਿੱਚ ਧਰਮ ਚਿੰਤਨ ਅਤੇ ਗਿਆਨ ਦੀ ਅੰਤਰ ਸੋਝੀ ਸ਼ੰਕੇ ਦੂਰ ਕੀਤੇ ਗਏ ਹਨ। ਸਿਧ-ਗੋਸਟਿ ਅਜਿਹੀ ਰਚਨਾ ਹੈ, ਜਿਸ ਵਿੱਚ ਗੁਰਮਤਿ ਅਤੇ ਜੋਗਮਤ ਵਿੱਚ ਪ੍ਰਸ਼ਨੋਤਰੀ ਸ਼ੈਲੀ ਰਾਹੀਂ ਧਰਮਾਤਮਾ ਦੇ ਮਤ ਤੇ ਵੱਖ-ਵੱਖ ਵਿਧੀਆਂ ਦਾ ਸੰਵਾਦ ਹੈ:-

"ਦੁਨੀਆ ਸਾਗਰੁ ਦੁਤਰੁ ਕਹੀਐ
ਕਿਉ ਕਰਿ ਪਾਈਐ ਪਾਰੋ॥
ਚਰਪਟੁ ਬੋਲੈ ਅਉਧੂ ਨਾਨਕ
ਦੇਹੁ ਸਚਾ ਬੀਚਾਰੋ॥
ਆਪੇ ਆਖੈ ਆਪੇ ਸਮਝੈ
ਤਿਸੁ ਕੀਆ ਉਤਰੁ ਦੀਜੈ॥
ਸਾਚੁ ਕਹਹੁ ਤੁਮ ਪਾਰਗਰਾਮੀ
ਤੁਝੁ ਕਿਆ ਬੈਸਣ ਦੀਜੈ॥
ਜੈਸੇ ਜਲ ਮਹਿ ਕਮਲੁ ਨਿਰਾਲਮੁ
ਮੁਰਗਾਈ ਨੈ ਸਾਣੈ
ਸੁਰਤਿ ਸਬਦਿ ਭਵ ਸਾਗਰ ਤਰੀਐ
ਨਾਨਕ ਨਾਮੁ ਵਖਾਣੇ॥"[5]

ਗੁਰੂ ਨਾਨਕ ਦੇਵ ਜੀ ਨੇ ਜੋਗੀਆਂ, ਸੰਨਿਆਸੀਆਂ ਅਤੇ ਸਿੱਧਾਂ ਦੇ ਫੋਕੇ ਕਰਮ-ਕਾਂਡਾਂ ਅਤੇ ਨਿਗੂਣੇ ਰਸਮਾਂ ਰਿਵਾਜਾਂ ਦਾ ਖੰਡਨ ਕੀਤਾ ਅਤੇ ਧਰਮ ਦੀ ਅਸਲ ਭਾਵਨਾ ਦਾ ਸੰਦੇਸ਼ ਦਿੱਤਾ। ਜੋਗੀਆਂ ਸੰਬੰਧੀ ਗੁਰੂ ਜੀ ਨੇ ਕਿਹਾ ਕਿ ਇਹ ਫਿਰਕੇ ਸਿਰਫ਼ ਕੁਝ ਰਸਮਾਂ ਰਿਵਾਜਾਂ ਤੱਕ ਹੀ ਸੀਮਤ ਹਨ।

"ਜੋਗ ਨ ਖਿੰਥਾ ਜੋਗੁ ਨ ਡੰਡੈ
ਜੋਗੁ ਨ ਭਸਮ ਚੜਾਈਐ
ਜੋਗ ਨ ਮੁੰਦੀ ਮੂੰਡਿ ਮੁੰਡਾਇਐ
ਜੋਗ ਨ ਸਿੰਙੀ ਵਾਈਐ
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ
ਗਲੀ ਜੋਗੁ ਨ ਹੋਈ॥"[6]

ਜੋਗੀਆਂ ਅਤੇ ਸੰਨਿਆਸੀਆਂ ਨੇ ਜੋਗ-ਸਾਧਨਾਂ ਰਾਹੀਂ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕੀਤੀ, ਨੰਗੇ ਸਰੀਰ ਵਿਭੂਤੀ ਲਾਉਣੀ, ਕੰਨਾਂ ਵਿੱਚ ਮੁੰਦਰਾਂ ਪਾਉਣੀਆਂ, ਸਿਰ ਮੁੰਡਵਾ ਲੈਣਾ, ਸਿੰਙੀ ਵਜਾਉਣੀ ਤੇ ਦਰ-ਦਰ ਭਿੱਖਿਆ ਮੰਗਣੀ। ਗੁਰੂ ਜੀ ਨੇ ਸੱਚ ਦਾ ਸੰਦੇਸ਼ ਦਿੰਦਿਆਂ ਇਹ ਕਿਹਾ ਕਿ ਗੋਦੜੀ ਪਾਉਣ ਨਾਲ, ਡੰਡੇ ਤੇ ਸਿੰਙੀ ਵਜਾਉਣ ਨਾਲ, ਕੰਨਾਂ ਵਿੱਚ ਮੁੰਦਰਾਂ ਪਾਉਣ ਨਾਲ ਰੱਬ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਹ ਇੱਕ ਕਪਟ ਹੈ। ਸੰਸਾਰ ਵਿੱਚ ਰਹਿ ਕੇ ਸੰਸਾਰਕ ਨਿਰਲੇਪਤਾ ਧਾਰਨ ਕਰਨੀ ਅਸਲ ਧਰਮ ਹੈ। ਸੰਸਾਰ ਵਿੱਚ ਰਹਿ ਕੇ ਮੋਹ ਮਾਇਆ ਤੋਂ ਉੱਪਰ ਉੱਠਕੇ ਜਿਉਣਾ ਅਸਲੀ ਧਰਮ ਹੈ। ਸੰਸਾਰ ਵਿੱਚ ਨੇਕੀ ਤੇ ਭਲਾਈ ਦੇ ਰਸਤੇ ਚੱਲਣਾ ਸੇਵਾ ਅਤੇ ਤਿਆਗ ਦੀ ਭਾਵਨਾ ਹੀ ਅਸਲੀ ਧਰਮ ਹੈ। ਗੁਰੂ ਜੀ ਨੇ ਪਾਖੰਡਾਂ ਦੀ ਆਲੋਚਨਾ ਕਰਦੇ ਹੋਏ ਸ਼ੁਭ ਅਮਲਾਂ `ਤੇ ਜ਼ੋਰ ਦਿੱਤਾ ਅਤੇ ਪਤਿ, ਸਤਿ ਤੇ ਸੰਜਮ `ਤੇ ਜ਼ੋਰ ਦਿੱਤਾ।

"ਪਤਿ ਵਿਣੁ ਪੂਜਾ ਸਤ ਵਿਣੁ ਸੰਜਮ
ਜਤ ਵਿਣੁ ਕਾਹੇ ਜਨੇਊ
ਨਾਵਹੁ ਧੋਵਹੁ ਤਿਲਕੁ ਚੜਾਵਹੁ

ਸੁਚ ਵਿਣ ਸੋਚ ਨ ਹੋਈ

ਕਲਿ ਪਰਵਾਣੁ ਕਤੇਬ ਕੁਰਾਣੁ

ਪੋਥੀ ਪੰਡਿਤ ਕਹੇ ਪੁਰਾਣ

ਨਾਨਕ ਨਾਉ ਭਇਆ ਰਹਮਾਣੁ॥"[7]

ਗੁਰੂ ਨਾਨਕ ਜੀ ਨੇ ਕਿਸੇ ਵੀ ਧਰਮ ਨੂੰ ਅਪ੍ਰਵਾਨ ਨਹੀਂ ਕੀਤਾ। ਹਰ ਧਰਮ ਲਈ ਵੱਖੋ-ਵੱਖ ਮਾਰਗ ਅਤੇ ਰਸਮਾਂ ਪ੍ਰਵਾਨ ਕੀਤੀਆਂ। ਪਰ ਉਨ੍ਹਾਂ ਅਨੁਸਾਰ ਸੱਚੇ ਆਚਾਰ ਵਿਹਾਰ ਤੋਂ ਸੱਖਣੀਆਂ ਰਸਮਾਂ ਕੇਵਲ ਦਿਖਾਵਾ ਹੈ। ਗੁਰੂ ਜੀ ਨੇ ਜੋਗੀਆਂ, ਸੰਨਿਆਸੀਆਂ, ਮੁੱਲਾਂ-ਮੁਲਾਣਿਆਂ, ਪਾਂਧਿਆਂ, ਪੰਡਤਾਂ ਆਦਿ ਦੇ ਧਰਮ ਦੀਆਂ ਪਰੰਪਰਾਵਾਂ ਦੇ ਆਧਾਰ `ਤੇ ਹੀ ਦੱਸਿਆ ਕਿ ਅਸਲ ਧਰਮ ਕੀ ਹੈ? ਡਾ. ਦਰਸ਼ਨ ਸਿੰਘ ਦਾ ਇਸ ਸੰਬੰਧੀ ਵਿਚਾਰ ਹੈ:- "ਗੁਰੂ ਨਾਨਕ ਸਾਹਿਬ ਦੀ ਬਾਣੀ ਸਭ ਧਰਮਾਂ, ਧਾਰਮਿਕ ਵਿਸ਼ਵਾਸਾਂ, ਅਮਲਾਂ, ਰਸਮਾਂ, ਭੇਖਾਂ ਆਦਿ ਸੰਬੰਧੀ ਵਿਚਾਰਾਂ ਦਾ ਆਧਾਰ ਉਨ੍ਹਾਂ ਦਾ ਰੱਬੀ ਅਨੁਭਵ ਹੈ। ਸ਼ੁੱਧ ਅਤੇ ਸੁੱਚੇ ਧਾਰਮਿਕ ਵਿਸ਼ਵਾਸ ਅਤੇ ਅਮਲ ਭਾਵੇਂ ਕਿਸੇ ਵੀ ਧਰਮ ਦੇ ਹੋਣ, ਆਪਣੇ ਆਪਸੀ ਵਿਰੋਧਾਂ ਦੇ ਬਾਵਜੂਦ ਵੀ ਗੁਰੂ ਨਾਨਕ ਦੇਵ ਜੀ ਦੇ ਰੱਬੀ ਧਰਮ ਵਿੱਚ ਸਮਾਅ ਜਾਂਦੇ ਹਨ, ਪ੍ਰੰਤੂ ਵਿਸ਼ਵਾਸਾਂ ਅਤੇ ਅਮਲਾਂ ਦੇ ਵਿਗੜੇ ਅਤੇ ਢਾਹੂ ਰੂਪ ਸਭ ਧਰਮਾਂ ਵਿੱਚ ਗੁਰੂ ਜੀ ਦੀ ਤਿੱਖੀ ਆਲੋਚਨਾ ਅਤੇ ਸੋਧ-ਸੁਧਾਈ ਦਾ ਵਿਸ਼ਾ ਬਣ ਦੇ ਹਨ।"[8]

ਗੁਰੂ ਸਾਹਿਬ ਜੈਨ ਧਰਮ ਦੀਆਂ ਪਰੰਪਰਾਵਾਂ ਅਤੇ ਉਨ੍ਹਾਂ ਦੀ ਰਹਿਣੀ-ਬਹਿਣੀ ਬਾਰੇ ਸੰਵਾਦ ਕਰਦੇ ਹਨ। ਜੋ ਈਸ਼ਵਰ ਵਿੱਚ ਵਿਸ਼ਵਾਸ ਨਹੀਂ ਰੱਖਦੇ ਅਤੇ ਆਤਮਾ ਨੂੰ ਸਿਰਫ਼ ਕਰਮਾਂ ਦੇ ਪ੍ਰਮਾਣੂਆਂ ਦੀ ਬੋਰੀ ਵਾਂਗ ਸਮਝਦੇ ਹਨ। ਉਹ ਆਤਮਾ ਦੀ ਸ਼ੁੱਧੀ ਅਤੇ ਮੁਕਤੀ ਲਈ ਕਰੜੇ ਜੀਵਨ ਨੂੰ ਤਰਜੀਹ ਦਿੰਦੇ ਹਨ। ਗੁਰੂ ਨਾਨਕ ਸਾਹਿਬ ਨੇ ਅਜਿਹੀ ਕਰੜੀ ਜੀਵਨ ਅਵਸਥਾ ਦਾ ਖੰਡਨ ਕੀਤਾ ਹੈ:-

"ਸਿਰੁ ਖੋਹਾਇ ਪੀਅਹਿ ਮਲਵਾਣੀ

ਜੂਠਾ ਮੰਗਿ ਮੰਗਿ ਖਾਹੀ

ਫੋਲਿ ਫਦੀਹਤਿ ਮੋਹਿ ਲੈਨਿ ਭੜਾਸਾ

ਪਾਣੀ ਦੇਖਿ ਸਗਾਹੀ

ਭੇਡਾ ਵਾਗੀ ਸਿਰੁ ਖੋਹਾਇਨਿ

ਭਰੀਅਨਿ ਹੱਥ ਸੁਆਹੀ

ਮਾਊ ਪੀਊ ਕਿਰਤੁ ਗਵਾਇਨ

ਟਬਰ ਰੋਵਨਿ ਧਾਹੀ

ਓਨਾ ਪਿੰਡੁ ਨ ਪਤਲਿ ਕਿਰਿਆ

ਨ ਦੀਵਾ ਮੁਏ ਕਿਥਾਊ ਪਾਹੀ॥[9]

ਗੁਰੂ ਨਾਨਕ ਜੀ ਨੇ ਬੜੀ ਬੇਬਾਕੀ ਨਾਲ ਇੱਕ ਚੰਗੇ ਮੁਸਲਮਾਨ ਦੀ ਪਰਿਭਾਸ਼ਾ ਦਿੱਤੀ ਹੈ ਅਤੇ ਉਸ ਦੀ ਹੋਂਦ 'ਤੇ ਸੰਵਾਦ ਰਚਾਇਆ ਹੈ। ਅਸਲੀ ਮੁਸਲਮਾਨ ਉਹ ਹੈ ਜੋ ਅੱਲਾਹ ਦੇ ਪਿਆਰ ਦਾ ਧਾਰਨੀ ਅਤੇ ਦਇਆ ਨਾਲ ਭਰਿਆ ਹੋਵੇ। ਉਸ ਵਿੱਚ ਅਭਿਮਾਨ ਨਾ ਹੋਵੇ, ਵਹਿਮਾਂ-ਭਰਮਾਂ ਤੋਂ ਮੁਕਤ ਹੋਵੇ, ਸਮੁੱਚੀ ਲੋਕਾਈ ਲਈ ਮਿਹਰਬਾਨ, ਹਮਦਰਦ ਹੋਣ ਦਾ ਧਾਰਨੀ ਹੋਵੇ:-

"ਮੁਸਲਮਾਣੁ ਮੋਮ ਦਿਲ ਹੋਵੈ

ਅੰਤਰ ਕੀ ਮਲੁ ਦਿਲ ਤੇ ਧੋਵੈ॥"[10]

"ਮੁਸਲਮਾਣੁ ਕਹਾਵਣੁ ਮੁਸਕਲੁ

ਜਾ ਹੋਇ ਤਾ ਮੁਸਲਮਾਣੁ ਕਹਾਵੈ

ਅਵਲਿ ਅਉਲਿ ਦੀਨੁ ਕਰਿ ਮਿਠਾ

ਮੁਸਕਲ ਮਾਨਾ ਮਾਲੁ ਮੁਸਾਵੈ॥"[11]

ਭਾਰਤੀ ਸਮਾਜ ਵਿਚ 'ਬ੍ਰਾਹਮਣ' ਨੂੰ ਸਰਵੋਤਮ ਮੰਨਿਆ ਗਿਆ ਹੈ। ਧਰਮ ਕਰਮ ਦੇ ਕੰਮਾਂ ਵਿੱਚ ਜੁੜੇ ਹੋਣ ਕਾਰਨ ਬ੍ਰਾਹਮਣਾ ਦੀ ਸਥਿਤੀ ਮਾਣ ਵਾਲੀ ਮੰਨੀ ਗਈ, ਪਰ ਬਾਕੀ ਜਾਤੀਆਂ-ਖ਼ਾਸ ਕਰਕੇ ਸੂਦਰਾਂ - ਦੀ ਮਾੜੀ ਸਥਿਤੀ ਸੀ ਅਤੇ ਬਹੁਤ ਮਾੜਾ ਵਤੀਰਾ ਕੀਤਾ ਜਾਂਦਾ ਸੀ। ਗੁਰੂ ਜੀ ਨੇ ਜਾਤ-ਪਾਤ ਦੀਆਂ ਸੰਕੀਰਨ ਤੇ ਤੰਗਦਿਲ ਵੰਡੀਆਂ ਨੂੰ ਮੇਟਕੇ ਭਾਈਚਾਰਕ ਏਕਤਾ ਪੈਦਾ ਕਰਨ ਲਈ ਬ੍ਰਾਹਮਣਾਂ ਨਾਲ ਸੰਵਾਦ ਰਚਾਇਆ ਹੈ।

"ਆਗੈ ਜਾਤਿ ਨ ਜੋਰੁ ਹੈ

ਅਗੈ ਜੀਉ ਨਵੇ॥"[12]

"ਸੋ ਬ੍ਰਾਹਮਣੁ ਜੋ ਬਿੰਦੈ ਬ੍ਰਹਮ

ਜਪੁ ਤਪੁ ਸੰਜਮ ਕਮਾਵੈ ਕਰਮੁ
ਸੀਲ ਸੰਤੋਖ ਕਾ ਰਖੈ ਧਰਮੁ
ਬੰਧਨ ਤੋੜੈ ਹੋਵੈ ਮੁਕਤ
ਸੋਈ ਬ੍ਰਾਹਮਣ ਪੂਜਣ ਜੁਗਤੁ॥"[13]

ਇਸ ਪ੍ਰਕਾਰ ਗੁਰੂ ਨਾਨਕ ਜੀ ਨੇ ਵੱਖ-ਵੱਖ ਧਰਮਾਂ ਨਾਲ ਸੰਵਾਦ ਰਚਾਉਂਦਿਆਂ ਸਭ ਧਰਮਾਂ ਦੇ ਸਤਿਕਾਰ ਦੀ ਭਾਵਨਾ ਪ੍ਰਗਟ ਕੀਤੀ। ਗੁਰੂ ਜੀ ਨੇ ਸਭ ਧਰਮਾਂ ਵਿੱਚੋਂ ਵਿਤਕਰੇ ਮੇਟਕੇ ਸਰਬ ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦਾ ਪ੍ਰਵਚਨ ਸਥਾਪਿਤ ਕੀਤਾ ਅਤੇ ਮਨੁੱਤਾ ਦੀ ਸੇਵਾ, ਦਇਆ, ਸ਼ੁਭ ਅਮਲ ਤੇ ਉਸਾਰੂ ਜੀਵਨ ਜਾਚ ਦਾ ਆਦਰਸ਼ ਸਿਰਜਿਆ।

## ਹਵਾਲੇ ਅਤੇ ਟਿੱਪਣੀਆਂ


1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1185
2. ਉਹੀ, ਪੰਨਾ 66
3. ਸਿੱਖੀ ਅਤੇ ਸਿੱਖਾਂ ਦਾ ਭਵਿੱਖ, ਪੰਨਾ 42
4. ਵਾਰਾਂ ਭਾਈ ਗੁਰਦਾਸ
5. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 938
6. ਉਹੀ, ਪੰਨਾ 6
7. ਉਹੀ, ਪੰਨਾ 903
8. ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਨਾ 108
9. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 149
10. ਉਹੀ, ਪੰਨਾ 1084
11. ਉਹੀ, ਪੰਨਾ 141
12. ਉਹੀ, ਪੰਨਾ 469
13. ਉਹੀ, ਪੰਨਾ 1410

# ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਨੈਤਿਕ ਵਿਚਾਰਧਾਰਾ

**ਗੁਰਮੁੱਖ ਸਿੰਘ**

ਸੰਨੀ ਓਬਰਾਏ ਵਿਵੇਕ ਸਦਨ:

ਐਡਵਾਂਸ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼,

ਸ੍ਰੀ ਅਨੰਦਪੁਰ ਸਾਹਿਬ, ਪੰਜਾਬ

---

ਸ੍ਰੀ ਗੁਰੂ ਨਾਨਕ ਦੇਵ ਜੀ ਇੱਕ ਅਜਿਹੇ ਮਹਾਪੁਰਸ਼ ਹੋਏ ਹਨ ਜਿਨ੍ਹਾਂ ਮਨੁੱਖਤਾ ਨੂੰ ਸੱਚ ਦਾ ਮਾਰਗ ਦੱਸਦਿਆਂ ਆਪਣੀਆਂ ਚਾਰ ਉਦਾਸੀਆਂ ਰਾਹੀਂ ਕੁੱਲ ਦੁਨੀਆਂ ਨੂੰ ਇੱਕ ਤਰਜ਼ ਬਖ਼ਸ਼ੀ ਜੋ ਅੱਜ ਅਸਮਾਨਾਂ ਦੇ ਉਰਾਰ ਅਤੇ ਪਾਰ ਗੂੰਜ ਰਹੀ ਹੈ। ਉਨ੍ਹਾਂ ਦੇ ਕਾਲ ਬਾਰੇ ਮਿਲਦੇ ਹਵਾਲਿਆਂ ਵਿੱਚ ਵਾਰਤਕ ਰਚਨਾਵਾਂ, ਕਾਵਿਕ ਰਚਨਾਵਾਂ, ਜਨਮਸਾਖੀਆਂ ਅਤੇ ਵਾਰਾਂ ਰਾਹੀਂ ਗੁਰੂ ਸਾਹਿਬ ਦੁਆਰਾ ਦਿੱਤੇ ਗਏ ਉਪਦੇਸ਼ ਅਤੇ ਫੈਲੇ ਹੋਏ ਕੂੜ ਅੰਧੇਰ ਤੇ ਕਰੂਰ, ਭੇਖ-ਪਾਖੰਡ ਨੂੰ ਮਿਟਾਉਣ ਲਈ ਦਿੱਤਾ ਗਿਆ ਤਰਕ ਦ੍ਰਿਸ਼ਟੀਕੋਣ ਵੀ ਅਹਿਮ ਸੇਧ ਦਿੰਦਾ ਹੈ, ਉਨ੍ਹਾਂ ਸਿੱਧਾਂ, ਜੋਗੀਆਂ, ਸਾਧੂਆਂ, ਤਾਂਤਰਿਕਾਂ, ਠੱਗਾਂ ਅਤੇ ਪਾਪੀਆਂ ਨੂੰ ਆਪਣੇ ਬਚਨਾਂ ਰਾਹੀਂ ਸੱਚ ਦੇ ਮਾਰਗ ਤੇ ਚੱਲਣ ਲਾ ਦਿੱਤਾ। ਉਨ੍ਹਾਂ ਦੁਆਰਾ ਕਾਵਿਕ ਰੂਪ ਵਿੱਚ ਲਿਖੀ ਬਾਣੀ ਮਨੁੱਖਤਾ ਦਾ ਸਰਬਪੱਖੀ ਕਲਿਆਣ ਕਰ ਰਹੀ ਹੈ। ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਸੰਸਾਰ ਰੂਪ ਵਿਗੜਿਆ ਰਬਾਬ ਸੁਰ ਵਿੱਚ ਹੋ ਕੇ ਗੂੰਜਿਆ। ਉਨ੍ਹਾਂ ਤੋਂ ਹੀ ਇੱਕ ਵਿਲੱਖਣ ਧਰਮ ਦੀ ਸ਼ੁਰੂਆਤ ਹੋਈ ਜੋ 'ਸਿੱਖ ਧਰਮ' ਦੇ ਨਾਮ ਨਾਲ ਪ੍ਰਚੱਲਿਤ ਹੋਇਆ। ਗੁਰੂ ਨਾਨਕ ਦੇਵ ਜੀ ਦੇ ਸਮਕਾਲ ਵਿੱਚ ਇਤਿਹਾਸਕ ਤੇ ਸਾਹਿਤਕ ਸਰੋਤਾਂ ਦੀ ਘਾਟ ਸੀ ਪ੍ਰੰਤੂ ਭਾਈ ਗੁਰਦਾਸ ਦੀਆਂ ਰਚਨਾਵਾਂ ਵਿੱਚ ਗੁਰੂ ਜੀ ਬਾਰੇ ਵਿਸਥਾਰਪੂਰਕ ਤੱਥ ਉਪਲਬਧ ਹਨ। ਗੁਰੂ ਨਾਨਕ ਦੇਵ ਜੀ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਸੰਮਤ 1526 ਬਿ. ਮੁਤਾਬਕ ਸੰਨ 1469 ਈ. ਨੂੰ ਲਾਹੌਰ ਤੋਂ ਦੱਖਣ ਪੱਛਮ ਵੱਲ ਤਕਰੀਬਨ 50 ਕਿਲੋਮੀਟਰ ਦੀ ਦੂਰੀ ਤੇ ਸਥਿਤ ਰਾਇ ਭੋਇੰ ਦੀ ਤਬਵੰਡੀ ਵਿਖੇ ਮਹਿਤਾ ਕਾਲੂ ਜੀ ਦੇ ਘਰ ਤ੍ਰਿਪਤਾ ਦੇਵੀ ਦੀ ਕੁਖੋਂ ਹੋਇਆ। ਪਿਤਾ ਜੀ ਪਟਵਾਰੀ ਸਨ ਅਤੇ ਜ਼ਿੰਮੀਦਾਰ ਵੀ ਸਨ। ਅੱਜਕਲ੍ਹ ਗੁਰੂ ਜੀ ਦੇ ਜਨਮ ਅਸਥਾਨ ਨੂੰ ਸ੍ਰੀ ਨਣਕਾਣਾ ਸਾਹਿਬ ਕਿਹਾ ਜਾਂਦਾ ਹੈ ਜੋ 1947 ਦੀ ਦੇਸ਼ ਵੰਡ ਸਮੇਂ ਪਾਕਿਸਤਾਨ ਹਿੱਸੇ ਆਇਆ।

ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਦੇ ਪਿਤਾ ਵਲੋਂ ਸੰਸਾਰਿਕ ਜ਼ਿੰਮੇਵਾਰੀਆਂ ਵੱਲ ਤੋਰਨ ਦਾ ਯਤਨ ਕੀਤਾ ਗਿਆ ਜਿਵੇਂ: ਧਾਰਮਿਕ ਕਰਮ-ਕਾਂਡ ਮੁਤਾਬਕ ਜਨੇਊ ਪਾਉਣਾ ਚਾਹਿਆ, ਪੜ੍ਹਨ ਲਈ ਪਾਂਡੇ ਕੋਲ ਭੇਜਿਆ, ਵਪਾਰ ਕਰਨ ਲਈ 20 ਰੁਪਏ ਦੇ ਕੇ ਤੋਰਿਆ, ਖੇਤੀਬਾੜੀ, ਮੋਦੀਖਾਨੇ ਦੀ ਨੌਕਰੀ, ਅਤੇ ਵਿਆਹ ਬੰਧਨ ਵਿੱਚ ਬੱਝਣਾ ਆਦਿ। ਪ੍ਰੰਤੂ ਗੁਰੂ ਜੀ ਦੀ ਅਲੌਕਿਕ ਦ੍ਰਿਸ਼ਟੀ ਦੀ ਸਮਝ ਕਿਸੇ ਵਿਰਲੇ ਰਾਏ ਬੁਲਾਰ ਵਰਗੇ ਸ਼ਰਧਾਲੂ ਹੀ ਸਮਝ ਸਕਦੇ ਸਨ ਜਿਹੜੇ ਜਾਣਦੇ ਸਨ ਕਿ ਗੁਰੂ ਜੀ ਉਨ੍ਹਾਂ ਦੇ ਪਿਤਾ ਜੀ ਦੁਆਰਾ ਸਿਰਫ ਘਰੇਲੂ ਜ਼ਿੰਮੇਵਾਰੀਆਂ ਵੱਲ ਤੋਰਨਾ ਠੀਕ ਨਹੀਂ ਇਹ ਫਕੀਰ ਤਾਂ ਪੂਰੀ ਲੋਕਾਈ ਦੇ ਕਾਜ ਸਵਾਰਨ ਆਇਆ ਹੈ।

ਭਾਈ ਗੁਰਦਾਸ ਲਿਖਦੇ ਹਨ:-

ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰਿ ਇਕ ਦਿਖਾਇਆ।
ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨੁ ਕਰਾਇਆ।

.....................................................................

ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ।
ਕਲਿ ਤਾਰਣ ਗੁਰੁ ਨਾਨਕ ਆਇਆ॥੨੩॥[1]

ਅਕਾਲ ਪੁਰਖ ਨੇ ਦੁਨਿਆਵੀ ਜੀਵਾਂ ਦੀ ਪੁਕਾਰ ਸੁਣ ਗੁਰੂ ਨਾਨਕ ਦੇਵ ਜੀ ਨੂੰ ਇਸ ਸੰਸਾਰ ਵਿੱਚ ਭੇਜਿਆ। ਦੁਨੀਆ ਚਾਰ ਵਰਣਾਂ ਵਿੱਚ ਵੰਡੀ ਹੋਈ ਸੀ ਸੂਦਰ, ਬ੍ਰਾਹਮਣ, ਖੱਤਰੀ ਅਤੇ ਵੈਸ਼ ਜਿਸ ਨੂੰ ਗੁਰੂ ਜੀ ਨੇ ਚਾਰ ਵਰਣਾਂ ਤੋਂ ਇੱਕ ਵਰਣ ਭਾਵ ਮਨੁੱਖਤਾ ਦਾ ਬਣਾਇਆ ਜੋ ਊਚ-ਨੀਚ, ਭੇਖ-ਪਾਖੰਡ ਤੋਂ ਦੂਰ ਜਿਸ ਵਿੱਚ ਸਾਰੇ ਇੱਕ ਬਰਾਬਰ ਹੋਣ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਜੀ ਦੀ ਘਾਲਿ ਕਮਾਈ ਧੰਨ ਹੈ ਉਨ੍ਹਾਂ ਆਪਣੀਆਂ ਉਦਾਸੀਆਂ ਦੌਰਾਨ ਬਹੁਤ ਸਾਰੀਆਂ ਔਕੜਾਂ ਵਾਲਾ ਜੀਵਨ ਬਤੀਤ ਕੀਤਾ ਮਨੁੱਖਤਾ ਨੂੰ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ:-

ਬਾਬਾ ਦੇਖੇ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ।

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।

ਚੜ੍ਹਿਆ ਸੋਧਣਿ ਧਰਤਿ ਲੁਕਾਈ॥੨੪॥[2]

## ਗੁਰੂ ਜੀ ਦੁਆਰਾ ਦਿੱਤੀ ਨੈਤਿਕ ਸੇਧ

ਮਨੁੱਖੀ ਕਲਿਆਣ ਲਈ ਗੁਰੂ ਜੀ ਦਾ ਯੋਗਦਾਨ ਅਕੱਥ ਹੈ ਇਸ ਨੂੰ ਵਿਸ਼ਿਆਂ ਵਿੱਚ ਕੈਦ ਕਰਨਾ ਅਸੰਭਵ ਹੈ ਹਰ ਵਿਅਕਤੀ ਜਦੋਂ ਉਨ੍ਹਾਂ ਦੀ ਵਿਚਾਰਧਾਰ ਨੂੰ ਨਿਹਾਰਦਾ ਹੈ ਤਾਂ ਹਰ ਵਾਰ ਨਵੀਂ ਸੇਧ ਪ੍ਰਾਪਤ ਹੁੰਦੀ ਹੈ ਜੀਵਨ ਦੀਆਂ ਅਟੱਲ ਸਚਾਈਆਂ ਦਾ ਚਿਤਰਨ ਮਿਲਦਾ ਹੈ। ਉਨ੍ਹਾਂ ਦੇ ਸਮਕਾਲੀਨ ਯੁੱਗ ਵਿੱਚ ਜੋ ਹਾਲਾਤ ਸਨ ਉਸ ਹਾਲਾਤ ਦੇ ਮਨੁੱਖ ਨੂੰ ਇੱਕ ਪੱਥ ਪ੍ਰਦਰਸ਼ਨ ਦੀ ਜ਼ਰੂਰਤ ਸੀ ਕਿਉਂਕਿ ਮਨੁੱਖਤਾ ਮਨੁੱਖੀਪੁਣੇ ਨੂੰ ਵਿਸਾਰ ਚੁੱਕੀ ਸੀ ਜਿਸ ਨੂੰ ਗੁਰੂ ਜੀ ਨੇ ਇੱਕ ਪਰਮਾਤਮਾ ਦੇ ਲੜ ਲੱਗ ਸੰਵਰ ਜਾਣ ਦਾ ਉਪਦੇਸ਼ ਦਿੱਤਾ:-

ਮਾਣਸ ਮੂਰਤਿ ਨਾਨਕ ਨਾਮੁ॥

ਕਰਣੀ ਕੁਤਾ ਦਰ ਫੁਰਮਾਨੁ॥

ਗੁਰ ਪਰਸਾਦਿ ਜਾਣੈ ਮਿਹਮਾਨੁ॥

ਤਾ ਕਿਛੁ ਦਰਗਹ ਪਾਵੈ ਮਾਨ॥[3]

ਭਾਵੇਂ ਵਰਣ ਪ੍ਰਥਾ ਸਿਖਰਾਂ 'ਤੇ ਸੀ ਪਰ ਗੁਰੂ ਜੀ ਦੀ ਬਾਣੀ ਸਮੁੱਚੀ ਖਲਕਤ ਲਈ ਆਪਣਾ ਸੰਦੇਸ਼ ਦੇ ਕੇ ਕਿਸੇ ਵੀ ਵਿਤਕਰੇ ਤੋਂ ਉੱਪਰ ਉੱਠ ਇੱਕ 'ਹਲੇਮੀ ਰਾਜ' ਉਸਾਰਿਆ ਜਿਥੇ ਕੋਈ ਊਚ ਨੀਚ ਤੇ ਵਿਤਕਰਾ ਨਹੀਂ ਸੀ:-

ਹੁਣਿ ਹੁਕਮੁ ਹੋਆ ਮਿਹਰਵਾਣ ਦਾ॥

ਪੈ ਕੋਇ ਨਾ ਕਿਸੈ ਰਵਾਣਦਾ॥

ਸਭ ਸੁਖਾਲੀ ਵੁਠੀਆ ਇਹ ਹੋਆ ਹਲੇਮੀ ਰਾਜੁ ਜੀਉ॥[4]

ਕਿਸੇ ਨੂੰ ਦੁਖ ਦੇਣਾ ਅੱਤਿਆਚਾਰ ਕਰਨਾ ਕੋਈ ਸੱਭਿਅਕ ਮਨੁੱਖ ਦਾ ਗੁਣ ਨਹੀਂ ਸਮੇਂ ਦੀ ਸਰਕਾਰ ਨੂੰ ਵੀ ਗੁਰੂ ਜੀ ਦੁਆਰਾ ਹਾਅ ਦਾ ਨਾਅਰਾ ਮਾਰਿਆ ਗਿਆ। ਉਸ ਸਮੇਂ ਰਾਜਿਆਂ ਦੇ ਰਾਜ ਵਿੱਚ ਧਰਮ ਖੰਭ ਲਾ ਕੇ ਕਿਤੇ ਉੱਡ ਗਿਆ ਸੀ ਸੱਚ ਕਿਧਰੇ ਦਿਸਦਾ ਨਹੀਂ ਸੀ ਸ੍ਰਿਸ਼ਟੀ ਹਉਮੈ ਵਿੱਚ ਫਸੀ ਹੋਈ ਸੀ ਤਾਂ ਗੁਰੂ ਜੀ ਨੇ ਫੁਰਮਾਨ ਕੀਤਾ:-

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥

ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹ ਨਾ ਕੋਈ॥

ਵਿਚਿ ਹਉਮੈ ਕਰਿ ਦੁਖੁ ਰੋਈ॥

ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥੧॥[5]

ਨੈਤਿਕਤਾ ਬਾਰੇ ਇੱਕ ਵਿਦਵਾਨ ਨੇ ਲਿਖਿਆ ਹੈ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨੈਤਿਕ ਤੇ ਸਦਾਚਾਰਕ ਆਧਾਰ ਨੇ ਪੰਜਾਬੀ ਸੁਭਾਅ ਨੂੰ ਘੜਨ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ। ਮਾਤ ਭਾਸ਼ਾ ਵਿੱਚ ਲਿਖੀਆਂ  ਇਸ ਮਹਾਨ ਬਾਣੀ ਦੀਆਂ ਤੁਕਾਂ ਸਧਾਰਨ ਜਨਤਾ ਦੇ ਮੂੰਹ ਤੇ ਚੜ੍ਹ ਉਹਨਾਂ ਦਾ ਰਾਹ ਦਸੇਰਾ ਬਣ ਗਈਆਂ ਹਨ।"[6]

ਗੁਰੂ ਜੀ ਉੱਚੇ ਸੁੱਚੇ ਚਰਿੱਤਰ ਦੇ ਧਾਰਨੀ ਬਣਨ ਲਈ ਪ੍ਰੇਰਦੇ ਹਨ:-

ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ॥

ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ॥

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥[7]

ਮਨੁੱਖ ਦੇ ਪੰਜ ਵਿਕਾਰਾਂ ਦਾ ਜ਼ਿਕਰ ਗੁਰਬਾਣੀ ਵਿੱਚ ਅਨੇਕਾਂ ਵਾਰ ਹੋਇਆ  ਹੈ ਜੇਕਰ ਇਹ ਵਿਕਾਰ ਵੱਸ ਵਿੱਚ ਨਾ ਹੋਣ ਤਾਂ ਮਨੁੱਖੀ ਜੀਵਨ ਵਿਨਾਸ਼ ਤੇ ਕੂੜ ਵੱਲ ਵਧ ਜਾਂਦਾ ਹੈ। ਉੱਚਾ ਸੁੱਚਾ ਜੀਵਨ ਜੀਊਣ ਦੀ ਤਾਕੀਦ ਗੁਰੂ ਜੀ ਵੱਲੋਂ ਹਰ ਕਦਮ 'ਤੇ ਗੁਰੂ ਸਾਹਿਬਾਨ ਵਲੋਂ ਕੀਤੀ ਗਈ ਹੈ:-

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥

ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ॥[8]

ਗੁਰੂ ਜੀ ਦੁਆਰਾ ਕਿਸੇ ਵੀ ਇੱਕ ਧਰਮ ਦੀ ਹਮਾਇਤ ਨਹੀਂ ਕੀਤੀ ਗਈ ਸਗੋਂ ਸਮੁੱਚੇ ਧਰਮਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਧਰਮ ਵਿੱਚ ਪੱਕੇ ਰਹਿਣ ਅਤੇ ਧਰਮ ਦੇ ਅਸਲ ਅਰਥਾਂ ਤੋਂ ਵਾਕਿਫ਼ ਕਰਾਇਆ ਜਿਵੇਂ ਮੁਸਲਮਾਨ ਦੇ ਸੰਦਰਭ ਵਿੱਚ:-

ਮਿਹਰ ਮਸੀਤ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ

ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥

ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥

ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥੧॥[9]

ਦੁਨੀਆਦਾਰੀ ਦੇ ਮੰਦੜੇ ਕਰਮ ਜਿਸ ਨੂੰ ਕਰਨ ਵੇਲੇ ਸਾਨੂੰ ਦਿਨੇ ਸੈਂਕੜੇ ਉਲਾਮੇ ਸਹਿਣੇ ਪੈਣ ਅਤੇ ਰਾਤੀ ਹਜ਼ਾਰਾਂ ਉਲਾਮੇ ਸਾਡੇ ਸਿਰ ਹੋ ਜਾਣ ਅਜਿਹਾ ਜੀਵਨ ਸਾਡੇ ਲਈ ਲਾਹਨਤ ਹੈ। ਆਪਣੇ ਧੰਦਿਆਂ ਵਿੱਚ ਫਸੇ ਹੋਏ ਅਸੀਂ ਉਸ ਪਰਮਾਤਮਾ ਨੂੰ ਭੁੱਲ ਜਾਂਦੇ ਹਾਂ ਫੋਕੀ ਐਸ਼ੋ ਇਸ਼ਰਤ ਵਿੱਚ ਫਸੇ ਰਹਿੰਦੇ ਹਾਂ ਜਦਕਿ ਅਸਲ ਸਹਾਈ ਉਹ ਪਰਮਾਤਮਾ ਹੈ ਇਸ ਸੰਬੰਧੀ ਗੁਰੂ ਜੀ ਫੁਰਮਾਉਂਦੇ ਹਨ:-

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥

ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ॥[10]

ਜਨਮਸਾਖੀਆਂ ਵਿੱਚ ਅਸੀਂ ਪੜ੍ਹਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਚੰਗੇ ਆਚਾਰ ਵਾਲਿਆਂ ਨੂੰ ਉੱਜੜ ਜਾਓ ਕਿਹਾ ਤੇ ਬੁਰਿਆਂ ਨੂੰ ਵਸਦੇ ਰਹੋ ਦੀ ਅਸੀਸ ਦਿੱਤੀ ਇਸ ਦਾ ਭਾਵ ਮਰਦਾਨੇ ਨੇ ਜਦੋਂ ਪੁੱਛਿਆ ਤਾਂ ਪਤਾ ਲੱਗਾ ਕਿ ਚੰਗਾ ਬੰਦਾ ਜਿੱਥੇ ਵੀ ਜਾਵੇਗਾ ਆਪਣੇ ਗੁਣਾਂ ਦਾ ਪਸਾਰਾ ਈ ਕਰੇਗਾ ਇਹ ਗੱਲ ਬੁਰਿਆਂ ਤੇ ਵੀ ਲਾਗੂ ਹੁੰਦੀ ਹੈ ਜੇਕਰ ਉਹ ਇੱਕੋ ਜਗ੍ਹਾ ਵਸਦੇ ਰਹਿਣਗੇ ਤਾਂ ਕੂੜ ਦਾ ਪਸਾਰਾ ਹੋਣੋ ਬਚੇਗਾ। ਪਰ ਇਸ ਦੇ ਨਾਲ ਇਹ ਵੀ ਗੱਲ ਵਰਣਨਯੋਗ ਹੈ ਕਿ ਗੁਰੂ ਜੀ ਦਾ ਸਾਹਮਣਾ ਪਤਾ ਨਹੀਂ ਕਿੰਨਿਆਂ ਹੀ ਪਾਪੀਆਂ ਤੇ ਦੰਭੀਆਂ ਨਾਲ ਹੋਇਆ ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਆਪਣੇ ਵਿਵੇਕ ਨਾਲ ਜਿੱਤਿਆ ਅਤੇ ਜਿਨ੍ਹਾਂ ਨੇ ਉਹਨਾਂ ਦੀ ਦ੍ਰਿਸ਼ਟੀ ਪੈਂਦਿਆਂ ਹੀ ਆਪਣੀ ਕਰੂਰਤਾ ਤਿਆਗ ਦਿੱਤੀ। ਪ੍ਰਿ. ਸਤਬੀਰ ਸਿੰਘ ਵੀ ਲਿਖਦੇ ਹਨ ਕਿ "ਪਰਸਪਰ ਪਿਆਰ ਕਰਨ ਦਾ ਨਾਅਰਾ ਲਗਾਉਣ ਇੱਕ ਕਮਾਲ ਦਾ ਕੰਮ ਸੀ। ਇੱਕ ਪਾਸੇ ਮੁਸਲਮਾਨਾਂ ਦੀ ਧਾਰਮਿਕ ਕਟਰਤਾ ਸੀ ਤੇ ਦੂਜੇ ਪਾਸੇ ਹਿੰਦੂਆਂ ਦੀ ਡੂੰਘੀ ਵਹਿਮ ਪ੍ਰਸਤੀ ਦਾ ਉਨ੍ਹਾਂ ਨੂੰ ਟਾਕਰਾ ਕਰਨਾ ਪਿਆ ਪਰ ਗੁਰੂ ਨਾਨਕ ਨੇ ਸਾਰੀਆਂ ਔਕੜਾਂ ਨੂੰ ਸੂਝ ਤੇ ਸਨੇਹ (By force or reason and humanity) ਦੇ ਜ਼ੋਰ ਨਾਲ ਜਿੱਤਿਆ।"[11]

ਅਜੋਕੇ ਯੁੱਗ ਵਿੱਚ ਬਹੁਤ ਰਿਸ਼ਵਤਖੋਰੀ, ਅਨਿਆਂ, ਚੋਰੀ ਚਲਾਕੀ ਤੇ ਲੁੱਟ ਖੋਹ ਬਹੁਤ ਵੱਧ ਗਈ ਹੈ। ਇਸ ਦੇ ਕਾਰਨ ਭਾਵੇਂ ਅਨੇਕਾਂ ਹਨ ਪਰ ਇਸ ਦੇ ਹੱਲ ਅਧੀਨ ਜੇਕਰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੇ ਅਮਲ ਕੀਤਾ ਜਾਵੇ ਤਾਂ ਅਜਿਹੀਆਂ ਨੌਬਤਾਂ ਹੀ ਨਾ ਆਉਣ। ਕਿਉਂ ਕਿ ਮਨੁੱਖ ਨੂੰ ਆਪੋ-ਧਾਪੀ ਲੱਗੀ ਹੋਈ ਹੈ ਉਹ ਦੁਨਿਆਵੀ ਸੁਖ ਪਿਛੇ ਅੰਨ੍ਹ ਹੋ ਚੁੱਕਾ ਹੈ ਗੁਰੂ ਜੀ ਦੀਆਂ

ਸਿੱਖਿਆਵਾਂ ਤੇ ਅਮਲ ਨਹੀਂ ਕਰਦਾ ਉਹਨਾਂ ਸਾਢੇ ਪੰਜ ਸੌ ਸਾਲ ਪਹਿਲਾਂ ਸਾਨੂੰ ਜਿਨ੍ਹਾਂ ਪਾਖੰਡਾਂ 'ਚੋਂ ਕੱਢਿਆ ਸੀ ਅਜੋਕਾ ਮਨੁੱਖ ਮੁੜ ਮੁੜ ਉਹਨਾਂ ਵਿੱਚ ਹੀ ਧਸਦੇ ਜਾ ਰਹੇ ਹਾਂ। ਗੁਰ ਫੁਰਮਾਨ ਹੈ:-

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥[12]
ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ[13]

ਗੁਰੂ ਜੀ ਨੇ 'ਨਾਮ ਜਪਣ' ਦੇ ਨਾਲ ਨਾਲ 'ਕਿਰਤ ਕਰਨ' ਤੇ 'ਵੰਡ ਕੇ ਛਕਣ' ਦੀ ਹਦਾਇਤ ਵੀ ਕੀਤੀ ਹੈ:-

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥[14]

ਜਗਤ ਨੂੰ ਉਪਦੇਸ਼ ਦੇਣ ਉਪਰੰਤ ਗੁਰੂ ਜੀ ਚਾਰ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਵਿਖੇ ਆਏ ਅਤੇ ਜਿਥੇ ਅੱਠ ਸਾਲ ਬਿਤਾਏ ਜਿਸ ਬਾਰੇ ਪ੍ਰੋ. ਕਰਤਾਰ ਸਿੰਘ ਐਮ ਏ ਲਿਖਦੇ ਹਨ ਕਿ " ਜਿਹੜਾ ਉਪਦੇਸ਼ ਗੁਰੂ ਜੀ ਨੇ ਜਗਤ ਭਰ ਦੇ ਇਨਸਾਨਾਂ ਨੂੰ ਦਿੱਤਾ ਸੀ, ਆਪ ਉਸ ਨੂੰ ਹੁਣ ਕਮਾ ਕੇ ਵਿਖਾਉਣ ਲੱਗੇ। ਆਪ ਦੀ ਸਿੱਖਿਆ ਇਹ ਸੀ ਕਿ ਅਸਲੀ ਧਰਮ ਦੀ ਸੋਝੀ ਵਾਲਾ ਬੰਦਾ ਮਿਹਨਤ ਨਾਲ ਧਰਮ ਦੀ ਕਿਰਤ ਕਰਕੇ, ਰੋਜ਼ੀ ਕਮਾਉਂਦਾ ਹੈ ਅਤੇ ਵੰਡ ਕੇ ਛਕਦਾ ਹੈ, ਧਰਮ ਇਹ ਹੈ ਕਿ ਬੰਦਾ ਗ੍ਰਿਹਸਤੀ ਹੁੰਦਾ ਹੋਇਆ ਵੀ ਤਿਆਗੀ ਜਾਂ ਸੰਨਿਆਸੀ ਰਹੇ, ਦੁਨੀਆ ਦੇ ਕੰਮਾਂ, ਵਿਹਾਰਾਂ ਤੇ ਫਰਜ਼ਾਂ ਨੂੰ ਯੋਗਤਾ ਨਾਲ ਨਿਬਾਹਵੇ, ਪਰ ਮਾਇਆ ਦੇ ਲਾਲਚ ਵਿੱਚ ਫਸ ਕੇ ਖੱਚਤ ਨਾ ਹੋਵੇ, ਹੱਥ ਕਾਰ ਵਿੱਚ ਅਤੇ ਦਿਲ ਕਰਤਾਰ ਵੱਲ ਲਾਈ ਰੱਖੇ, ਆਪਣੇ ਟੱਬਰ ਦੀ ਪਾਲਣਾ ਕਰੇ, ਪਰ ਪਿਤਾ-ਪ੍ਰਮਾਤਮਾ ਦੇ ਟੱਬਰ, ਮਨੁੱਖ ਜਾਤ ਦੀ ਵੀ ਪ੍ਰੇਮ ਸਹਿਤ ਸੇਵਾ ਕਰੇ ਅਤੇ ਪਰਉਪਕਾਰ ਕਮਾਵੇ।"[15]

ਭਾਈ ਗੁਰਦਾਸ ਜੀ ਪਹਿਲੀ ਵਾਰ ਵਿੱਚ ਕਾਜੀਆਂ ਤੇ ਮੁਲਾਂ ਦੀ ਪ੍ਰਸ਼ਨੋਤਰੀ ਵਿੱਚ ਲਿਖਦੇ ਹਨ ਗੁਰੂ ਜੀ ਦੇ ਉੱਤਰ ਅਨੁਸਾਰ ਜੇਕਰ ਮਨੁੱਖ ਹੱਕ ਸੱਚ ਲਈ ਨਹੀਂ ਖੜ੍ਹਦਾ ਨਾਮ ਸਿਮਰਨ ਨਹੀਂ ਕਰਦਾ ਸ਼ੁਭ ਕਰਮ ਨਹੀਂ ਕਰਦਾ ਤਾਂ ਉਸ ਨੂੰ ਰੱਬ ਦੀ ਦਰਗਾਹ ਵਿੱਚ ਢੋਈ ਨਹੀਂ ਮਿਲਦੀ ਭਾਵੇਂ ਉਹ ਕਿਸੇ ਵੀ ਧਰਮ ਦਾ ਹੋਵੇ ਪਰਮਾਤਮਾ ਅੱਗੇ ਸਾਰੇ ਬਰਾਬਰ ਹੈ:-

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ॥
ਬਾਬਾ ਆਖੇ ਹਾਜੀਆਂ ਸੁਭਿ ਅਮਲਾ ਬਾਝਹੁ ਦੋਨੋ ਰੋਈ॥[16]

ਗੁਰੂ ਨਾਨਕ ਦੇਵ ਜੀ ਨੇ ਜੋ ਦ੍ਰਿਸ਼ਟੀਕੋਣ ਦਿੱਤਾ, ਲੋੜ ਹੈ ਉਸ ਨੂੰ ਸਮਝਣ ਦੀ ਤੇ ਵਿਚਾਰਨ ਦੀ। ਪ੍ਰੰਤੂ ਸਮੇਂ ਦੇ ਹਾਲਾਤਾਂ ਵਿੱਚ ਮਨਮੁਖਤਾ ਨੇ ਗੁਰੂ ਨਾਨਕ ਦ੍ਰਿਸ਼ਟੀਕੋਣ ਨੂੰ ਆਪਣੀ ਸ਼ਰਧਾ ਵਿੱਚ ਬੰਨ੍ਹ ਕੇ ਰੱਖ ਦਿੱਤਾ ਅਤੇ ਉਲਟ ਹੀ ਰਸਤਾ ਅਪਣਾ ਲਿਆ। ਅਜੋਕੇ ਸਮੇਂ ਗੁਰੂ ਸਾਹਿਬ ਨੂੰ ਇੱਕ ਕਰਾਮਾਤੀ ਸੰਤ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਜਦਕਿ ਉਨ੍ਹਾਂ ਪਾਖੰਡ, ਝੂਠ, ਪਾਪ, ਕਰਾਮਾਤ, ਕਰਮ ਕਾਂਡ ਦਾ ਡੱਟ ਕੇ ਖੰਡਨ ਕੀਤਾ ਆਪਣੇ ਸਮਕਾਲੀ ਰਾਜਿਆਂ ਤੱਕ ਨੂੰ ਵੰਗਾਰ ਪਾਈ। ਉਸ ਸਮੇਂ ਸਮਾਜ ਪਾਖੰਡਾਂ ਭੇਖਾਂ ਵਿੱਚ ਫਸਿਆ ਹੋਇਆ ਸੀ ਫਾਲਤੂ ਕਰਮ ਕਾਂਡ ਪ੍ਰਧਾਨ ਸਨ, ਉੱਚ ਵਰਗ ਕਮਜ਼ੋਰ ਤੇ ਪਛੜੇ ਨੂੰ ਦਬਾਈ ਜਾ ਰਿਹਾ ਸੀ, ਸਮਾਜਿਕ ਰਾਜਨੀਤਿਕ, ਆਰਥਿਕ, ਸਥਿਤੀ ਗਿਰ ਚੁੱਕੀ ਸੀ। ਨੈਤਿਕਤਾ ਦੀ ਅਣਹੋਂਦ ਸੀ, ਲੋਕ ਗਿਆਨਹੀਣੇ ਸਨ ਫਿਰ ਇਸ ਅਧੋਗਤੀ ਦੀ ਹਾਲਤ ਵਿੱਚ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੋਇਆ ਉਨ੍ਹਾਂ ਨੂੰ ਪਰਮਾਤਮਾ ਵਲੋਂ ਬਚਪਨ ਤੋਂ ਹੀ ਬੁੱਧੀਮਤਾ ਤੇ ਤਰਕਸ਼ੀਲਤਾ ਬਖਸ਼ੀ, ਉਹਨਾਂ ਸਮੁੱਚੀ ਕਾਇਨਾਤ ਨੂੰ ਨੀਝ ਨਾਲ ਨਿਹਾਰਿਆ। ਬੇਈਂ ਨਦੀ ਇਸ਼ਨਾਨ ਕਰਨ ਗਏ ਅਲੋਪ ਰਹੇ ਅਤੇ ਫਿਰ ਆਉਂਦੇ ਹੀ ਇੱਕ ਸੁਰ ਵਿੱਚ ਅਲਾਪਿਆ 'ਨਾ ਕੋਈ ਹਿੰਦੂ ਨਾ ਮੁਸਲਮਾਨ' ਭਾਵ ਸਾਰੇ ਬਰਾਬਰ ਹਨ ਅਕਾਲਪੁਰਖ ਦਾ ਰੂਪ ਹਨ। ਫਿਰ ਸ਼ੁਰੂ ਹੋਇਆ ਗੁਰੂ ਜੀ ਦਾ ਜਗ ਨੂੰ ਤਾਰਨ ਤਾ ਸਫਰ। 'ਨਾਮ ਜਪਣ' ਸਿਮਰਨ ਦੇ ਨਾਲ-ਨਾਲ 'ਕਿਰਤ ਕਰਨ' 'ਵੰਡ ਛਕਣ' ਦਾ ਵਲ ਸਿਖਾਇਆ, ਉੱਚ ਆਚਰਨ ਰੱਖਣ ਦੀ ਪ੍ਰੇਰਣਾ ਦਿੱਤੀ, ਗ੍ਰਿਹਸਥ ਛੱਡ ਜੰਗਲਾਂ ਵਿੱਚ ਭ੍ਰਮਣ ਕਰਨ ਦੀ ਲੋੜ ਨਹੀਂ ਪਰਮਾਤਮਾ ਨੂੰ ਅੰਦਰੋਂ ਹੀ ਦੁਨੀਆਦਾਰੀ ਵਿੱਚ ਰਹਿ ਕੇ ਪਾਇਆ ਜਾ ਸਕਦਾ ਹੈ। ਆਪਣੇ ਸਾਥੀ ਬਾਲਾ ਜੀ ਅਤੇ ਮਰਦਾਨਾ ਜੀ ਨਾਲ ਲੋਕ ਭਲਾਈ ਲਈ ਉਦਾਸੀਆਂ ਕੀਤੀਆਂ ਅਤੇ 'ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ' ਦਾ ਸੰਕਲਪ ਦਸ ਭੇਖਧਾਰੀਆਂ ਤੋਂ ਪਾਸਾ ਛੁਡਾ ਅਕਾਲ ਪੁਰਖ ਨਾਲ ਜੋੜਿਆ। ਲੋੜ ਹੈ ਉਹਨਾਂ ਦੇ ਸਰਬ ਸਾਂਝ ਉਪਦੇਸ਼ ਨੂੰ ਪੜ ਕੇ ਵਿਚਾਰਨ ਦੀ, ਧਰਮ ਦੇ, ਜਾਤ ਦੇ, ਵਰਣ ਦੇ, ਜਾਂ ਹੋਰ ਕਿਸੇ ਆਧਾਰ 'ਤੇ ਸ਼ਾਖਾਵਾਂ ਨਾ ਬਣਾਈਏ ਸਗੋਂ ਦਿੱਤੀ ਵਿਚਾਰਧਾਰਾ ਨੂੰ ਅਮਲੀ ਰੂਪ ਵਿੱਚ ਵਿਚਾਰ ਕੇ ਆਪਣੇ ਜੀਵਨ ਵਿੱਚ ਲਾਗੂ ਕਰੀਏ ਇਸ ਤਰ੍ਹਾਂ ਨੈਤਿਕ ਜੀਵਨ ਤਾਂ ਉੱਚਾ ਹੋਵੇਗਾ ਹੀ ਸਗੋਂ ਸਰਬਪੱਖੀ ਸੇਧ ਵੀ ਮਿਲੇਗੀ:-

ਪੜਿ ਪੁਸਤਕ ਸੰਧਿਆ ਬਾਦੰ॥ ਸਿਲ ਪੂਜਸਿ ਬਗੁਲ ਸਮਾਧੰ॥

ਮੁਖਿ ਝੂਠ ਬਿਭੂਖਣ ਸਾਰੰ॥ ਤ੍ਰੈਪਾਲ ਤਿਹਾਲ ਬਿਚਾਰੰ॥

-----------------------------------------

ਜੇ ਜਾਣਸਿ ਬ੍ਰਹਮੰ ਕਰਮੰ॥ ਸਭਿ ਫੋਕਟ ਨਿਸਚਉ ਕਰਮੰ॥[17]

ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ॥[18]

ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ॥[19]

ਸਭੁ ਕੋ ਊਚਾ ਆਖੀਐ ਨੀਚੁ ਨਾ ਦੀਸੈ ਕੋਇ॥[20]

ਜਹ ਕਰਣੀ ਤਹ ਪੂਰੀ ਮਤਿ॥ ਕਰਣੀ ਬਾਝਹੁ ਘਟੇ ਘਟਿ॥[21]

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥

ਖਿੰਥਾ ਕਾਲ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤ॥

ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥

ਆਦੇਸੁ ਤਿਸੈ ਆਦੇਸ॥

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥[22]

## ਹਵਾਲੇ ਅਤੇ ਟਿੱਪਣੀਆਂ

1. ਭਾਈ ਗੁਰਦਾਸ ਦੀਆਂ ਚੋਣਵੀਆਂ ਵਾਰਾਂ, ਭਾਸ਼ਾ ਵਿਭਾਗ ਪੰਜਾਬ, ਪੰਨਾ 38.
2. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਾਉੜੀ 24.
3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 349.
4. ਉਹੀ, ਪੰਨਾ 73.
5. ਉਹੀ, ਪੰਨਾ 145.
6. 'ਪੰਜਾਬੀ ਦੁਨੀਆ' ਨਵੰਬਰ 2008-ਜਨਵਰੀ 2009 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼
7. ਅੰਕ, ਭਾਸ਼ਾ ਵਿਭਾਗ ਪੰਜਾਬ, ਪੰਨਾ 109.
8. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 140.
9. ਉਹੀ, ਪੰਨਾ 140.
10. ਉਹੀ, ਪੰਨਾ 790.
11. ਗੁਰਮਤਿ ਸਾਹਿਤ: ਬਹੁਪੱਖੀ ਅਧਿਐਨ, ਭਾਸ਼ਾ ਵਿਭਾਗ, ਪੰਜਾਬ, ਪੰਨਾ 38.
12. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 141.
13. ਉਹੀ, ਪੰਨਾ 140.
14. ਉਹੀ, ਪੰਨਾ 1245.
15. ਸਿੱਖ ਇਤਿਹਾਸ, ਭਾਗ- 1, ਪ੍ਰੋ. ਕਰਤਾਰ ਸਿੰਘ ਐਮ.ਏ. ਸ਼੍ਰੋ.ਗੁ.ਪ੍ਰ.ਕ. ਸ੍ਰੀ ਅੰਮ੍ਰਿਤਸਰ, ਪੰਨਾ 105-106.
16. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਾਉੜੀ 33.
17. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 470.
18. ਉਹੀ, ਪੰਨਾ 795.
19. ਉਹੀ, ਪੰਨਾ 902.
20. ਉਹੀ, ਪੰਨਾ 62.
21. ਉਹੀ, ਪੰਨਾ 24.
22. ਉਹੀ, ਪੰਨਾ 6.

# ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸਮਾਜਿਕ ਚੇਤਨਾ

**ਰਾਜਦੀਪ ਕਲੇਟ**

ਪੀ-ਐੱਚ. ਡੀ. ਖੋਜਾਰਥਣ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

---

ਗੁਰੂ ਨਾਨਕ ਜੀ ਦਾ ਮੱਧਕਾਲ ਵਿਚ ਉਸ ਸਮੇਂ ਪ੍ਰਕਾਸ਼ ਹੋਇਆ, ਜਦੋਂ ਭਾਰਤ ਵਰਸ਼ ਦਾ ਤਾਣਾ ਬੁਰੀ ਤਰ੍ਹਾਂ ਉਲਝ ਚੁੱਕਾ ਸੀ। ਵਿਦੇਸ਼ੀ ਧਾੜਵੀਆਂ ਖ਼ਾਸ ਕਰਕੇ ਤੁਰਕਾਂ ਦੇ ਹੋ ਰਹੇ ਲਗਾਤਾਰ ਹਮਲਿਆਂ ਨੇ ਹਿੰਦੋਸਤਾਨੀ ਲੋਕਾਂ ਦੀ ਕਮਰ ਤੋੜ ਦਿੱਤੀ। ਰਾਜਸੀ ਸੱਤਾ ਨੇ ਲੋਕਾਂ ਦੇ ਅੰਦਰ ਇਕ ਅਜੀਬ ਤਰ੍ਹਾਂ ਦਾ ਡਰ ਪੈਦਾ ਕਰ ਦਿੱਤਾ ਸੀ। ਵੱਖ-ਵੱਖ ਮਜ਼੍ਹਬਾਂ ਦੇ ਠੇਕੇਦਾਰਾਂ ਨੇ ਮਜ਼੍ਹਬ ਦੇ ਨਾਂ 'ਤੇ ਵੰਡੀਆਂ ਪਾ ਕੇ ਲੋਕਾਂ ਨੂੰ ਗੁਮਰਾਹ ਕੀਤਾ ਹੋਇਆ ਸੀ। ਲੋਕਾਂ ਦੇ ਇਖਲਾਕੀ ਪੱਧਰ 'ਚ ਗਿਰਾਵਟ ਆ ਚੁੱਕੀ ਸੀ। ਇਸ ਸਾਰੇ ਦੇ ਸਿੱਟੇ ਵਜੋਂ ਸਮਾਜ ਵਿਚ ਅਸੰਤੋਸ਼ ਫੈਲਿਆ ਅਤੇ ਲੋਕ ਡਰਪੋਕ, ਬੌਧਿਕ ਪੱਖ ਤੋਂ ਬੌਣੇ ਹੋ ਗਏ ਸਨ। ਧਰਮ, ਜਾਤ-ਪਾਤ, ਊਚ-ਨੀਚ, ਕਰਮਕਾਂਡ ਆਦਿ ਅਨੇਕ ਵਲਗਣਾਂ ਨੇ ਮਨੁੱਖ ਨੂੰ ਮਨੁੱਖ ਨਾਲੋਂ ਤੋੜ ਕੇ ਇਕ-ਦੂਸਰੇ ਦਾ ਵਿਰੋਧੀ ਬਣਾ ਦਿੱਤਾ ਹੋਇਆ ਸੀ।

ਗੁਰੂ ਨਾਨਕ ਜੀ ਇਕ ਵੱਡੇ ਕ੍ਰਾਂਤੀਕਾਰੀ ਅਤੇ ਮਹਾਨ ਚਿੰਤਕ ਹਨ। ਗੁਰੂ ਨਾਨਕ ਦੀ ਸ਼ਖ਼ਸੀਅਤ ਨੂੰ ਪ੍ਰਚਲਿਤ ਮਾਪਦੰਡਾਂ ਦੇ ਘੇਰੇ ਤੋਂ ਮੁਕਤ ਕਰਕੇ ਵਡੇਰੇ ਪ੍ਰਸੰਗਾਂ ਵਿਚ ਵਾਚਣ ਦੀ ਲੋੜ ਹੈ। ਉਹਨਾਂ ਦਾ ਕਾਵਿ ਉਸ ਸਮੇਂ ਦੀਆਂ ਪ੍ਰਚਲਿਤ ਧਾਰਨਾਵਾਂ ਵਿਰੁੱਧ ਖੁੱਲ੍ਹੀ ਵੰਗਾਰ ਜਾਂ ਬਗ਼ਾਵਤ ਹੈ। ਇਹ ਵੰਗਾਰ ਜਾਂ ਬਗ਼ਾਵਤ ਹੀ ਉਹਨਾਂ ਦੇ ਯਥਾਰਥਵਾਦੀ ਕਵੀ ਹੋਣ ਦਾ ਸਬੂਤ ਹੈ। ਯਥਾਰਥਵਾਦੀ ਕਵੀ ਸਮਾਜ ਦੇ ਹਾਲਾਤਾਂ ਨੂੰ ਵੇਖ ਕੇ ਉਸ ਨੂੰ ਉਸੇ ਰੂਪ ਵਿਚ ਚਿਤਰਦਾ ਹੈ। "ਇਹ ਯਥਾਰਥਵਾਦ ਕਵੀ ਦਾ ਅਜਿਹਾ ਹਥਿਆਰ ਹੁੰਦਾ ਹੈ ਜਿਸ ਨਾਲ ਉਹ ਸਮਾਜਿਕ ਊਣਤਾਈਆਂ ਅਤੇ ਹਾਲਤਾਂ 'ਤੇ ਕਾਬੂ ਪਾ ਸਕਣ ਦੀ ਸਮਰੱਥਾ ਪ੍ਰਾਪਤ ਕਰ ਸਕਦਾ ਹੈ। ਇਹ ਸਮਾਜ ਦੀ ਨਵੀਂ ਉਸਾਰੀ ਲਈ ਸੁਧਾਰਵਾਦੀ ਪ੍ਰਵਿਰਤੀਆਂ ਨੂੰ ਜਗਾਉਂਦਾ ਹੈ।" ਗੁਰੂ ਸਾਹਿਬ ਦੀ ਆਵਾਜ਼ ਨੇ ਲੋਕਾਂ ਦੇ ਦਿਲਾਂ 'ਚੋਂ ਸਮਾਜਿਕ ਊਣਤਾਈਆਂ ਵਿਰੁੱਧ ਨਫ਼ਰਤ ਪੈਦਾ ਕਰ ਦਿੱਤੀ, ਜਿਸ ਦਾ ਨਤੀਜਾ ਲੋਕਾਂ ਦਾ ਗੁਰੂ ਜੀ ਨਾਲ ਜੁੜਨਾ ਅਤੇ ਉਹਨਾਂ ਦੀਆਂ ਸਿੱਖਿਆਵਾਂ ਨੂੰ ਮੰਨਣਾ ਹੈ।

ਗੁਰੂ ਨਾਨਕ ਨੇ ਉਸ ਵੇਲੇ ਦੇ ਸਮਾਜ ਨੂੰ ਸੁਧਾਰਨ ਲਈ ਆਪਣਾ ਸਮੁੱਚਾ ਜੀਵਨ ਲੇਖੇ ਲਾ ਦਿੱਤਾ। ਉਹਨਾਂ ਨੇ ਸਿਰਫ਼ ਪ੍ਰਵਚਨ ਸਿਰਜਿਆ ਹੀ ਨਹੀਂ, ਬਲਕਿ ਅਮਲੀ ਤੌਰ 'ਤੇ ਵਿਹਾਰਕ ਜੀਵਨ ਵਿਚ ਲਾਗੂ ਵੀ ਕੀਤਾ। ਗੁਰੂ ਜੀ ਨੇ ਸਮਾਜ ਵਿੱਚ ਦੇਖਿਆ ਕਿ ਚਾਰੇ ਪਾਸੇ ਅਸ਼ਾਂਤੀ ਦਾ ਮਾਹੌਲ ਹੈ। ਉਹਨਾਂ ਨੇ ਮਜ਼ਬੀ ਟਕਰਾਅ ਵਹਿਮਾਂ-ਭਰਮਾਂ, ਕਰਮ-ਕਾਂਡਾਂ ਅਤੇ ਮੌਜੂਦਾ ਰਾਜਨੀਤੀਵਾਨਾਂ ਉੱਪਰ ਤਿੱਖੇ ਵਿਅੰਗ ਕੀਤੇ। ਉਹ ਉਸ ਵੇਲੇ ਦੇ ਹਾਲਾਤਾਂ ਨੂੰ ਬਿਆਨ ਕਰਦੇ ਲਿਖਦੇ ਹਨ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥

ਅੱਗੇ ਉਹਨਾਂ ਦੇ ਜੀਵਨ ਦੇ ਕੁਝ ਪੱਖਾਂ ਨੂੰ ਵਿਚਾਰ ਅਧੀਨ ਲਿਆਂਦਾ ਜਾ ਰਿਹਾ ਹੈ, ਜਿਨ੍ਹਾਂ ਵਿਚੋਂ ਗੁਰੂ ਨਾਨਕ ਦੀ ਸ਼ਖ਼ਸੀਅਤ ਬਤੌਰ ਸਮਾਜ ਸੁਧਾਰਕ ਦੇ ਰੂਪ ਵਿਚ ਪੇਸ਼ ਹੁੰਦੀ ਹੈ।

**ਸਮੁੱਚਾ ਬ੍ਰਹਿਮੰਡ ਇਕ ਦਾ ਪਾਸਾਰ**

ਉਸ ਵੇਲੇ ਸਮਾਜ ਮਜ਼ਬੀ ਰੰਗਤ ਵਿਚ ਰੰਗਿਆ ਗਿਆ ਸੀ ਅਤੇ ਹਿੰਦੂ-ਮੁਸਲਮਾਨ ਦੋਵੇਂ ਦੂਸਰੇ ਦੇ ਧਰਮ ਨੂੰ ਨਿੰਦ ਕੇ ਆਪੋ-ਆਪਣੇ ਧਰਮ ਨੂੰ ਇਕ-ਦੂਸਰੇ ਤੋਂ ਚੰਗਾ ਆਖ ਰਹੇ ਸਨ। ਦੂਸਰੇ ਦੇ ਧਰਮ ਨੂੰ ਛੁਟਿਆਉਣ ਲਈ ਉਹ ਕਿਸੇ ਵੀ ਹੱਦ ਤੱਕ ਜਾਂਦੇ। ਅਜਿਹੇ ਸਮੇਂ 'ਚ ਗੁਰੂ ਨਾਨਕ ਦਾ **"ਨਾ ਕੋ ਹਿੰਦੂ ਨਾ ਮੁਸਲਮਾਣ"** ਜਾਂ "**੧ਓ**, ਭਾਵ ਪ੍ਰਮਾਤਮਾ ਇਕ ਹੈ" ਆਖਣਾ ਅਤੇ ਸਭ ਨੂੰ ਰਲ-ਮਿਲ ਕੇ ਪਿਆਰ ਨਾਲ ਰਹਿਣ ਦਾ ਹੋਕਾ ਦੇਣਾ ਸਮਾਜਿਕ ਇਨਕਲਾਬ ਸੀ। ਉਹਨਾਂ ਨੇ ਲੋਕਾਂ ਨੂੰ ਧਰਮਾਂ, ਜਾਤਾਂ ਆਦਿ ਦੇ ਵਿਤਕਰੇ ਤੋਂ ਉੱਪਰ ਉੱਠ ਕੇ ਸੁਚੱਜਾ ਜੀਵਨ ਜਿਉਣ ਲਈ ਪ੍ਰੇਰਿਆ ਅਤੇ ਹਰ ਇਨਸਾਨ ਨੂੰ ਬਰਾਬਰ ਕਹਿੰਦਿਆਂ ਇਕ ਹੀ ਸ਼ਕਤੀ ਦੀ ਉਪਜ ਦੱਸਿਆ :

ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ।।
ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ।।

**ਜਾਤ-ਪਾਤ ਦਾ ਖੰਡਨ**

"ਗੁਰੂ ਨਾਨਕ ਜੀ ਤੋਂ ਪਹਿਲਾਂ ਵਿਚਾਰਵਾਨ ਨੇਤਾਵਾਂ ਨੇ ਮੁਕਤੀ ਪ੍ਰਾਪਤ ਕਰਨ ਲਈ ਮਨੁੱਖਾਂ ਦੀ ਯੋਗਤਾ ਅਨੁਸਾਰ ਉੱਚੇ ਤੇ ਨੀਵੇਂ ਦੀ ਵੰਡ ਕੀਤੀ ਹੋਈ ਸੀ।" ਹਿੰਦੂ ਸਮਾਜ ਬ੍ਰਾਹਮਣ, ਖੱਤਰੀ,

ਵੈਸ਼ ਅਤੇ ਸ਼ੂਦਰ, ਚਾਰ ਵਰਣਾਂ 'ਚ ਵੰਡਿਆ ਹੋਇਆ ਸੀ। ਸ਼ੂਦਰਾਂ ਨਾਲ ਬਹੁਤ ਭੈੜਾ ਵਿਵਹਾਰ ਕੀਤਾ ਜਾਂਦਾ ਸੀ ਅਤੇ ਉਹਨਾਂ ਨੂੰ ਅਛੂਤ ਕਹਿ ਕੇ ਸਾਰੇ ਮਾਨਵੀ ਹੱਕਾਂ ਤੋਂ ਦੂਰ ਕੀਤਾ ਹੋਇਆ ਸੀ। ਸਮਾਜ ਊਚ-ਨੀਚ, ਜਾਤ-ਪਾਤ, ਛੂਤ-ਛਾਤ ਵਰਗੀਆਂ ਭੈੜੀਆਂ ਅਲਾਮਤਾਂ ਦਾ ਬੁਰੀ ਤਰ੍ਹਾਂ ਸ਼ਿਕਾਰ ਸੀ। ਸਮਾਜ ਵਿਚ ਕੁਝ ਖ਼ਾਸ ਉੱਚ ਸ਼੍ਰੇਣੀਆਂ ਦਾ ਹੀ ਵਿਕਾਸ ਹੋ ਰਿਹਾ ਸੀ ਅਤੇ ਦੂਜਿਆਂ ਨੂੰ ਪ੍ਰਫੁੱਲਤਾ ਦੇ ਮੌਕੇ ਨਾ ਮਿਲਣ ਕਾਰਨ ਉਹ ਨੀਵੇਂ ਹੀ ਟਿਕੇ ਰਹਿੰਦੇ ਸਨ। ਗੁਰੂ ਜੀ ਇਹ ਨਹੀਂ ਸਨ ਚਾਹੁੰਦੇ ਕਿ ਸਮਾਜ ਦਾ ਇਕ ਤਰਫ਼ਾ ਵਿਕਾਸ ਹੋਵੇ, ਉਹਨਾਂ ਨੇ ਸਭਨਾਂ ਦੀ ਬਰਾਬਰੀ ਲਈ ਯੋਗ ਅਸੂਲਾਂ ਦਾ ਪ੍ਰਚਾਰ ਕੀਤਾ। ਗੁਰੂ ਜੀ ਨੇ ਅਖੌਤੀ ਨੀਵੀਆਂ ਜਾਤਾਂ/ ਸ਼ੂਦਰਾਂ ਨੂੰ ਆਪਣੇ ਗਲ ਲਾ ਕੇ ਸਤਿਕਾਰ ਦਿੱਤਾ, ਜੋ ਕਿੰਨੀਆਂ ਹੀ ਸਦੀਆਂ ਤੋਂ ਮਾੜਾ ਜੀਵਨ ਹੰਢਾ ਰਹੇ ਸਨ। ਉਹਨਾਂ ਕਿਹਾ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ।।
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ।।

ਉਹਨਾਂ ਨੇ ਨੀਚ ਤੋਂ ਵੀ ਨੀਚ ਵਰਗ, ਭਾਵ ਉਹ ਵਰਗ ਜੋ ਇਸ ਵਰਣ ਵੰਡ 'ਚ ਸ਼ਾਮਿਲ ਹੀ ਨਹੀਂ ਸੀ, ਨੂੰ ਪਿਆਰ-ਸਤਿਕਾਰ ਦਾ ਪਾਤਰ ਬਣਾਇਆ ਅਤੇ ਉਹਨਾਂ ਨੂੰ ਜਿਉਂਣ ਜੋਗਾ ਕੀਤਾ। "ਅਸਲ ਵਿਚ ਉਹ ਇਕ ਮਹਾਨ ਲੋਕ ਨਾਇਕ ਸਨ, ਜਿਨ੍ਹਾਂ ਨੇ ਯੁੱਗ ਦੀਆਂ ਪਰਿਸਥਿਤੀਆਂ ਅਨੁਸਾਰ ਦੁਖਿਆਰੀ ਮਨੁੱਖੀ ਜਾਤਿ ਦੀ ਸਹੀ ਅਗਵਾਈ ਕੀਤੀ।"

"ਗੁਰੂ ਨਾਨਕ ਦੇਵ ਜੀ ਨੇ ਉਸ ਆਦਰਸ਼ ਦਾ ਪ੍ਰਚਾਰ ਕੀਤਾ, ਜਿਸ ਨੂੰ ਅਸੀਂ ਹੁਣ ਮਾਨਵ-ਵਾਦ (Humanism) ਆਖਦੇ ਹਾਂ ਅਤੇ ਜਿਸ ਦਾ ਲਕਸ਼ ਵਿਤਕਰਿਆਂ ਨੂੰ ਮਿਟਾ ਕੇ ਸਰਵ-ਮਾਨਵ ਮਾਤਰ ਨੂੰ ਪ੍ਰੇਮ ਦਿਆਂ ਸੰਬੰਧਾਂ ਦੇ ਅਧਾਰ ਉਪਰ ਇਕੱਠਾ ਕਰਨਾ ਹੈ।"

**ਜ਼ੁਲਮ ਵਿਰੁੱਧ ਆਵਾਜ਼**

ਗੁਰੂ ਨਾਨਕ ਨੇ ਆਪਣੇ ਜੀਵਨ ਕਾਲ ਵਿੱਚ ਸੱਚ ਅਤੇ ਸੱਚੇ ਮਾਰਗ ਨੂੰ ਸਭ ਤੋਂ ਉੱਤਮ ਕਿਹਾ। ਉਹਨਾਂ ਨੇ ਸੱਚੇ ਮਾਰਗ 'ਤੇ ਚੱਲਣ ਲਈ ਵੇਲੇ ਦੀ ਹਕੂਮਤ ਦੀ ਵੀ ਪ੍ਰਵਾਹ ਨਹੀਂ ਕੀਤੀ। ਉਹਨਾਂ ਨੇ ਰਾਜਸੀ ਤਸਵੀਰ ਨੂੰ ਉਭਾਰਦਿਆਂ ਹੋਇਆਂ ਉਸ ਸਮੇਂ ਦੇ ਜ਼ਾਲਮ ਤੇ ਨਿਰਦਈ ਰਾਜਿਆਂ-ਵਜ਼ੀਰਾਂ ਦੇ ਅਸਲੀ ਚਿਹਰਿਆਂ ਨੂੰ ਬੇਨਕਾਬ ਕੀਤਾ। ਉਹਨਾਂ ਦੇ ਮੁਖੌਟਿਆਂ ਪਿੱਛੇ ਛੁਪੇ ਕਸਾਈ, ਕੁੱਤੇ, ਬਘਿਆੜ, ਸ਼ੀਂਹ, ਜਰਵਾਣੇ, ਰੱਤ-ਪੀਣੇ ਆਦਿ ਚਰਿੱਤਰ ਨੂੰ ਲੋਕਾਂ ਸਾਹਮਣੇ ਲਿਆਂਦਾ। ਗੁਰੂ ਜੀ ਨੇ

ਬਾਬਰ ਨੂੰ 'ਜਾਬਰ' ਆਖ ਕੇ ਉਸ ਦੀ ਮਚਾਈ ਲੁੱਟ-ਖਸੁੱਟ ਅਤੇ ਔਰਤਾਂ ਦੇ ਨਿਰਾਦਰ ਦੀ ਕਰੜੇ ਸ਼ਬਦਾਂ ਵਿਚ ਨਿੰਦਿਆ ਕੀਤੀ। ਉਹਨਾਂ ਨੇ ਵੇਲੇ ਦੀ ਸੱਤਾ ਵਿਰੁੱਧ ਆਵਾਜ਼ ਉਠਾਉਣ 'ਚ ਬਿਲਕੁੱਲ ਵੀ ਸੰਕੋਚ ਨਹੀਂ ਕੀਤਾ ਅਤੇ ਸ਼ਰੇਆਮ ਆਖਿਆ :

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥

ਭਾਈ ਲਾਲੋ ਨੂੰ ਸੰਬੋਧਿਤ ਹੁੰਦੇ ਹੋਏ ਗੁਰੂ ਜੀ ਆਖਦੇ ਹਨ ਕਿ ਬਾਬਰ ਜ਼ੁਲਮ ਦੀ ਬਰਾਤ ਲੈ ਕੇ ਕਾਬਲ ਤੋਂ ਆਇਆ ਹੈ ਅਤੇ ਧੱਕੇਸ਼ਾਹੀ ਨਾਲ ਭਾਰਤ ਦੀ ਜਾਇਦਾਦ ਦਾ ਦਾਨ ਮੰਗਦਾ ਹੈ। ਸ਼ਰਮ ਅਤੇ ਧਰਮ ਦੋਵੇਂ ਲੁਕ ਗਏ ਹਨ ਅਤੇ ਹਰ ਪਾਸੇ ਝੂਠ, ਪਾਪ, ਜ਼ੁਲਮ ਹੀ ਪ੍ਰਧਾਨ ਹੋ ਕੇ ਫਿਰ ਰਿਹਾ ਹੈ। ਉਹਨਾਂ ਨੇ ਵੇਲੇ ਦੇ ਬਾਦਸ਼ਾਹ ਤੋਂ ਨਾ ਡਰਦਿਆਂ ਕਿਹਾ :

ਰਾਜੇ ਸੀਹ ਮੁਕਦਮ ਕੁਤੇ ॥

ਜਾਇ ਜਗਾਇਨਿ੍ ਬੈਠੇ ਸੁਤੇ ॥

ਗੁਰੂ ਜੀ ਦੁਆਰਾ ਮਾਰੀਆਂ ਚੋਟਾਂ ਕਾਰਨ ਹੀ ਬਾਬਰ ਵਰਗੇ ਜ਼ੁਲਮੀ ਰਾਜੇ ਨੂੰ ਆਪਣੀਆਂ ਗਲਤੀਆਂ ਦਾ ਅਹਿਸਾਸ ਹੋਇਆ ਅਤੇ ਲੋਕਾਂ ਵਿਚ ਸੱਤਾ ਦਾ ਡਰ ਖਤਮ ਹੋਇਆ। ਉਹ ਨਿਡਰ ਬਣੇ 'ਤੇ ਧਾੜਵੀਆਂ ਦਾ ਮੁਕਾਬਲਾ ਕਰਨ ਅਤੇ ਸੱਚ ਕਹਿਣ ਦੇ ਰਾਹ 'ਤੇ ਤੁਰੇ।

**ਇਸਤਰੀ ਦਾ ਸਤਿਕਾਰ**

ਗੁਰੂ ਜੀ ਦੇ ਸਮੇਂ ਵਿਚ ਔਰਤਾਂ ਦੀ ਸਮਾਜਿਕ ਸਥਿਤੀ ਬਹੁਤ ਮਾੜੀ ਸੀ। ਔਰਤਾਂ ਨੂੰ ਹਿੰਦੂ-ਮੁਸਲਿਮ ਸਮਾਜ ਵਿਚ ਸਿਰਫ਼ ਭੋਗ ਦੀ ਵਸਤੂ ਹੀ ਸਮਝਿਆ ਜਾਂਦਾ ਸੀ। ਨਾਰੀ ਦੀ ਹਾਲਤ ਦਲਿਤਾਂ ਦੇ ਸਮਾਨ ਸੀ। ਸਤੀ ਪ੍ਰਥਾ, ਬਾਲ ਵਿਆਹ, ਔਰਤਾਂ ਦੀ ਖ਼ਰੀਦੋ-ਫ਼ਰੋਖ਼ਤ, ਗ਼ੁਲਾਮੀ ਆਦਿ ਕਿੰਨੇ ਹੀ ਕਾਰਨ ਸਨ ਜੋ ਔਰਤਾਂ ਨੂੰ ਉਸ ਮਾਹੌਲ ਵਿਚ ਰਹਿਣ ਲਈ ਅਣ-ਸੁਖਾਵੇਂ ਸਨ। ਔਰਤ ਨੂੰ ਜਨਮ ਲੈਣ ਉਪਰੰਤ ਅਕਸਰ ਹੀ ਮਾਰ ਦਿੱਤਾ ਜਾਂਦਾ ਸੀ। ਔਰਤ ਹੋਣਾ ਆਪਣੇ-ਆਪ ਵਿਚ ਇਕ ਜ਼ਲਾਲਤ ਸੀ। ਗੋਰਖਨਾਥ ਵਰਗੇ ਕਵੀਆਂ ਨੇ ਔਰਤ ਨੂੰ ਬਾਘਣੀ (ਬਘਿਆੜੀ) ਆਖ ਕੇ ਨਿੰਦਿਆ ਅਤੇ ਮਰਦਾਂ ਨੂੰ ਉਸ ਦਾ ਸੰਗ ਕਰਨ ਤੋਂ ਵਰਜਿਆ। ਇੱਥੋਂ ਤੱਕ ਕਿ ਭਗਤ ਕਬੀਰ ਨੇ ਵੀ ਇਸਤਰੀ ਜਾਤੀ ਨੂੰ ਨਿੰਦਿਆ :

"ਨਾਰੀ ਤੋ ਹਮਨੇ ਕਰੀ ਕੀਨਾ ਨਹੀ ਵਿਚਾਰ।।

ਜਬ ਜਾਨੀ ਤਬ ਪਰਿਹਰੀ, ਨਾਰੀ ਬੜਾ ਵਿਕਾਰ।।"

ਅਜਿਹੇ ਮਾਹੌਲ ਵਿਚ ਜਦੋਂ ਔਰਤ ਵਿਰੋਧੀ ਗੱਲਾਂ ਹੋ ਰਹੀਆਂ ਸਨ, ਓਦੋਂ ਗੁਰੂ ਜੀ ਨੇ ਔਰਤ ਦੇ ਹੱਕ ਵਿਚ ਲਿਖਿਆ। ਉਹਨਾਂ ਨੇ ਲੋਕਾਂ ਨੂੰ ਸਮਝਾਇਆ ਕਿ ਔਰਤ ਤੋਂ ਬਿਨਾਂ ਜੀਵਨ ਸੰਪੂਰਨ ਨਹੀਂ ਹੈ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ।।

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ।।

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ।।

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।।

ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ ।।

ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ।।

ਜਿੱਥੇ ਔਰਤ ਬਾਘਣੀ ਜਾਂ ਨਰਕ ਦਾ ਮੂਲ ਸਮਝੀ ਜਾਂਦੀ ਸੀ, ਓਥੇ ਗੁਰੂ ਨਾਨਕ ਜੀ ਨੇ ਸਦੀਆਂ ਤੋਂ ਜਕੜੀ ਇਸਤਰੀ ਨੂੰ ਮੁੜ ਚਾਰ-ਦੀਵਾਰੀ ਦੀ ਕੈਦ 'ਚੋਂ ਬਾਹਰ ਲਿਆਂਦਾ। ਉਹਨਾਂ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਇਸਤਰੀ ਜੋ ਵੱਡੇ-ਵੱਡੇ ਰਾਜਿਆਂ-ਮਹਾਰਾਜਿਆਂ ਤੱਕ ਨੂੰ ਜਨਮ ਦਿੰਦੀ ਹੈ, ਨੂੰ ਭੰਡਿਆ ਕਿਉਂ ਜਾਵੇ? ਗੁਰੂ ਜੀ ਔਰਤ ਨੂੰ ਮਹਾਨ ਆਖਦੇ ਹਨ।

**ਕਰਮ-ਕਾਡਾਂ ਦੀ ਨਿਖੇਧੀ ਅਤੇ ਕਿਰਤ ਦਾ ਸੰਕਲਪ**

ਗੁਰੂ ਨਾਨਕ ਦੇਵ ਜੀ ਨੇ ਮੁਕਤੀ ਪਾਉਣ ਲਈ ਘਰ-ਬਾਰ ਤਿਆਗ ਕੇ ਜੰਗਲਾਂ, ਬੇਲਿਆਂ ਵੱਲ ਨਿਕਲੇ ਸਾਧਾਂ, ਜੋਗੀਆਂ ਆਦਿ ਲਈ ਵੀ ਤਿੱਖੀ ਟਿੱਪਣੀ ਕੀਤੀ। ਰੱਬ ਪ੍ਰਾਪਤੀ ਦੇ ਨਾਂ ਉੱਤੇ ਟੁੱਟ ਰਹੇ ਸਮਾਜ ਦੀ ਪੁਨਰ ਸਿਰਜਣਾ ਕੀਤੀ ਅਤੇ ਗ੍ਰਿਹਸਥੀ ਵਿਚ ਰਹਿ ਕੇ ਮਿਹਨਤ ਕਰਨ ਵਾਲੇ ਜੀਵਨ ਨੂੰ ਸ੍ਰੇਸ਼ਟ ਜਾਂ ਉੱਚੀ ਜੀਵਨ ਜਾਚ ਆਖਦੇ ਹੋਏ ਇਸ ਨੂੰ ਆਪਣਾ-ਆਪ ਸੰਵਾਰਨ ਲਈ ਉਚਿਤ ਮਾਰਗ ਦੱਸਿਆ।

ਗੁਰੂ ਜੀ ਨੇ ਆਪਣੀ ਰਚਨਾ 'ਸਿਧ ਗੋਸਟਿ' ਵਿਚ ਯੋਗ ਮਤ ਬਾਰੇ ਆਪਣੇ ਵਿਚਾਰ ਇੰਝ ਪ੍ਰਗਟ ਕੀਤੇ ਹਨ:

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ।।

ਜੋਗੁ ਨ ਮੁੰਦੀ ਮੁੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ।।

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ।।

ਗਲੀ ਜੋਗੁ ਨ ਹੋਈ ।।

ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ।।

"ਉਹਨਾਂ ਦਾ ਮਤ ਹੈ ਕਿ ਅਸਲੀ ਜੋਗ ਖਿੰਥਾ, ਡੰਡ ਅਤੇ ਹੋਰ ਬਾਹਰੀ ਆਡੰਬਰ ਵਿਚ ਨਹੀਂ, ਸਗੋਂ ਗੁਰੂ ਦੀ ਅਧਿਆਤਮਿਕ ਸਿਖਿਆ ਗ੍ਰਹਿਣ ਕਰਨ ਵਿਚ ਹੈ।"

ਇਸ ਤਰ੍ਹਾਂ ਗੁਰੂ ਜੀ ਨੇ ਜੋਗੀਆਂ ਨੂੰ ਦਰਖ਼ਤਾਂ ਨਾਲ ਪੁੱਠੇ ਲਟਕਣ, ਸਰੀਰ 'ਤੇ ਸੁਆਹ ਮਲਣ, ਕੰਨ ਪੜਵਾਉਣ, ਕਰਾਮਾਤਾਂ ਕਰਨ, ਘਰ ਛੱਡ ਕੇ ਜੰਗਲਾਂ 'ਚ ਘੁੰਮਣ ਵਰਗੇ ਕੰਮਾਂ ਦਾ ਵਿਰੋਧ ਕਰਕੇ ਵਾਸਤਵਿਕ ਉਦੇਸ਼ ਨੂੰ ਦ੍ਰਿੜ ਕਰਵਾਇਆ। ਗੁਰੂ ਜੀ ਨੇ ਉਹਨਾਂ ਦੇ "ਬਾਹਰੀ ਬਾਣੇ ਦੀ ਨਿੰਦਾ ਕੀਤੀ ਅਤੇ ਅੰਜਨ ਮੇਂ ਨਿਰੰਜਨ ਭਾਵ ਮਾਇਆ ਵਿਚ ਰਹਿੰਦਿਆਂ ਉਸ ਤੋਂ ਨਿਰਲੇਪ ਹੋ ਕੇ ਰਹਿਣ ਦੀ ਸਿੱਖਿਆ ਦਿੱਤੀ ਹੈ।" ਗੁਰੂ ਜੀ ਨੇ ਕਿਰਤ ਕਰਨ ਨੂੰ ਸ੍ਰੇਸ਼ਟ ਧਰਮ ਕਿਹਾ। ਸਾਧਾਂ, ਜੋਗੀਆਂ-ਨਾਥਾਂ, ਜਿਨ੍ਹਾਂ ਨੇ ਸਮਾਜ ਤੋਂ ਪਾਸਾ ਵੱਟ ਜੰਗਲਾਂ 'ਚ ਲੁਕ ਕੇ ਜੀਵਨ ਬਤੀਤ ਕਰਨ ਨੂੰ ਉੱਤਮ ਕਿਹਾ, ਉਨ੍ਹਾਂ ਨੂੰ ਸੱਚ ਦੀ ਪਛਾਣ ਕਰਵਾਈ। ਇਸੇ ਤਰਾਂ ਬ੍ਰਾਹਮਣ ਜੋ ਕਿਸੇ ਹੋਰ ਦੀ ਕਮਾਈ 'ਚੋਂ ਹਿੱਸਾ ਲੈ ਕੇ ਪਲਦੇ ਸਨ ਆਦਿ ਨੂੰ ਕਿਰਤ ਨਾਲ ਜੁੜਨ ਦਾ ਹੋਕਾ ਦਿੱਤਾ। ਗੁਰੂ ਜੀ ਨੇ ਆਪਣੀ ਉਮਰ ਦੇ ਲਗਭਗ ਆਖ਼ਰੀ ਦੋ ਦਹਾਕੇ ਕਰਤਾਰਪੁਰ ਵਿਖੇ ਖੇਤੀ ਕਰਕੇ ਕਿਰਤ ਕਰਦਿਆਂ ਬਿਤਾਏ। ਅਸਲ ਵਿਚ ਗੁਰੂ ਜੀ ਦਾ ਜੀਵਨ ਫ਼ਲਸਫ਼ਾ ਤਿੰਨ ਸਤੰਭਾਂ ਤੇ ਨਿਰਭਰ ਕਰਦਾ ਹੈ ਕਿਰਤ ਕਰੋ, ਵੰਡ ਛਕੋ, ਨਾਮ ਜਪੋ। "ਇਹਨਾਂ ਵਿਚੋਂ ਪਹਿਲਾ ਉਪਦੇਸ਼ ਗੁਰੂ ਨਾਨਕ ਜੀ ਨੇ ਸੈਦਪੁਰ ਦੇ ਮਲਕ ਭਾਗੋ ਨੂੰ ਕੀਤਾ ਸੀ, ਉਸ ਦੇ ਅਣਕਮਾਏ ਧਨ ਨਾਲ ਰਚੇ ਬ੍ਰਹਮ ਭੋਜ ਵਿਚ ਹਿੱਸਾ ਨਾ ਲੈ ਕੇ ਤੇ ਲਾਲੋ ਬਾਢੀ ਦੀ ਹੱਥੀਂ ਕਮਾਈ ਕੋਧਰੇ ਦੀ ਰੋਟੀ ਨੂੰ ਦੁੱਧ ਆਖ ਕੇ ਸਵੀਕਾਰ ਕਰਕੇ ਕੀਤਾ।" ਉਹਨਾਂ ਨੇ ਹਰੇਕ ਵਿਅਕਤੀ ਨੂੰ ਕਿਰਤ ਕਰਕੇ ਖਾਣ ਲਈ ਪ੍ਰੇਰਿਆ, ਇਥੋਂ ਤੱਕ ਜੋਗੀਆਂ, ਸਾਧਾਂ, ਸੰਤਾਂ, ਦਰਵੇਸ਼ਾਂ ਆਦਿ ਨੂੰ ਵੀ ਮੰਗ ਕੇ ਖਾਣ ਤੋਂ ਵਰਜਿਆ :

ਆਪੇ ਬੀਜਿ ਆਪੇ ਹੀ ਖਾਹੁ॥

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥

ਉਹਨਾਂ ਦੁਆਰਾ ਦਿੱਤੇ ਕਿਰਤ ਦੇ ਸੰਕਲਪ ਦਾ ਭਾਵ ਸੱਚੀ ਕਮਾਈ ਕਰਨਾ ਹੈ। ਉਹ ਚੋਰੀ, ਠੱਗੀ, ਬੇਈਮਾਨੀ ਦੁਆਰਾ ਇਕੱਠੀ ਕੀਤੀ ਦੌਲਤ ਨੂੰ ਭੰਡਦੇ ਹਨ। ਇਸ ਤਰ੍ਹਾਂ ਕੀਤੀ ਨਾਜਾਇਜ਼ ਕਮਾਈ ਨੂੰ ਉਹ ਪਰਾਏ ਦਾ ਹੱਕ ਖਾਣਾ ਆਖ ਕੇ ਸੰਬੋਧਿਤ ਹੁੰਦੇ ਹਨ :

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ।।

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ।।

ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ।।

ਇਸ ਤਰ੍ਹਾਂ ਗੁਰੂ ਨਾਨਕ ਨੇ ਲੋਕਾਂ ਨੂੰ ਗ੍ਰਿਹਿਸਥੀ ਜੀਵਨ ਬਤੀਤ ਕਰਦਿਆਂ ਸਮਾਜ 'ਚ ਰਹਿ ਕੇ ਮਨ ਉੱਪਰ ਜਿੱਤ ਪਾਉਣ ਦੀ ਗੱਲ ਕੀਤੀ। ਇਕ ਸਮਾਜ ਸੁਧਾਰਕ ਦੇ ਤੌਰ 'ਤੇ ਗੁਰੂ ਜੀ ਨੇ ਹੱਕ-ਸੱਚ ਦੀ ਕਮਾਈ ਕਰਦਿਆਂ ਮਨ ਜਿੱਤਣ ਦੀ ਗੱਲ ਆਖੀ ਹੈ :

ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ।।

ਗੁਰੂ ਨਾਨਕ ਨੇ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਕੀਤੇ ਜਾਣ ਵਾਲੇ ਕਿੰਨੇ ਹੀ ਕਰਮ-ਕਾਂਡਾਂ ਦਾ ਵਿਰੋਧ ਕੀਤਾ, ਜਿਸ ਨਾਲ ਸਮਾਜ ਸੁਧਾਰ ਦੇ ਰਸਤੇ ਵੱਲ ਵਧਿਆ 'ਤੇ ਨੈਤਿਕ ਕਦਰਾਂ-ਕੀਮਤਾਂ ਦਾ ਉੱਥਾਨ ਹੋਇਆ। ਉਹਨਾਂ ਨੇ ਬੁੱਤ ਪੂਜਾ, ਤੀਰਥ ਇਸ਼ਨਾਨ, ਪਰਮਾਤਮਾ ਦੀ ਆਰਤੀ, ਪਿੱਤਰਾਂ ਨੂੰ ਪਾਣੀ ਦੇਣ, ਜਾਦੂ-ਟੂਣਿਆਂ ਆਦਿ ਕਿੰਨੇ ਹੀ ਕੁਕਰਮਾਂ ਦੀ ਨਿਖੇਧੀ ਕੀਤੀ। "ਉਹਨਾਂ ਦਾ ਮਨਸ਼ਾ ਇਹ ਸੀ ਕਿ ਆਮ ਆਦਮੀ ਸਚਮੁੱਚ ਦਾ ਧਾਰਮਿਕ ਜੀਵਨ ਬਤੀਤ ਕਰਨ ਅਤੇ ਆਪਣੇ-ਆਪ ਨੂੰ ਇਕ ਅਜਿਹੇ ਭਾਈਚਾਰਕ ਪ੍ਰਬੰਧ ਨਾਲ ਬੰਨਣ, ਜਿਸ ਵਿਚ ਇਕ ਦੂਸਰੇ ਦੇ ਵਿਚਾਰਾਂ ਲਈ ਰਵਾਦਾਰੀ ਹੋਵੇ ਅਤੇ ਸਾਰੇ ਰਲਕੇ ਸੰਪੂਰਨ ਮਨੁੱਖੀ ਟੱਬਰ ਦਾ ਭਲਾ ਕਰਨ ਲਈ ਉਤਸ਼ਾਹਿਤ ਹੋਵਣ।" ਉਹਨਾਂ ਨੇ ਸਮਾਜ ਨੂੰ ਵਾਤਾਵਰਨ ਪ੍ਰਤੀ ਵੀ ਸੁਚੇਤ ਕੀਤਾ। ਗੁਰੂ ਜੀ ਗੁਰਬਾਣੀ ਵਿਚ ਕੁਦਰਤ ਦੀ ਵਡਿਆਈ ਵਾਰ-ਵਾਰ ਕਰ ਰਹੇ ਹਨ। ਉਹਨਾਂ ਕਿਹਾ ਕਿ ਇਹ ਪੂਰੀ ਕਾਇਨਾਤ ਕਾਦਰ ਦੀ ਕੁਦਰਤ ਹੈ।

ਗੁਰਬਾਣੀ ਵਿਚ ਕੁਦਰਤ ਨੂੰ ਉੱਚ ਅਤੇ ਪਵਿੱਤਰ ਕਿਹਾ ਗਿਆ ਹੈ ਅਤੇ ਇਸ ਤੋਂ ਬਲਿਹਾਰੇ ਜਾਣ ਦੀ ਗੱਲ ਕੀਤੀ ਗਈ ਹੈ :

ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥

ਗੁਰੂ ਜੀ ਨੇ ਇਕ ਕਾਵਿ-ਰੂਪ ਬਾਰਹਮਾਂਹ ਸਿਰਜਿਆ ਹੈ, ਜੋ ਰਾਗ ਤੁਖਾਰੀ ਦੀਆਂ ਪ੍ਰਭਾਤੀ ਸੁਰਾਂ ਵਿਚ ਸੁਰ-ਬੱਧ ਹੈ। ਇਸ ਵਿਚ ਬਾਰਾਂ ਮਹੀਨਿਆਂ ਚੇਤ, ਵਿਸਾਖ, ਜੇਠ, ਹਾੜ, ਸਾਉਣ, ਭਾਦੋਂ, ਅੱਸੂ, ਕੱਤਕ, ਮੱਘਰ, ਪੋਹ, ਮਾਘ, ਫੱਗਣ ਦੀ ਬਦਲਦੀ ਮਨੋਬਿਰਤੀ ਨੂੰ ਦਿਖਾਇਆ ਹੈ। ਉਹ ਆਪਣੀ ਰਚਨਾ ਵਿਚ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਆਖ ਕੇ ਸੰਬੋਧਿਤ ਹੁੰਦੇ ਹਨ :

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥

ਉਹ ਆਪਣੀਆਂ ਯਾਤਰਾਵਾਂ ਦੌਰਾਨ ਲੋਕਾਂ ਨਾਲ ਵਿਚਰੇ 'ਤੇ ਉਹਨਾਂ ਨਾਲ ਸੰਵਾਦ ਰਚਾਉਂਦੇ ਰਹੇ, ਜਿਸ ਨਾਲ ਸਮਾਜ ਵਿਚ ਇਕ ਨਵੀਂ ਜਾਗ੍ਰਤੀ ਪੈਦਾ ਹੋਈ।

ਗੁਰੂ ਨਾਨਕ ਦੀ ਬਾਣੀ ਦਾ ਜਦੋਂ ਵਿਸ਼ਲੇਸ਼ਣ ਕਰਦੇ ਹਾਂ ਤਾਂ ਇਹ ਸਪੱਸ਼ਟ ਰੂਪ ਵਿਚ ਸਮਾਜ ਦੇ ਸੁਧਾਰ ਹਿੱਤ ਕੀਤਾ ਗਿਆ ਪ੍ਰਚਾਰ ਨਜ਼ਰ ਆਉਂਦਾ ਹੈ। ਉਹਨਾਂ ਨੇ ਮਨੁੱਖ ਨੂੰ ਮਨੁੱਖ ਬਣ ਕੇ ਸਮਾਜ 'ਚ ਜਿਉਣਾ ਸਿਖਾਇਆ। ਉਹਨਾਂ ਨੇ ਗਲੀਆਂ-ਸੜੀਆਂ ਪਰੰਪਰਾਵਾਂ ਦੀ ਥਾਂ ਸਮਾਜ ਦੇ ਸੁਧਾਰ ਹਿੱਤ ਸਹਿਜ ਧਰਮ ਨੂੰ ਜਨਮ ਦਿੱਤਾ, ਜਿਹੜਾ ਕਲਿਆਣਕਾਰੀ ਅਤੇ ਮਨੁੱਖਤਾ ਦੀ ਉਸਾਰੀ ਕਰਨ ਵਾਲਾ ਸੀ। ਉਹਨਾਂ ਨੇ ਸਿਰਫ਼ ਆਦਰਸ਼ ਸਿਰਜੇ ਹੀ ਨਹੀਂ, ਬਲਕਿ ਆਦਰਸ਼ਾਂ ਨੂੰ ਅਮਲੀ ਜਾਮਾ ਵੀ ਪਹਿਨਾਇਆ ਪਰ ਗੁਰੂ ਨਾਨਕ ਨੂੰ ਜਿਸ ਤਰ੍ਹਾਂ ਨਾਲ ਅਗੰਮੀ, ਪਾਰਬ੍ਰਹਮੀ ਸ਼ਖ਼ਸੀਅਤ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਅਸਲ ਵਿਚ ਉਹ ਉਸ ਬ੍ਰਾਹਮਣੀ ਸੋਚ ਦੇ ਵਾਂਗ ਹੀ ਹੈ, ਜਿਸ ਦੇ ਵਿਰੁੱਧ ਉਹ ਸਾਰੀ ਉਮਰ ਲੜਦੇ ਰਹੇ। ਗੁਰੂ ਨਾਨਕ ਅੱਜ ਉਸ ਧਾਰਮਿਕ ਅਤੇ ਸੁੰਗੜੀ ਹੋਈ ਸੋਚ ਦੇ ਮੁਥਾਜ ਹੋ ਕੇ ਰਹਿ ਗਏ ਹਨ, ਜਿਸ ਨੂੰ ਉਹ ਖ਼ੁਦ ਰਹਿੰਦੀ ਉਮਰ ਤੱਕ ਲਲਕਾਰਦੇ, ਵੰਗਾਰਦੇ ਰਹੇ। ਅਸਲ ਵਿਚ ਗੁਰੂ ਨਾਨਕ ਇਸ ਸਮਾਜ ਵਿਚ ਇਕ ਸਧਾਰਨ ਮਨੁੱਖ ਵਾਂਗ ਵਿਚਰੇ ਅਤੇ ਉਹਨਾਂ ਨੇ ਸਮਾਜ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ। ਉਹਨਾਂ ਦੁਆਰਾ ਰਚੀ ਸਮੁੱਚੀ ਬਾਣੀ

ਵਿਚੋਂ ਉਹਨਾਂ ਦੀ ਦਿੱਬ ਦ੍ਰਿਸ਼ਟੀ ਦਾ ਪ੍ਰਗਟਾਵਾ ਪ੍ਰਤੱਖ ਨਜ਼ਰ ਪੈਂਦਾ ਹੈ। ਗੁਰੂ ਜੀ ਮਹਿਜ਼ ਧਾਰਮਿਕ ਸ਼ਖ਼ਸੀਅਤ ਹੀ ਨਹੀਂ ਸਨ, ਸਗੋਂ ਉਹਨਾਂ ਨੇ ਧਰਮ ਦੇ ਨਾਲ-ਨਾਲ ਰਾਜਨੀਤਿਕ, ਸਮਾਜਿਕ, ਆਰਥਿਕ, ਸਭਿਆਚਾਰਕ ਆਦਿ ਖੇਤਰਾਂ ਵੱਲ ਵੀ ਵੱਡੀਆਂ ਪੁਲਾਂਘਾਂ ਪੁੱਟੀਆਂ, ਜਿਨ੍ਹਾਂ ਨੇ ਇਸ ਖਿੱਤੇ ਵਿਚ ਵੱਡੀ ਕ੍ਰਾਂਤੀ ਲਿਆਂਦੀ। ਉਹਨਾਂ ਦੀ ਪਾਵਨ ਬਾਣੀ ਨੇ ਸਮਾਜ ਸੁਧਾਰ ਹਿੱਤ ਵੱਡਾ ਕਾਰਜ ਕੀਤਾ। ਗੁਰੂ ਜੀ ਦੁਆਰਾ ਦਿਖਾਇਆ ਰਸਤਾ ਰਹਿੰਦੀ ਦੁਨੀਆਂ ਤੱਕ ਲੋਕਾਂ ਦੀ ਰਹਿਨੁਮਾਈ ਕਰਦਾ ਰਹੇਗਾ।

## ਹਵਾਲੇ ਅਤੇ ਟਿੱਪਣੀਆਂ


1. ਆਸ਼ਾ ਨੰਦ ਵੋਹਰਾ, ਯਥਾਰਥਵਾਦੀ ਕਵੀ ਗੁਰੂ ਨਾਨਕ, ਗੁਰੂ ਨਾਨਕ ਅਭਿਨੰਦਨ ਗ੍ਰੰਥ, ਨੀਲਾਂਬਰ ਦੇਵ ਸ਼ਰਮਾ (ਸੰਪਾ.), ਪੰਨਾ: 88.
2. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ ੧, ਪੰਨਾ: 145.
3. ਉਹੀ, ਪੰਨਾ: 62.
4. ਰਾਜ ਕੌਰ ਰੈਣਾ, ਗੁਰੂ ਨਾਨਕ-ਕਾਵਿ ਵਿਚ ਆਚਾਰ-ਨੀਤੀ (ਨੈਤਕਤਾ) ਦਾ ਸੰਕਲਪ, ਪੰਨਾ: 62.
5. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ ੧, ਪੰਨਾ: 15.
6. ਰਤਨ ਸਿੰਘ ਜੱਗੀ, ਗੁਰੂ ਨਾਨਕ : ਜੀਵਨੀ ਅਤੇ ਵਿਅਕਤਿਤਵ, ਪੰਨਾ: 226.
7. ਗੁਰਬਚਨ ਸਿੰਘ ਤਾਲਿਬ, ਗੁਰੂ ਨਾਨਕ ਦੇਵ ਦਾ ਸ੍ਵਰੂਪ ਅਤੇ ਸਿੱਖਿਆ, ਗੁਰੂ ਨਾਨਕ ਅਭਿਨੰਦਨ ਗ੍ਰੰਥ, ਨੀਲਾਂਬਰ ਦੇਵ ਸ਼ਰਮਾ (ਸੰਪਾ.), ਪੰਨਾ: 88.
8. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ ੧, ਪੰਨਾ: 722.
9. ਉਹੀ, ਪੰਨਾ: 1288.
10. ਡਾ. ਕਾਲਾ ਸਿੰਘ ਬੇਦੀ, ਵਾਰਕਾਰ ਗੁਰੂ ਨਾਨਕ,(ਵਾਰਾਂ ਗੁਰੂ ਨਾਨਕ ਦਾ ਵਿਸ਼ਲੇਸ਼ਣ ਤੇ ਵਿਵੇਚਨ), ਪੰਨਾ: 73.
11. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ ੧, ਪੰਨਾ: 473.
12. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ ੧ ਪੰਨਾ: 730.
13. ਡਾ. ਜਗਬੀਰ ਸਿੰਘ, ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਪੰਨਾ: 147.
14. ਡਾ. ਗੁਰਦੇਵ ਸਿੰਘ, ਗੁਰੂ ਨਾਨਕ ਔਰ ਯੋਗ ਦਰਸ਼ਨ, ਗੁਰੂ ਪਰਮੇਸ਼ਰ ਨਾਨਕ, ਪੰਨਾ: 150.
15. ਸਰਦਾਰ ਕਪੂਰ ਸਿੰਘ, ਗੁਰੂ ਨਾਨਕ, ਪੰਨਾ: 109.
16. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ ੧ ਪੰਨਾ: 4
17. ਉਹੀ, ਪੰਨਾ: 474.
18. ਉਹੀ, ਪੰਨਾ: 417.
19. ਉਹੀ, ਪੰਨਾ: 141
20. ਸ੍ਰੀ ਗੁਰੁਗ੍ਰੰਥ ਸਾਹਿਬ, ਮਹਲਾ ੧, ਪੰਨਾ: 6.
21. ਭਾਈ ਜੋਧ ਸਿੰਘ, ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਤੇ ਹੋਰ ਲੇਖ, ਪੰਨਾ: 15.
22. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ ੧, ਪੰਨਾ: 3.
23. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ ੧, ਪੰਨਾ: 8.

# ਗੁਰੂ ਨਾਨਕ ਬਾਣੀ ਦਾ ਸੰਗੀਤ ਪ੍ਰਬੰਧ : ਇਕ ਇਤਿਹਾਸਿਕ ਪਰਿਪੇਖ

**ਡਾ. ਜਸਬੀਰ ਕੌਰ**

ਪ੍ਰਿੰਸੀਪਲ, ਗੁਰਮਤਿ ਕਾਲਜ, ਪਟਿਆਲਾ

---

ਸਿੱਖ ਧਰਮ ਨੂੰ ਕੀਰਤਨ ਦੀ ਦਾਤ ਬਖਸ਼ਣ, ਇਸ ਦੀ ਅਜਿਹੀ ਮਰਿਯਾਦਾ ਬੰਨ੍ਹਣ ਤੇ ਪ੍ਰਥਾ ਚਲਾਉਣ ਵਾਲੇ ਗੁਰੂ ਨਾਨਕ ਸਾਹਿਬ ਰਾਗ ਦੇ ਰਸੀਏ ਹੀ ਨਹੀਂ ਸਨ ਸਗੋਂ ਇਕ ਮਹਾਨ ਸੰਗੀਤਕਾਰ ਸਨ ਜਿਨ੍ਹਾਂ ਨੇ 'ਧੁਰ ਕੀ ਬਾਣੀ' ਨੂੰ ਰਾਗ ਬੱਧ ਰਚਕੇ ਗੁਰਮਤਿ ਸੰਗੀਤ ਦੀ ਨੀਂਹ ਰਖੀ। ਆਪ ਨੂੰ ਆਪਣੀਆਂ ਸਮਕਾਲੀਨ ਮਾਰਗੀ, ਦੇਸੀ ਤੇ ਭਗਤੀ ਸੰਗੀਤ ਪਰੰਪਰਾਵਾਂ ਦਾ ਗਹਿਰਾ ਅਧਿਐਨ ਤੇ ਪੂਰਨ ਗਿਆਨ ਸੀ, ਅਜਿਹਾ ਉਨ੍ਹਾਂ ਦੀ ਬਾਣੀ ਵਿੱਚ ਸੰਗੀਤ ਦੇ ਪ੍ਰਯੋਗ ਤੋਂ ਭਲੀਭਾਂਤ ਦ੍ਰਿਸ਼ਟੀਗੋਚਰ ਹੁੰਦਾ ਹੈ। ਅਜਿਹੀ ਵਿਲੱਖਣ ਸਖਸ਼ੀਅਤ ਦੇ ਮਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨਕਾਲ 1469 ਤੋਂ 1539 ਤੱਕ ਦਾ ਮਹੱਤਵਪੂਰਨ ਸਮਾਂ ਹੈ। ਗੁਰੂ ਸਾਹਿਬ ਬਚਪਨ ਤੋਂ ਹੀ ਬੜੇ ਗੰਭੀਰ ਚਿਤ ਤੇ ਚਿੰਤਨ ਮਨ ਦੀ ਰੁੱਚੀ ਵਾਲੇ ਸਨ। ਬਚਪਨ ਤੋਂ ਹੀ ਸੰਤਾਂ ਸਾਧੂਆਂ ਨਾਲ ਅਧਿਆਤਮਕ ਵਿਚਾਰ ਗੋਸ਼ਟੀ ਅਤੇ ਭਜਨ-ਕੀਰਤਨ ਦੀਆਂ ਰੁਚੀਆਂ ਆਪ ਦੇ ਸੁਭਾਅ ਦਾ ਅੰਗ ਸਨ। ਭਾਈ ਮਰਦਾਨਾ ਆਪ ਦਾ ਬਚਪਨ ਦਾ ਸਾਥੀ ਸੀ ਮਰਦਾਨੇ ਨਾਲ ਮਿੱਤਰਤਾ ਆਪ ਦੀ ਸੰਗੀਤਕ ਰੁਚੀ ਦਾ ਸਪਸ਼ਟ ਪ੍ਰਮਾਣ ਹੈ। ਬਾਣੀ ਸਿਰਜਣ ਪ੍ਰਕ੍ਰਿਆ ਸਮੇਂ ਗਾਇਨ ਦਾ ਪ੍ਰਯੋਗ ਉਚ ਕੋਟੀ ਦੇ ਸੰਗੀਤਕਾਰ ਸਾਥੀ ਦੀ ਚੋਣ ਅਤੇ ਰਬਾਬ ਵਰਗੇ ਗੰਭੀਰ ਸਾਜ ਦੀ ਰਚਨਾ ਆਦਿ ਕੋਈ ਇਤਫ਼ਾਕ ਨਹੀਂ ਸਗੋਂ ਬਾਣੀ ਅਤੇ ਸੰਗੀਤ ਦਾ ਸੁਮੇਲ ਲਈ ਇਕ ਸੁਚੇਤ ਜਤਨ ਸੀ। ਜਿਸ ਨੂੰ ਆਪ ਨੇ ਵਰ੍ਹਿਆਂ ਦੀ ਕਿਰਿਆਤਮਿਕਤਾ ਦੁਆਰਾ ਸਾਕਾਰ ਰੂਪ ਦਿਤਾ। ਇਨ੍ਹਾਂ ਜਤਨਾਂ ਨੇ ਹੀ ਗੁਰਮਤਿ ਸੰਗੀਤ ਨੂੰ ਸੰਸਥਾਗਤ ਸਰੂਪ ਪ੍ਰਦਾਨ ਕੀਤਾ।

ਗੁਰੂ ਸਾਹਿਬ ਨੇ ਜਦੋਂ ਗੁਰਮਤਿ ਸੰਗੀਤ ਦਾ ਦੇਸ ਪ੍ਰਦੇਸ ਵਿੱਚ ਪ੍ਰਚਾਰ ਕਰਨ ਦਾ ਪ੍ਰੋਗਰਾਮ ਉਲੀਕਿਆ ਤਾਂ ਉਸ ਵੇਲੇ ਕੀਰਤਨ ਦੀ ਜੁਗਤ ਅਪਣਾਈ ਅਤੇ ਭਾਈ ਮਰਦਾਨਾ ਜੋ ਰਾਗੀ, ਰਬਾਬੀ

ਤੇ ਪ੍ਰਥਮ ਸਿੱਖ ਸੀ, ਸੰਗੀਤ ਦਾ ਗਿਆਤਾ ਸੀ ਅਤੇ ਚੰਗਾ ਰਬਾਬ ਵਜਾਉਂਦਾ ਸੀ। ਗੁਰੂ ਸਾਹਿਬ ਦੇ ਨਾਲ ਕੀਰਤਨ ਦੇ ਪ੍ਰਚਾਰ ਲਈ ਸਾਥੀ ਬਣਿਆ।

ਤਲਵੰਡੀ ਤੇ ਪੁਨ ਮਰਦਾਨਾ ਆਇਓ ਗੁਰ ਢਿਗ ਰਹਿਓ ਮਹਾਨਾ
ਤਹਿ ਰਬਾਬ ਗੁਰਹਿ ਦਿਲ ਵਾਇਉ। ਤਾਰ ਸਬਦ ਕਰਤਾਰ ਅਲਾਇਉ।
ਦੇ ਸਬਦੇ ਸਨ ਕਾ ਗੁਰ ਸੈਲ। ਕਰਨ ਹੇਤ ਸੁਕੀਨੇ ਗੈਲ।[1]

ਇਸ ਤਰ੍ਹਾ ਗੁਰੂ ਸਾਹਿਬ ਨੇ ਗੁਰਮਤਿ ਕੀਰਤਨ ਦਾ ਪ੍ਰਚਾਰ ਕਰਨ ਲਈ ਭਾਈ ਮਰਦਾਨੇ ਨੂੰ ਰਾਗ ਵਿਦਿਆ ਸਿਖਾ ਕੇ ਅਤੇ ਰੱਬੀ ਪਿਆਰ ਦੀ ਚੇਟਕ ਲਾ ਕੇ ਸੰਗੀ ਕੀਰਤਨੀਆ ਬਣਾਇਆ ਜਦ ਵੀ ਆਪ ਨੂੰ 'ਧੁਰ ਕੀ ਬਾਣੀ' ਉਤਰਦੀ ਤਾਂ ਕਹਿੰਦੇ ਮਰਦਾਨਿਆ ਰਬਾਬ ਵਜਾ ਬਾਣੀ ਆਈ, ਕੀਰਤਨ ਕਰੀਏ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭਾਈ ਮਰਦਾਨੇ ਨੂੰ ਇਕ ਸਾਥੀ ਵਜੋਂ ਚੁਣਨਾ ਅਤੇ ਪਹਿਲੀ ਉਦਾਸੀ ਸਮੇਂ ਮਰਦਾਨੇ ਲਈ ਇਕ ਵਿਸ਼ੇਸ਼ ਕਿਸਮ ਦਾ ਰਬਾਬ ਤਿਆਰ ਕਰਵਾਉਣਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਗੁਰੂ ਸਾਹਿਬ ਨੇ ਸਬਦ ਅਤੇ ਸੰਗੀਤ ਦੁਆਰਾ ਸੰਸਾਰ ਨੂੰ ਸੋਧਣ' ਪ੍ਰਕਿਰਿਆ ਆਰੰਭ ਕੀਤੀ।

ਗੁਰੂ ਸਾਹਿਬ ਜੀ ਦੀ ਸਿਰਜਣ ਕਿਰਿਆ ਅਤੇ ਸੰਗੀਤ ਦੇ ਆਪਸੀ ਡੂੰਘੇ ਸਬੰਧ ਜਨਮਸਾਖੀਆ ਵਿੱਚ ਵੀ ਦ੍ਰਿਸ਼ਟਮਾਨ ਹੁੰਦੇ ਹਨ :-

ਬਾਬੇ ਕਹਿਆ ਮਰਦਾਨਿਆ ਰਬਾਬ ਵਜਾਇ
ਮਰਦਾਨੇ ਰਬਾਬ ਵਾਇਆ॥ ਰਾਗ ਆਸਾ ਕੀਤਾ॥
ਬਾਬੇ ਸਬਦ ਬੋਲਿਆ॥ ਰਾਗ ਆਸਾ
ਜਿਨ ਸਿਰਿ ਸੋਹਨਿ ਪਟੀਆਂ ਮਾਗੀ ਪਾਇ ਸੰਧੂਰ
ਜੋਤਿਸ ਭਾਵੇ ਸੋ ਥੀਐ ਨਾਨਕ ਕਿਆ ਮਾਨੁਖ॥[2]
ਤਬਿ ਬਾਬੇ ਆਖਿਆ ਮਰਦਾਨਿਆ
ਸਬਦ ਚਿਤ ਕਰਿ। ਤਉ ਬਾਝ ਬਾਣੀ ਸਿਰ ਨਹੀਂ ਆਵਦੀ

ਤਬਿ ਗੁਰੂ ਬਾਬੇ ਆਖਿਆ 'ਮਰਦਾਨਿਆ ਰਬਾਬ ਵਜਾਇ॥[3]

ਚਾਰ ਉਦਾਸੀਆਂ ਤੋਂ ਉਪਰੰਤ ਗੁਰੂ ਸਾਹਿਬ ਕਰਤਾਰਪੁਰ ਆ ਗਏ ਅਤੇ ਕਰਤਾਰਪੁਰ ਨੂੰ ਗੁਰੂ ਸਾਹਿਬ ਨੇ ਗੁਰਮਤਿ ਸੰਗੀਤ ਦੇ ਪ੍ਰਥਮ ਕੇਂਦਰ ਵਜੋਂ ਸਥਾਪਿਤ ਕੀਤਾ। ਜਿਸ ਵਿਚ ਸਿੱਖ ਧਰਮ ਨਾਲ ਸਬੰਧਿਤ ਦੂਸਰੀਆਂ ਰੀਤਾਂ ਤੋਂ ਬਿਨਾਂ ਕੀਰਤਨ ਆਰੰਭ ਹੋਇਆ ਅਤੇ ਉਸ ਵੇਲੇ ਕੀਰਤਨ ਨੂੰ ਬੜੀ ਅਹਿਮ ਥਾਂ ਦਿਤੀ :-

ਫਿਰ ਬਾਬਾ ਆਇਆ ਕਰਤਾਰਪੁਰ, ਭੇਖ ਉਦਾਸੀ ਸਗਲ ਉਤਾਰਾ॥[4]

ਉਸ ਸਮੇਂ ਹੀ ਆਸਾ ਰਾਗ ਵਿਚ ਅਮ੍ਰਿਤ ਵੇਲੇ 'ਆਸਾ ਦੀ ਵਾਰ' ਗਾਇਨ ਕਰਨ ਦੀ ਰੀਤ ਭਾਈ ਲਹਿਣਾ ਜੀ ਨੇ ਗੁਰੂ ਨਾਨਕ ਸਾਹਿਬ ਦੀ ਆਗਿਆ ਅਨੁਸਾਰ ਕਰਤਾਰਪੁਰ ਵਿਖੇ ਸਥਾਪਤ ਕੀਤੀ। ਆਸਾ ਦੀ ਵਾਰ ਦਾ ਭੋਗ ਸੂਰਜ ਨਿਕਲਣ ਸਮੇਂ ਪਾਇਆ ਜਾਣਾ ਪੁਰਾਤਨ ਧਾਰਨਾ ਹੈ।[5]

ਗਿਆਨ ਰਤਨਾਵਲੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਨਿਵਾਸ ਸਮੇਂ ਕੀਰਤਨ ਕਰਨ ਦੇ ਨਿਯਮਬੱਧ ਦੀਵਾਨ ਲਗਾਈ ਜਾਂਦੇ ਸਨ:

"ਕਰਤਾਰਪੁਰ ਵਿਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜ੍ਹਿਆ ਤੀਕਰ ਬਾਣੀ ਦੀ ਚਰਚਾ ਹੋਵੇ ਉਪਰੰਤ ਕੀਰਤਨ ਹੋਵੇ ਫੇਰ ਆਰਤੀ ਪੜ੍ਹੀਏ, ਤੀਸਰੇ ਪਹਿਰ ਕੀਰਤਨ ਗਾਵੀਏ ਤੇ ਪਹਿਰ ਰਾਤ ਗਈ ਸੋਹਿਲਾ ਪੜ੍ਹੀਏ, ਫੇਰ ਪਿਛਲੀ ਰਾਤ ਜਪੁ ਪੜ੍ਹੀਏ ਅਰ ਆਸਾ ਕੀ ਵਾਰ ਪੜ੍ਹੀਏ।"[6]

ਗੁਰਮਤ ਸੁਧਾਕਰ ਦੇ ਕਰਤਾ ਅਨੁਸਾਰ ਇਹ ਕੀਰਤਨ ਚੋਕੀ ਮਰਯਾਦਾ ਗੁਰੂ ਸਾਹਿਬ ਵੇਲੇ ਇਸ ਤਰ੍ਹਾ ਸੀ :-

1. ਆਸਾ ਦੀ ਵਾਰ ਦੀ ਚੋਕੀ – ਅੰਮ੍ਰਿਤ ਵੇਲੇ
2. ਚਰਨ ਕਮਲ ਦੀ ਚੋਕੀ - ਸਵਾ ਪਹਿਰ ਦਿਨ ਚੜੇ
3. ਸੋਦਰ ਦੀ ਚੋਕੀ - ਆਥਣ ਵੇਲੇ
4. ਕਲਿਆਣ ਦੀ ਚੋਕੀ - ਚਾਰ ਘੜੀ ਰਾਤ ਬੀਤਣ ਤੇ।[7]

ਇਸ ਸਾਝੇ ਅਤੇ ਸੰਗਤੀ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਵਾਲੇ ਗੁਰ ਸਿਖਾਂ ਦਾ ਨਿਤਨੇਮ ਦਾ ਸਮਾ ਬਨ ਦਿਆ ਕੀਰਤਨ ਨੂੰ ਉਸ ਦਾ ਇਕ ਮੁਖ ਅੰਗ ਬਣਾਇਆ ਜਿਸ ਬਾਰੇ ਭਾਈ ਗੁਰਦਾਸ ਜੀ ਆਪਣੀ ਬਾਣੀ ਵਿਚ ਲਿਖਦੇ ਹਨ:-

ਅੰਮ੍ਰਿਤ ਵੇਲੇ ਉਠ ਕੇ ਜਾਇ ਅੰਤਰ ਦਰ ਆਇ ਨਵੰਦੇ

ਮਥੈ ਟਿਕੇ ਨਾਲ ਲਾਇ, ਸਾਧ ਸੰਗਤਿ ਚਲਿ ਜਾਏ ਬਹੰਦੇ

ਸਬਦੁ ਸੁਰਤਿ ਲਿਵ ਲੀਣ ਹੋਇ, ਸਤਿਗੁਰ ਬਾਣੀ ਗਾਣ ਸੁਣੰਦੇ

ਸੰਝੇ ਸੋਦਰ, ਗਾਵਣਾ, ਮਨ ਮੇਲੀ ਕਰਿ ਮੇਲਿ ਮਿਲੰਦੇ॥[7]

ਆਪ ਨੇ ਨਾਮ ਜਪਣ, ਵੰਡ ਛਕਣ ਤੇ ਧਰਮ ਦੀ ਕਿਰਤ ਕਰਨ ਦਾ ਉਪਦੇਸ਼ ਦਿੱਤਾ ਉਹਨਾਂ ਨੇ ਆਪਣੀ ਸਾਰੀ ਬਾਣੀ ਰਾਗਾਂ ਵਿਚ ਉਚਾਰ ਕੇ ਗਾ ਕੇ ਸੰਗੀਤ ਮਈ ਬਾਣੀ ਰਾਹੀ ਸੰਸਾਰ ਨੂੰ ਸੱਚ ਦਾ ਮਾਰਗ ਦਿਖਾਇਆ।[9]

ਗੁਰੂ ਸਾਹਿਬ ਨੂੰ ਸੰਗੀਤ ਦਾ ਗਿਆਨ ਦੈਵੀ ਸੰਪਰਦਾ ਦੇ ਰੂਪ ਵਿੱਚ ਪ੍ਰਾਪਤ ਹੋਇਆ ਜਿਉਂ ਹੀ 'ਧੁਰ ਕੀ ਬਾਣੀ' ਇਲਾਹੀ ਬਾਣੀ ਆਉਂਦੀ ਤਾਂ ਗੁਰੂ ਸਾਹਿਬ ਉਸ ਦਾ ਕੀਰਤਨ ਰਾਹੀਂ ਅਨੰਦ ਅਲਾਪ ਕਰਦੇ। ਗੁਰੂ ਨਾਨਕ ਦੇਵ ਜੀ ਨੇ ਦੇਸੀ ਅਤੇ ਮਾਰਗੀ ਸੰਗੀਤ ਦਾ ਸੁਮੇਲ ਕਰਕੇ ਇਕ ਨਵੀਂ ਪੱਧਤੀ ਹੋਂਦ ਵਿਚ ਲਿਆਂਦੀ। ਰਾਗਾਂ ਵਿਚ ਬਾਣੀ ਦਾ ਗਾਇਨ ਕਰਨ ਦੀ ਪ੍ਰਥਾ ਚਲਾਈ ਇਸ ਪ੍ਰਥਾ ਵਿਚ ਰਾਗਾਂ ਦੇ ਸਮੇਂ ਸਿਧਾਂਤ ਦੀ ਵਰਤੋਂ ਗੁਰੂ ਸਾਹਿਬ ਵੱਲੋਂ ਬੜੇ ਸੁਚੱਜੇ ਢੰਗ ਨਾਲ ਕੀਤੀ ਗਈ। ਗੁਰੂ ਸਾਹਿਬ ਨੇ ਜਿਸ ਨਵੀਨ ਗੁਰਮਤਿ ਸੰਗੀਤ ਪਰੰਪਰਾ ਨੂੰ ਹੋਂਦ ਵਿੱਚ ਲਿਆਦਾ, ਇਸ ਪਰੰਪਰਾ ਦਾ ਸਰੂਪ ਮੋਲਿਕ ਪ੍ਰਬੰਧ ਪ੍ਰਚਲਿਤ ਗਾਇਨ ਸ਼ੈਲੀਆਂ, ਰਾਗਾਂ ਅਤੇ ਕੁਝ ਨਵੀਨ ਮੋਲਿਕ ਰਾਗਾਂ ਉਪਰ ਆਧਾਰਿਤ ਸੀ। ਭਾਰਤੀ ਸੰਗੀਤ ਦੀਆਂ ਵਿਸ਼ੇਸ਼ਤਾਵਾਂ ਅਤੇ ਮੌਲਿਕ ਸੰਗੀਤ ਦੀ ਧਾਰਣਾ ਗੁਰੂ ਸਾਹਿਬ ਵਲੋਂ ਚਲਾਈ ਗਈ ਇਹ ਗੁਰਮਤਿ ਸੰਗੀਤ ਪਰੰਪਰਾ ਸਿਖ ਗੁਰੂਆਂ ਦੁਆਰਾ 'ਗੁਰਮਤਿ ਸੰਗੀਤ ਦੇ ਰੂਪ ਵਿਚ ਵਿਕਸਤ ਹੋਈ। ਉਹਨਾਂ ਨੇ ਹਰ ਸਿੱਖ ਨੂੰ ਘਰ ਘਰ ਵਿਚ ਕੀਰਤਨ ਕਰਨ ਦੀ ਪਰੇਰਨਾ ਦਿਤੀ। ਗੁਰੂ ਸਾਹਿਬ ਨੇ ਇਸ ਸ਼ਬਦ ਕੀਰਤਨ ਪਰੰਪਰਾ ਨੂੰ ਵਿਸ਼ੇਸ਼ ਵਿਧਾਨ ਪ੍ਰਦਾਨ ਕੀਤਾ ਅਤੇ

ਆਪਣੀ ਬਾਣੀ ਰਾਗਾਂ ਵਿੱਚ ਰਚੀ। ਗੁਰੂ ਸਾਹਿਬ ਦੇ 20 ਰਾਗਾਂ ਵਿਚ 976 ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਜਿਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ :-

ਮੁਖ ਰਾਗ:-

ਸਿਰੀ, ਮਾਝ, ਗਉੜੀ, ਆਸਾ, ਗੁਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਕੇਦਾਰਾ, ਭੈਰਓ, ਬਸੰਤ, ਸਾਰੰਗ, ਮਲ੍ਹਾਰ, ਪ੍ਰਭਾਤੀ।

ਉਪਰਾਗ :-

ਗਉੜੀ ਗੁਆਰੇਰੀ, ਗਉੜੀ ਦੱਖਣੀ, ਗਉੜੀ ਚੇਤੀ, ਗਉੜੀ ਬੈਰਾਗਣ, ਗਉੜੀ ਪੂਰਬੀ, ਗਉੜੀਪੂਰਬੀਦੀਪਕੀ, ਆਸਾਕਾਫੀ, ਬਸੰਤਹਿੰਢੋਲ, ਵਡਹੰਸਦੱਖਣੀ, ਬਿਲਾਵਲਦੱਖਣੀ, ਸੂਹੀਕਾਫੀ, ਮਾਰੂਕਾਫੀ, ਰਾਮਕਲੀਦੱਖਣੀ, ਮਾਰੂਦੱਖਣੀ, ਪ੍ਰਭਾਤੀਬਿਭਾਸ, ਪ੍ਰਭਾਤੀਦੱਖਣੀ।

ਗੁਰੂ ਸਾਹਿਬ ਨੇ ਬਹੁਤ ਸਾਰੇ ਮੌਸਮਾਂ, ਸਭਿਆਚਾਰ, ਸਮਿਆਂ ਤੇ ਦੇਸਾਂ ਨੂੰ ਅਨੁਕੂਲ ਬੈਠ ਸਕਣ ਵਾਲੇ ਸਰੋਦੀ ਸ਼ਬਦ ਲਿਖੇ। ਇਨ੍ਹਾਂ ਰਾਗਾਂ ਵਿੱਚ ਵੱਖ-2 ਰੁੱਤਾਂ ਦੇ ਰਾਗ ਜਿਵੇਂ ਬਸੰਤ, ਮਲਾਰ (ਬਰਸਾਤ ਰੁਤ), ਤੁਖਾਰੀ (ਸਰਦੀ ਰੁੱਤ) ਵੱਖ-ਵੱਖ ਇਲਾਕਿਆਂ ਦੇ ਮਾਝ (ਮਾਝੇ ਦੇ ਕੇਂਦਰੀ ਇਲਾਕੇ ਦਾ), ਗਉੜੀ (ਗੋੜ ਦੇਸ) ਅਤੇ ਸੋਰਠਿ (ਸੁਰਾਸ਼ਟ) ਅਤੇ ਭਿੰਨ-ਭਿੰਨ ਪ੍ਰਭਾਵਾਂ ਵਾਲੇ ਜਿਵੇਂ ਮਾਰੂ (ਜ਼ੋਸ਼), ਵਡਹੰਸ, ਸੂਹੀ (ਵਿਆਹ ਸਮੇਂ), ਬਿਲਾਵਲ (ਖੁਸ਼ੀ) ਭੀ ਮਿਲਦੇ ਹਨ। ਕਈ ਰਾਗਾਂ ਨੂੰ ਗੁਰੂ ਸਾਹਿਬ ਨੇ ਮਿਲ ਕੇ ਗਾਇਆ ਅਤੇ ਲਿਖਿਆ ਜਿਵੇਂ ਬਸੰਤ ਤੇ ਹਿੰਢੋਲ ਨੂੰ ਤੇ ਇਸੇ ਤਰ੍ਹਾਂ ਉਨ੍ਹਾਂ ਨੇ ਉਤਪੰਨ ਕੀਤਾ ਹੈ ਕਿ ਹਿੰਢੋਲ ਦਾ ਬਹੁਤ ਸਾਰਾ ਉਲਾਰ-ਪਨ ਘਟਾ ਲਿਆ। ਗੁਰੂ ਸਾਹਿਬ ਨੇ ਹਿੰਦੂ ਜਾਤੀ ਦੇ ਰਾਗ ਵੀ ਵਰਤੇ ਤੇ ਮੁਸਲਮਾਨਾ ਦੇ ਵੀ ਜਿਵੇਂ ਰਾਮਕਲੀ ਯੋਗੀਆਂ ਦਾ ਪ੍ਰਿਅ ਰਾਗ ਹੈ। ਮਾਝ ਖਾਲਸ ਪੰਜਾਬੀ ਰਾਗ ਹੈ। ਗੁਜਰੀ ਗੁਜਰ ਲੋਕਾਂ ਦਾ ਹੈ, ਬਸੰਤ ਮਲਾਰ, ਸਾਂਰਗ ਤੇ ਸੂਹੀ ਮੋਸਮੀ ਰਾਗ ਹਨ ਤੇ ਇਹ ਰਾਗ ਆਮ ਕਰਕੇ ਕੌਮੀ ਇਕੱਠਾਂ ਵਿੱਚ ਜਿਥੇ ਹਿੰਦੂ, ਮੁਸਲਮਾਨ, ਖੁਸ਼ੀ ਮਨਾਉਣ ਲਈ ਰਲਦੇ ਹਨ ਗਾਇਆ ਜਾਂਦਾ ਹੈ।[10]

ਗੁਰੂ ਸਾਹਿਬ ਨੇ ਕਈ ਥਾਈਂ ਮਿਸ਼ਰਿਤ ਰਾਗਾਂ ਨੂੰ ਵੀ ਵਰਤਿਆ ਹੈ ਜਿਵੇਂ ਤਿਲੰਗ ਕਾਫੀ ਅਤੇ ਕਈ ਥਾਈਂ ਰਾਗਾਂ ਦੀਆਂ ਵਿਸ਼ੇਸ਼ ਕਿਸਮਾਂ ਜੋ ਕਿਵੇਂ ਗੁਰਮਤਿ ਸੰਗੀਤ ਵਿੱਚ ਹੀ ਵਰਤੇ ਗਏ, ਗਉੜੀ ਪੂਰਬੀ ਤੇ ਗਉੜੀ ਮਾਲਵਾ ਆਦਿ।

ਗੁਰੂ ਸਾਹਿਬ ਦੁਆਰਾ ਸਾਰੇ ਪੰਜਾਬ ਵਿਚ ਧਾਰਮਿਕ ਸੰਗੀਤ ਦਾ ਪ੍ਰਚਾਰ ਹੋਇਆ। ਦੇਸ਼ ਦੀਆਂ ਸੰਕੀਰਣ ਅਤੇ ਡਗ-ਮਗਾਉਂਦੀਆਂ ਪ੍ਰਸਥਿਤੀਆਂ ਨੇ ਪੰਜਾਬ ਤੇ ਸੰਗੀਤ ਉਪਰ ਜਿਹੜਾ ਅਗਿਆਨਤਾ ਦਾ ਪਰਦਾ ਪਾਇਆ ਹੋਇਆ ਸੀ ਉਸ ਨੂੰ ਗੁਰੂ ਸਾਹਿਬ ਨੇ ਬੜੀ ਪ੍ਰਵੀਨਤਾ ਨਾਲ ਹਟਾ ਦਿੱਤਾ।[11]

ਗੁਰੂ ਸਾਹਿਬ ਨੇ ਮਾਰਗੀ ਅਤੇ ਦੇਸੀ ਸੰਗੀਤ ਦਾ ਸੁਮਿਸ਼ਰਨ ਕਰਕੇ ਨਵੀਂ ਸੰਗੀਤ ਪੱਦਤੀ ਨੂੰ ਪ੍ਰਭੂ ਭਗਤੀ ਦਾ ਮੁੱਖ ਸਾਧਨ ਬਣਾਇਆ।[12]

ਗੁਰੂ ਸਾਹਿਬ ਨੇ ਕ੍ਰਿਆਤਮਕ ਰੂਪ ਵਿਚ ਉੱਤਰੀ ਅਤੇ ਦੱਖਣੀ ਪੱਦਤੀ ਦਾ ਰਾਗ ਰੂਪਾਂ ਦੀ ਵਰਤੋਂ ਕੀਤੀ। ਗੁਰੂ ਸਾਹਿਬ ਨੇ ਸਭ ਤੋਂ ਪਹਿਲਾ ਸਥਾਨ 'ਸਿਰੀ ਰਾਗ' ਨੂੰ ਦਿੱਤਾ ਅਤੇ ਦੂਜਾ ਸਥਾਨ ਰਾਗ 'ਆਸਾ'। ਜਿਸ ਵਿੱਚ ਉਹਨਾਂ ਨੇ 'ਆਸਾ ਦੀ ਵਾਰ' ਦੀ ਰਚਨਾਂ ਕੀਤੀ ਅਤੇ ਆਪਣੀ ਬਾਣੀ ਅਤੇ ਸੰਗੀਤ ਰਾਹੀਂ ਸਿੱਖ ਇਤਿਹਾਸ ਵਿਚ ਇਕ ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ।

ਗੁਰੂ ਨਾਨਕ ਦੇਵ ਜੀ ਸੰਗੀਤ ਪੱਧਤੀ ਦੇਸਮ ਦੇ ਸੰਗੀਤ ਵਿਧਾਨ ਦਾ ਆਪਨਾ ਸ਼ਾਸਤਰ ਹੈ ਜਿਸ ਵਿਚ ਸਾਸ਼ਤਰੀ ਸੰਗੀਤ ਦੀਆਂ ਕੁਝ ਪ੍ਰਚਲਿਤ ਗਾਇਨ ਸ਼ੈਲੀਆਂ ਦੀ ਵਰਤੋਂ ਵੀ ਕੀਤੀ ਗਈ। ਭਾਵੇਂ ਇਨ੍ਹਾਂ ਗਾਇਨ ਸ਼ੈਲੀਆਂ ਅਤੇ ਲੋਕ ਗਾਇਨ ਸ਼ੈਲੀਆਂ ਵਾਂਗੂ ਨਾਮ ਅੰਕਿਤ ਨਹੀਂ ਕੀਤੇ ਗਏ ਪਰ ਸੱਮੁਚੀ ਬਾਣੀ ਦਾ ਭਾਰਤੀ ਸੰਗੀਤ ਦੇ ਸੰਦਰਭ ਵਿੱਚ ਅਧਿਐਨ ਕੀਤਿਆਂ ਸ਼ਾਸਤਰੀ ਸੰਗੀਤ ਦੇ ਕਾਵਿ ਰੂਪ ਮੌਜੂਦ ਮਿਲਦੇ ਹਨ। ਗੁਰੂ ਸਾਹਿਬ ਦਾ ਮੁਖ ਉਦੇਸ਼ ਜਨ ਸਧਾਰਣ ਤੱਕ ਅਧਿਆਤਮਕ ਮੰਡਲਾਂ ਦੇ ਰਹੱਸਾਂ ਨੂੰ ਪਹੁੰਚਾਉਣਾ ਅਤੇ ਜੀਵਨ ਜਾਂਚ ਦੱਸਣਾ ਸੀ, ਗੁਰੂ ਸਾਹਿਬ ਨੇ ਇਸ ਮੰਤਵ ਲਈ ਲੋਕਾਂ ਦੇ ਮਨਭਾਉਂਦੇ ਕਾਵਿ ਰੂਪਾਂ ਦੀਆਂ ਅਨੇਕ ਗਾਇਨ ਸ਼ੈਲੀਆਂ ਨੂੰ ਉਨ੍ਹਾਂ ਦੇਸ ਬੰਧਿਤ ਰਾਗਾਂ ਦੇ ਸਿਰਲੇਖਾਂ ਅਧੀਨ ਅੰਕਿਤ ਕੀਤਾ। ਲੋਕ ਧੁਨਾਂ ਤੋਂ ਵਿਕਸਤ ਹੋਏ ਆਸਾ, ਮਾਝ, ਵਡਹੰਸ, ਤੁਖਾਰੀ ਵਰਗੇ ਰਾਗਾਂ ਨੂੰ ਉਨ੍ਹਾਂ ਘੋੜੀਆਂ, ਬਾਰਾਮਾਂਹ ਵਰਗੇ ਕਾਵਿ ਰੂਪਾਂ ਹਿੱਤ ਵਰਤਿਆ। ਇਹਨਾਂ ਸਭ ਦਾ

ਇਕ ਨਿਵੇਕਲਾ ਵਿਧਾਨ ਸੀ। ਗੁਰੂ ਸਾਹਿਬ ਨੇ ਗੁਰਮਤਿ ਸੰਗੀਤ ਪੱਧਤੀ ਦੇ ਵਿਕਾਸ ਲਈ ਕੀਰਤਨ ਚੌਂਕੀਆਂ ਦੀ ਅਤੇ ਕੀਰਤਨ ਕੇਂਦਰਾਂ ਦੀ ਸਥਾਪਨਾ ਕੀਤੀ।

ਗੁਰੂ ਸਾਹਿਬ ਨੇ ਵਾਰ ਗਾਇਨ, ਸਲੋਕ, ਅਸਟਪਦੀ, ਥਿਤੀ, ਪਹਰੇ, ਬਾਰਾਮਾਂਹ, ਆਰਤੀ, ਪਉੜੀ, ਪਦ ਗਾਇਨ, ਛੰਤ, ਅਲਾਹੁਣੀਆ, ਗੋਸਟਿ ਅਤੇ ਜਪੁਜੀ ਆਦਿ ਸ਼ੈਲੀਆਂ ਦਾ ਆਪਣੀ ਬਾਣੀ ਵਿਚ ਪ੍ਰਯੋਗ ਕੀਤਾ। ਜਪੁ ਜੀ ਸਾਹਿਬ ਅਤੇ ਸਵੱਯੇ ਤੋਂ ਬਿਨਾਂ ਗੁਰੂ ਸਾਹਿਬ ਦੀ ਸਾਰੀ ਬਾਣੀ ਰਾਗ ਬੱਧ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਨਾਦ, ਆਹਤ ਨਾਦ, ਸੁਰ, ਰਾਗ, ਧੁਨ ਪੰਚ ਸਬਦ, ਤਾਲ, ਸਤਿ ਸੰਗਤ, ਰਾਗੀ, ਰਸ, ਰਬਾਬ, ਵੀਣਾ, ਢੋਲਕ , ਪਖਾਵਜ, ਕੀਰਤਨ ਆਦਿ ਸੰਗੀਤਕ ਸਬਦ ਵੀ ਵਰਤੇ ਜਿਸ ਤੋਂ ਸਿੱਧ ਹੁੰਦਾ ਹੈ ਕਿ ਉਹਨਾਂ ਨੇ ਪ੍ਰਚਲਿਤ ਭਾਰਤੀ ਸੰਗੀਤ ਦੀ ਪਰੰਪਰਾ ਦੇ ਵਿਚੋਂ ਇਕ ਨਵੀਨ ਗਾਇਨ ਸ਼ੈਲੀ ਨੂੰ ਵਿਕਸਿਤ ਕਰਕੇ ਗੁਰਮਤਿ ਸੰਗੀਤ ਦੀ ਨੀਂਹ ਰੱਖੀ।

ਗੁਰੂ ਸਾਹਿਬ ਨੇ ਇਸ ਤਰ੍ਹਾਂ ਰਾਗ ਨੂੰ ਹਰੀ ਕੀਰਤਨ ਦਾ ਰੂਪ ਦੇ ਕੇ ਸਿੱਖ ਧਰਮ ਦਾ ਇੱਕ ਅਟੁੱਟ ਅੰਗ ਬਣਾ ਦਿੱਤਾ। ਇਸ ਕੀਰਤਨ ਪਰੰਪਰਾ ਦੇ ਸਦਕਾ ਜਿਸਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ ਕੀਤਾ, ਅੱਜ ਹਰ ਸਿੱਖ ਕੀਰਤਨ (ਰਾਗ ਤੇ ਬਾਣੀ) ਸੁਣਦਾ ਹੈ ਅਤੇ ਗਾਇਨ ਕਰਦਾ ਹੈ। ਹਰ ਗੁਰਦੁਆਰੇ ਵਿੱਚ ਗੁਰੂ ਸਾਹਿਬ ਦੀ ਕੀਰਤਨ ਮਰਿਯਾਦਾ ਅਨੁਸਾਰ ਕੀਰਤਨ ਹੁੰਦਾ ਹੈ। ਸਿੱਖ ਧਰਮ ਵਿੱਚ ਸਿੱਖਾਂ ਦੇ ਘਰੇਲੂ ਜੀਵਨ ਦੀ ਕੋਈ ਰਹੁ ਰੀਤ ਐਸੀ ਨਹੀਂ ਜਿਸ ਦੇ ਵਿੱਚ ਹਰੀ ਕੀਰਤਨ ਨਾ ਹੁੰਦਾ ਹੋਵੇ। ਵਿਆਹ, ਸ਼ਾਦੀ, ਮੌਤ, ਗਮੀ, ਸਧਾਰਣ ਇਕੱਠ, ਸਵੇਰ, ਸ਼ਾਮ ਜਾਂ ਕਿਸੇ ਸਮੇਂ ਦੀ ਇਕੱਤਰਤਾ ਹੋਵੇ ਸਭ ਸਮੇਂ ਕੀਰਤਨ ਨਿਰਮੋਲਿਕ ਹੀਰਾ ਨਾਲ ਹੀ ਸੁਭਾਇਮਾਨ ਹੁੰਦੇ ਹਨ। ਅੱਜ ਵੀ ਗੁਰੂ ਸਾਹਿਬ ਦੀ ਨਿਰਧਾਰਿਤ ਕੀਤੀ ਮਰਿਯਾਦਾ ਅਨੁਸਾਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਦੁੱਖ ਨਿਵਾਰਨ ਸਾਹਿਬ ਪਟਿਆਲਾ, ਤਰਨਤਾਰਨ ਸਾਹਿਬ, ਮੁਕਤਸਰ ਸਾਹਿਬ, ਗੁਰਦੁਆਰਾ ਬਹਾਲਾ ਸਾਹਿਬ, ਗੁਰਦਵਾਰਾ ਸੀਸ ਗੰਜ ਸਾਹਿਬ ਦਿਲੀ, ਗੁਰਦੁਆਰਾ ਰਕਾਬ ਗੰਜ ਸਾਹਿਬ ਅਤੇ ਕਈ ਹੋਰ ਇਤਿਹਾਸਿਕ ਗੁਰਦੁਆਰੇ ਹਨ ਜਿਥੇ ਸਵੇਰ 4 ਵਜੇ ਤੋਂ ਸ਼ਾਮ 10 ਵਜੇ ਤੱਕ ਲਗਾਤਾਰ ਕੀਰਤਨ ਦੀ ਚੌਂਕੀ ਮਰਿਯਾਦਾ ਅਨੁਸਾਰ ਲਗਦੀਆਂ ਹਨ।

ਸੋ ਇਸ ਤੋਂ ਸਪਸ਼ੱਟ ਹੁੰਦਾ ਹੈ ਕਿ ਜਿਥੇ ਇਸ ਦੇਸ਼ ਵਿੱਚ ਆਮ ਲੋਕਾਂ ਨੂੰ ਗਾਉਣ ਦੀ ਮਨਾਹੀ ਸੀ, ਜਿਥੇ ਰਾਗ ਵਿਰੁੱਧ ਸਰਕਾਰੀ ਨੀਤੀ ਵਿਰੁੱਧ ਪ੍ਰੋਟੈਸਟ ਵਜੋਂ ਲੋਕਾਂ ਮੌਸੀਕੀ ਰਾਗ ਦਾ ਜਨਾਜਾ ਕਢਿਆ ਸੀ, ਜਿਥੇ ਗੁਰੂ ਨਾਨਕ ਦੇਵ ਜੀ ਹੀ ਰਬਾਬੀ ਮਰਦਾਨੇ ਨਾਲ ਦੇਖਕੇ ਆਖਦੇ ਸਨ, "ਤੂੰ ਤਲਾ ਫ਼ਕੀਰ ਹੈ ਜ਼ੋ ਰਬਾਬੀ ਨੂੰ ਸਾਥ ਲਈ ਫਿਰਦਾ ਹੈ" ਉਥੇ ਗੁਰੂ ਨਾਨਕ ਦੇਵ ਜੀ ਨੇ ਨਾ ਕੇਵਲ ਭਾਰਤ ਦੇ ਸੰਗੀਤ ਦੀ ਰਖਿਆ ਕੀਤੀ ਸਗੋਂ ਗੁਰਮਤਿ ਸੰਗੀਤ ਨੂੰ ਵੀ ਮਾਣ ਬਖਸ਼ਿਆ ਅਤੇ ਨਾਲ ਹੀ ਘਰ-ਘਰ ਇਸ ਦੀ ਧੁਨ ਨੂੰ ਉਜਾਗਰ ਕੀਤਾ ਅਤੇ ਘਰ-ਘਰ ਕੀਰਤਨ ਦੀ ਟਕਸਾਲ ਕਾਇਮ ਕੀਤੀ। ਭਾਈ ਗੁਰਦਾਸ ਆਪਣੀ ਬਾਣੀ ਵਿਚ ਲਿਖਦੇ ਹਨ :-

"ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ।

## ਹਵਾਲੇ


1. ਪੰਥ ਪ੍ਰਕਾਸ਼ – ਪੰਨਾ 158.

2. ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ, ਸੰਪਾਦਕ ਪਿਆਰਾ ਸਿੰਘ, ਪੰਨਾ 21

3. ਸ੍ਰੀ ਗੁਰੂ ਨਾਨਕ ਚਮਤਕਾਰ, ਭਾਈ ਵੀਰ ਸਿੰਘ, ਪੰਨਾ 306

4. ਭਾਈ ਗੁਰਦਾਸ, ਵਾਰ-1, ਪਉੜੀ 32

5. ਗੁਰਮਤ ਮਾਰਤੰਡ, ਪੰਨਾ 300

6. ਗਿਆਨ ਰਤਨਾਵਲੀ, ਸ਼ਹੀਦ ਭਾਈ ਮਨੀ ਸਿੰਘ, ਪੰਨਾ 170

7. ਗੁਰਮਤ ਸੁਧਾਕਰ, ਭਾਈ ਕਾਨ੍ਹ ਸਿੰਘ ਨਾਭਾ, ਪੰਨਾ

8. ਵਾਰਾਂ ਭਾਈ ਗੁਰਦਾਸ, ਵਾਰ 12, ਪਉੜੀ 2

9. ਵਾਦਨ ਕਲਾ, ਪ੍ਰੋ. ਤਾਰਾ ਸਿੰਘ, ਪੰਨਾ 270

10. ਤਾਰਨ ਸਿੰਘ (ਡਾ.), ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 218

11. ਉਮੇਸ਼ ਜ਼ੋਸ਼ੀਪ, ਭਾਰਤੀਯ ਸੰਗੀਤ ਦਾ ਇਤਿਹਾਸ, ਪੰਨਾ 274-75

12. ਤਾਰਾ ਸਿੰਘ (ਪ੍ਰੋ), ਵਾਦਨ ਕਲਾ, ਪੰਨਾ 272

# ਗੁਰੂ ਨਾਨਕ ਦੇਵ ਜੀ ਦੀ ਕਾਵਿ ਕਲਾ

**ਪ੍ਰੋ. ਦਿਨੇਸ਼ ਕੁਮਾਰ**

ਸਹਾਇਕ ਪ੍ਰੋਫ਼ੈਸਰ, ਜੀ.ਐਨ.ਡੀ.ਯੂ. ਕਾਲਜ, ਨਕੋਦਰ

---

ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਪੰਜਾਬੀ ਸਾਹਿਤ ਇਕ ਨਵੇਂ ਯੁਗ ਵਿਚ ਪ੍ਰਵੇਸ਼ ਕਰਦਾ ਹੈ। ਪੰਜਾਬੀ ਸਾਹਿਤ ਦਾ ਸੁਨਹਿਰੀ ਸਮਾਂ ਗੁਰੂ ਨਾਨਕ ਦੇਵ ਜੀ ਨਾਲ ਆਰੰਭ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਪਹਿਲੇ ਰਚਨਾਕਾਰ ਹੋਏ ਸਨ ਜਿਨ੍ਹਾਂ ਦੀਆਂ ਰਚਨਾਵਾਂ ਨੇ ਅਗਲੇਰੇ ਕਵੀਆਂ ਲਈ ਪੱਥ ਪ੍ਰਦਰਸ਼ਨ ਦਾ ਕਾਰਜ ਨਿਭਾਇਆ ਹੈ। ਆਪ ਜੀ ਸਿੱਖਾਂ ਦੇ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਭਗਤੀ ਲਹਿਰ ਦੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ। ਜਿਨ੍ਹਾਂ ਸਮਾਂ ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਹਿਤ ਦੇਸ਼-ਵਿਦੇਸ਼ ਵਿਚ ਬਤੀਤ ਕੀਤਾ, ਉਨ੍ਹਾਂ ਕਿਸੇ ਹੋਰ ਭਗਤ ਕਵੀ ਨੇ ਨਹੀਂ ਬਤੀਤ ਕੀਤਾ। ਆਪ ਜੀ ਦੀ ਬਾਣੀ ਅਧਿਆਤਮਕ ਰੰਗਤ ਵਾਲੀ ਹੋਣ ਦੇ ਨਾਲ-ਨਾਲ ਸਮਕਾਲੀਨ ਸਮੇਂ ਦੀ ਆਵਾਜ਼ ਵੀ ਬਣੀ। ਗੁਰੂ ਜੀ ਨੇ ਰਾਸ਼ਟਰੀ ਜਾਗ੍ਰਿਤੀ ਪੈਦਾ ਕਰਨ ਲਈ ਸਾਹਿਤ ਨੂੰ ਮਾਧਿਅਮ ਬਣਾਇਆ। ਆਪ ਜੀ ਨੇ ਮਹਾਤਮਾ ਬੁੱਧ ਵਾਂਗ ਆਪਣੇ ਵਿਚਾਰਾਂ ਨੂੰ ਜਨ-ਸਧਾਰਨ ਤੀਕ ਪਹੁੰਚਾਉਣ ਲਈ ਬੋਲੀ/ਭਾਸ਼ਾ (ਪੰਜਾਬੀ) ਨੂੰ ਸਾਧਨ ਬਣਾਇਆ। ਇਸ ਨਾਲ ਪੰਜਾਬੀ ਭਾਸ਼ਾ ਦੀ ਅਮੀਰੀ ਵਿਚ ਵਾਧਾ ਹੋਇਆ।

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਸੰਸਥਾਪਕ ਸਨ। "ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ 1469 ਈ: ਰਾਇ-ਭੋਇ ਦੀ ਤਲਵੰਡੀ, ਜ਼ਿਲ੍ਹਾ ਸੇਖੂਪੁਰਾ ਵਿਚ ਹੋਇਆ। ਅੱਜ ਕੱਲ੍ਹ ਇਹ ਸਥਾਨ ਪਾਕਿਸਤਾਨ ਵਿਚ ਹੈ।"[1] ਇਸ ਸਥਾਨ 'ਤੇ ਗੁਰਦੁਆਰਾ ਜਨਮ ਅਸਥਾਨ ਸੁਸ਼ੋਭਿਤ ਹੈ। ਆਪ ਜੀ ਦੇ ਪਿਤਾ ਕਲਿਆਣ ਚੰਦ ਦਾਸ ਜਾਂ ਮਹਿਤਾ ਕਾਲੂ ਪਿੰਡ ਤਲਵੰਡੀ ਵਿਚ ਫ਼ਸਲ ਮਾਮਲੇ ਦੇ ਪਟਵਾਰੀ ਸਨ ਅਤੇ ਉਹ ਇਲਾਕੇ ਦੇ ਮੁਸਲਮਾਨ ਜਿਮੀਂਦਾਰ ਰਾਇ ਬੁਲਾਰ ਦੇ ਕੋਲ ਨੌਕਰੀ ਕਰਦੇ ਸਨ। ਆਪ ਜੀ ਦਾ ਮਾਤਾ ਦਾ ਨਾਂ ਤ੍ਰਿਪਤਾ ਦੇਵੀ ਅਤੇ ਵੱਡੀ ਭੈਣ ਬੇਬੇ ਨਾਨਕੀ ਸੀ ਜਿਨ੍ਹਾਂ ਦਾ ਵਿਆਹ ਸੁਲਤਾਨਪੁਰ ਲੋਧੀ ਦੇ ਜੈਰਾਮ ਨਾਲ ਹੋਇਆ ਸੀ। ਗੁਰੂ ਜੀ ਦਾ ਆਪਣੀ ਵੱਡੀ ਭੈਣ ਨਾਲ ਵਧੇਰੇ ਸਨੇਹ ਸੀ ਜਿਸ ਕਰਕੇ ਉਹ ਪੁਰਾਤਨ ਰਸਮਾਂ ਮੁਤਾਬਕ ਉਸ ਕੋਲ ਰਹਿਣ ਲਈ ਚਲੇ ਗਏ ਸਨ। ਇਥੇ ਗੁਰੂ ਜੀ ਲਾਹੌਰ ਦੇ ਗਵਰਨਰ ਦੌਲਤ ਖਾਂ ਦੇ ਮੋਦੀਖਾਨੇ ਵਿਚ ਨੌਕਰੀ ਕਰਨ ਲੱਗੇ। ਇਸ

ਦੌਰਾਨ ਗੁਰੂ ਜੀ ਦੀ ਪ੍ਰਮਾਤਮਾ ਨੂੰ ਮਿਲਣ ਦੀ ਲਾਲਸਾ ਵਧੀ। ਇਥੇ ਵੇਈਂ ਨਦੀ 'ਤੇ ਇਸ਼ਨਾਨ ਕਰਨ ਉਪਰੰਤ ਆਪ ਜੀ ਨੂੰ ਤਿੰਨ ਦਿਨ ਆਲੋਪ ਰਹਿਣ ਤੋਂ ਬਾਅਦ ਗਿਆਨ ਦੀ ਪ੍ਰਾਪਤੀ ਹੋਈ ਅਤੇ ਆਪ ਜੀ ਨੇ ਨੌਕਰੀ ਛੱਡ ਕੇ ਸੰਸਾਰ ਦੇ ਕਲਿਆਣ ਹਿਤ ਯਾਤਰਾਵਾਂ ਦਾ ਆਗਾਜ਼ ਕੀਤਾ। ਇਨ੍ਹਾਂ ਯਾਤਰਾਵਾਂ ਨਾਲ ਆਪ ਜੀ ਨੇ ਭਟਕੇ ਹੋਏ ਲੋਕਾਂ ਦਾ ਸਹੀ ਮਾਰਗ ਦਰਸ਼ਨ ਕੀਤਾ। ਅੰਤ 1539 ਈ: ਨੂੰ ਆਪ ਜੀ ਜੋਤੀ-ਜੋਤ ਸਮਾ ਗਏ।

ਪੰਜਾਬੀ ਸਾਹਿਤ ਦੇ ਖੇਤਰ ਵਿਚ ਗੁਰੂ ਨਾਨਕ ਦੇਵ ਜੀ ਪ੍ਰਸਿੱਧ ਵਿਅਕਤਿਤਵ ਦੇ ਮਾਲਕ ਸਨ। ਆਪ ਦੀਆਂ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਪੱਟੀ (ਰਾਗ-ਆਸਾ), ਥਿਤੀ (ਰਾਗ-ਬਿਲਾਵਲ), ਸਿੱਧ ਗੋਸ਼ਟਿ (ਰਾਗ-ਰਾਮਕਲੀ) ਓਂਕਾਰ (ਰਾਗ-ਰਾਮਕਲੀ), ਬਾਰਹਮਾਹ (ਰਾਗ-ਤੁਖਾਰੀ) ਲੰਬੇ ਆਕਾਰ ਵਾਲੀਆਂ ਰਚਨਾਵਾਂ ਹਨ ਅਤੇ ਦੋਪਦੇ, ਤ੍ਰਿਪਦੇ, ਚਉਪਦੇ, ਪੰਚਪਦੇ, ਛੇਪਦੇ, ਅਸ਼ਟਪਦੀਆਂ, ਸੋਹਿਲੇ, ਛੰਤ, ਪਹਿਰੇ, ਸਲੋਕ ਆਦਿ ਛੋਟੇ ਆਕਾਰ ਵਾਲੀਆਂ ਰਚਨਾਵਾਂ ਹਨ। ਕੁਝ ਅਜਿਹੀਆਂ ਰਚਨਾਵਾਂ ਵੀ ਹਨ ਜਿਹੜੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਉਹਨਾਂ ਨੂੰ ਆਪ ਜੀ ਦੇ ਨਾਂ ਨਾਲ ਜੋੜਿਆ ਜਾਂਦਾ ਹੈ। ਜਿਵੇਂ- ਨਸੀਹਤਨਾਮਾ, ਸਹੰਸਰਨਾਮਾ, ਹਾਜ਼ਰਨਾਮਾ, ਪਾਕਨਾਮਾ, ਕਰਣੀਨਾਮਾ, ਪ੍ਰਾਣਸੰਗਲੀ, ਕੁਝ ਕਾਫ਼ੀਆਂ ਅਤੇ ਯਾਤਰਾਵਾਂ ਦੌਰਾਨ ਉਚਾਰਨ ਕੀਤੇ ਸ਼ਬਦ ਤੇ ਵਚਨ ਆਦਿ। ਪ੍ਰਿੰ. ਸਾਹਿਬ ਸਿੰਘ ਤੇ ਡਾ. ਤਾਰਨ ਸਿੰਘ ਅਨੁਸਾਰ "ਆਪ ਜੀ ਦੀ ਸਾਰੀ ਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੈ, ਇਸ ਲਈ ਇਸ ਰਚਨਾ ਦੀ ਪ੍ਰਮਾਣਿਕਤਾ ਬਾਰੇ ਸ਼ਤ ਪ੍ਰਤੀਸ਼ਤ ਕੁਝ ਨਹੀਂ ਕਿਹਾ ਜਾ ਸਕਦਾ।"[2]

ਗੁਰੂ ਨਾਨਕ ਦੇਵ ਜੀ ਇਕ ਉਚ-ਕੋਟੀ ਦੇ ਕਵੀ(ਸ਼ਾਇਰ) ਸਨ। ਭਾਵੇਂ ਕਿ ਆਪ ਜੀ ਦੀ ਰਚਨਾ ਦਾ ਮੂਲ ਲਹਿਜਾ ਦਾਰਸ਼ਨਿਕ ਹੈ ਪਰ ਇਸ ਵਿਚ ਕਿਸੇ ਵੀ ਥਾਂ 'ਤੇ ਵਲਵਲੇ ਦੀ ਘਾਟ ਅਨੁਭਵ ਨਹੀਂ ਹੁੰਦੀ। ਬਾਰਹਮਾਹ(ਰਾਗ-ਤੁਖਾਰੀ) ਵਿਚ ਤਾਂ ਵਲਵਲੇ ਦੀ ਪ੍ਰਧਾਨਤਾ ਇੰਨੀ ਜਿਆਦਾ ਹੈ ਕਿ ਦਾਰਸ਼ਨਿਕਤਾ ਲਗਪਗ ਆਲੋਪ ਹੀ ਜਾਂਦੀ ਹੈ। ਵਲਵਲੇ ਦੀ ਅਜਿਹੀ ਪ੍ਰਧਾਨਤਾ ਬਾਣੀ ਵਿਚ ਸ਼ਰੋਧੀ ਅੰਸ਼ ਭਰ ਦਿੰਦੀ ਹੈ। ਆਪ ਦੇ ਉਚ-ਸ਼੍ਰੇਣੀ ਦੇ ਸ਼ਾਇਰ ਹੋਣ ਦਾ ਪ੍ਰਮਾਣ ਪੱਟੀ(ਰਾਗ-ਆਸਾ) ਤੇ (ਰਾਗ-ਧਨਾਸਰੀ) ਦੇ ਪਦਿਆਂ ਵਿਚ ਮਿਲ ਜਾਂਦਾ ਹੈ:

> "ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ"||[3]
>
> (ਪੱਟੀ ਰਾਗ-ਆਸਾ)

"ਨਾਨਕ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ"।।[4]

(ਪਦੇ ਰਾਗ-ਧਨਾਸਰੀ)

ਗੁਰੂ ਜੀ ਦੀ ਕਲਪਨਾ ਦਾ ਖੇਤਰ ਅਸੀਮ ਹੈ। ਆਪ ਜੀ ਨੇ ਆਪਣੀ ਰਚਨਾ 'ਆਰਤੀ' ਵਿਚ ਸੰਪੂਰਨ ਬ੍ਰਹਿਮੰਡ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਆਪ ਜੀ ਨੇ ਆਪਣੀ ਵਿਸ਼ਾਲ ਕਲਪਨਾ ਸ਼ਕਤੀ ਦੁਆਰਾ ਸਾਰੀ ਸ੍ਰਿਸ਼ਟੀ ਨੂੰ ਪ੍ਰਮਾਤਮਾ ਦੀ ਆਰਤੀ ਵਿਚ ਲੀਨ ਦਿਖਾਇਆ ਹੈ। ਇਹ ਰਚਨਾ ਆਪ ਦੀ ਕਾਲਪਨਿਕ ਪ੍ਰਤੀਭਾ ਦੀ ਉੱਤਮ ਉਦਾਹਰਨ ਹੈ। ਇੱਥੇ ਆਪ ਨੇ ਕੁੱਜੇ ਵਿਚ ਸਮੁੰਦਰ ਸਮਾ ਜਾਣ ਵਾਲੀ ਕਹਾਵਤ ਨੂੰ ਸੱਚ ਸਿੱਧ ਕਰ ਦਿੱਤਾ ਹੈ।

ਗੁਰੂ ਜੀ ਨੇ ਆਪਣੀ ਬਾਣੀ ਵਿਚ 31 ਰਾਗਾਂ ਦੀ ਵਰਤੋਂ ਕੀਤੀ ਹੈ। ਇਸ ਨਾਲ ਆਪ ਦੇ ਇਕ ਨਿਪੁੰਨ ਰਾਗੀ ਹੋਣ ਦਾ ਪ੍ਰਮਾਣ ਮਿਲਦਾ ਹੈ। ਆਪ ਨੇ ਰਾਗਾਂ ਵਿਚ ਲੋਕ ਪ੍ਰਿਯ ਧਾਰਨਾਵਾਂ ਨੂੰ ਅਪਣਾਇਆ ਹੈ ਤਾਂ ਜੋ ਜਨ-ਸਧਾਰਨ ਉਸ ਵਿਚ ਰੁਚੀ ਲੈ ਸਕਣ। ਆਪ ਨੇ ਮੁਸਲਮਾਨ ਨੀਤੀ ਰਾਗ ਨਿੰਦਣੀ ਦੀ ਪਰਵਾਹ ਨਾ ਕਰਦੇ ਹੋਏ ਮੁਸਲਮਾਨ ਦੇਸ਼ਾਂ ਵਿਚ ਜਾ ਕੇ ਬਾਣੀ ਨੂੰ ਰਾਗਾਂ ਵਿਚ ਗਾਇਆ ਹੈ। ਇਸ ਤਰ੍ਹਾਂ ਆਪ ਨੇ ਰਾਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ। ਜਿਵੇਂ-"ਸਨਾਤਨ ਕਵਿਤਾ ਪਿੰਗਲ ਵਿਚ ਰਸ ਜਾਂ ਧੁਨੀ ਆਦਿ ਪ੍ਰਧਾਨ(ਵਸਤੂ) ਹੁੰਦੇ ਸੀ, ਉਸੇ ਤਰ੍ਹਾਂ ਗੁਰੂ ਨਾਨਕ ਦੀ ਕਵਿਤਾ ਵਿਚ ਰਾਗ ਪ੍ਰਧਾਨ ਵਸਤੂ ਹੈ ਤੇ ਕਾਵਿ ਕਲਾ ਦੇ ਹੋਰ ਸਾਰੇ ਅੰਗ (ਸ਼ਬਦ ਚੋਣ, ਅਲੰਕਾਰ, ਰਸ, ਵਾਯੂਮੰਡਲ ਅਤੇ ਛੰਦਾ-ਬੰਦੀ ਆਦਿ) ਰਾਗ ਦੀ ਅਨੁਕੂਲਤਾ ਅਧੀਨ ਚਲਦੇ ਹਨ। ਰਾਗ ਤੇ ਕਵਿਤਾ ਦਾ ਇਹ ਸਬੰਧ ਗੁਰੂ ਸਾਹਿਬ ਤੋਂ ਪਹਿਲਾਂ ਪੰਜਾਬ ਦੇ ਸਿੱਧ ਜੋਗੀ, ਬਾਬਾ ਫ਼ਰੀਦ ਅਤੇ ਭਾਰਤ ਦੇ ਪ੍ਰਸਿੱਧ ਭਗਤ ਨਾਮਦੇਵ, ਤ੍ਰਿਲੋਚਨ, ਰਵੀਦਾਸ ਤੇ ਕਬੀਰ ਆਦਿ ਸਥਾਪਿਤ ਕਰ ਚੁੱਕੇ ਸੀ।"[5]

ਭਾਸ਼ਾ ਦੇ ਨਜ਼ਰੀਏ ਤੋਂ ਨਾਨਕ ਬਾਣੀ ਵਿਚ ਵਿਲੱਖਣਤਾ ਦੇਖੀ ਜਾ ਸਕਦੀ ਹੈ। ਆਪ ਨੇ ਆਪਣੇ ਵਿਚਾਰਾਂ ਨੂੰ ਲੋਕਾਈ ਤੀਕ ਪਹੁੰਚਾਉਣ ਲਈ ਲੋਕ-ਬੋਲੀ ਅਰਥਾਤ ਕੇਂਦਰੀ ਪੰਜਾਬੀ ਨੂੰ ਮਾਧਿਅਮ ਬਣਾਇਆ ਹੈ। ਆਪ ਨੇ ਪੰਜਾਬੀ ਬੋਲੀ ਦੀ ਮਹੱਤਤਾ ਦੀ ਪ੍ਰਤੀਨਿੱਧਤਾ ਕਰਦੇ ਹੋਏ ਇਹ ਸਪੱਸ਼ਟ ਕੀਤਾ ਹੈ ਕਿ ਇਸ ਭਾਸ਼ਾ ਵਿਚ ਹਰ ਪ੍ਰਕਾਰ ਦੇ ਭਾਵਾਂ, ਵਿਚਾਰਾਂ ਨੂੰ ਪ੍ਰਗਟ ਕਰਨ ਦੀ ਸਮਰੱਥਾ ਹੈ। ਗੁਰੂ ਜੀ ਨੇ ਆਪਣੀਆਂ ਯਾਤਰਾਵਾਂ ਦੌਰਾਨ ਵੱਖ-ਵੱਖ ਭਾਸ਼ਾਵਾਂ ਵਿਚ ਧਾਰਮਿਕ ਨੇਤਾਵਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਇਸ ਕਰਕੇ ਆਪ ਦੀ ਬੋਲੀ ਵਿਚ ਸੰਸਕ੍ਰਿਤ, ਫ਼ਾਰਸੀ-ਅਰਬੀ, ਲਹਿੰਦੀ ਤੇ ਸਿੰਧੀ, ਸੰਤ ਭਾਸ਼ਾ ਆਦਿ ਦੀ ਸ਼ਬਦਾਵਲੀ ਪ੍ਰਤੱਖ ਨਜ਼ਰ ਆਉਂਦੀ ਹੈ। ਆਪ

ਦੀਆਂ ਲੰਬੀਆਂ ਰਚਨਾਵਾਂ ਬਾਰਹਮਾਹ,ਜਪੁਜੀ ਅਤੇ ਵਾਰਾਂ ਪੰਜਾਬੀ ਵਿਚ ਹਨ। ਉਕਤ ਤੋਂ ਇਲਾਵਾ ਓਂਕਾਰ ਅਤੇ ਸਿੱਧ ਗੋਸ਼ਟਿ ਸੰਤ ਭਾਸ਼ਾ ਵਿਚ ਰਚੀਆਂ ਰਚਨਾਵਾਂ ਹਨ।

ਆਪ ਦੀ ਬਾਣੀ ਦੀਆਂ ਕਈ ਪੰਕਤੀਆ, ਲੋਕਾਂ ਵਿਚ ਵਧੇਰੇ ਪ੍ਰਵਾਨ ਹੋਣ ਕਾਰਨ ਮੁਹਾਵਰੇ ਬਣ ਗਈਆਂ ਹਨ। ਇਹ ਆਪ ਦੀ ਸ਼ੈਲੀ ਦੀ ਵਿਸ਼ੇਸ਼ਤਾ ਹੈ। ਇਸ ਦਾ ਕਾਰਨ ਆਪ ਵੱਲੋਂ ਵਰਤੀ ਗਈ ਭਾਸ਼ਾ ਦਾ ਲੋਕਾਂ ਦੇ ਪੱਧਰ ਦਾ ਹੋਣਾ ਹੈ। ਜਿਹੜੀ ਰਚਨਾ ਜਨ-ਸਧਾਰਨ ਦੇ ਪੱਧਰ ਦੀ ਹੁੰਦੀ ਹੈ, ਉਹ ਰਚਨਾ ਵਧੇਰੇ ਮਕਬੂਲੀਅਤ ਹਾਸਿਲ ਕਰਦੀ ਹੈ। ਜਿਵੇਂ-'ਮਨ ਜੀਤੈ ਜਗੁ ਜੀਤੁ', 'ਮਠਿਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ', 'ਦੁਖ ਦਾਰੂ ਸੁਖ ਰੋਗ ਭਇਆ' ਆਦਿ।

ਅਲੰਕਾਰਾਂ ਨੂੰ ਕਵਿਤਾ ਦਾ ਗਹਿਣਾ ਕਿਹਾ ਜਾਂਦਾ ਹੈ ਜੋ ਕਿ ਕਵਿਤਾ ਨੂੰ ਸੰਵਾਰਨ, ਸ਼ਿੰਗਾਰਨ, ਸੁੰਦਰ ਬਣਾਉਣ ਦਾ ਕਾਰਜ ਕਰਦੇ ਹਨ। ਗੁਰੂ ਜੀ ਦੇ ਅਲੰਕਾਰ ਦਾ ਖੇਤਰ ਵਿਸ਼ਾਲ ਹੈ। ਉਹ ਸਾਰੇ ਬ੍ਰਹਿਮੰਡ ਨੂੰ ਆਪਣੇ ਦਾਇਰੇ ਵਿਚ ਸ਼ਾਮਿਲ ਕਰ ਲੈਂਦੇ ਹਨ। ਉਹਨਾਂ ਨੇ ਕੁਦਰਤ, ਘਰੇਲੂ ਜੀਵਨ ਅਤੇ ਭਾਰਤੀ ਪੁਰਾਣਾਂ ਵਿਚੋਂ ਅਲੰਕਾਰਾਂ ਦਾ ਪ੍ਰਯੋਗ ਕੀਤਾ ਹੈ:-

" ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ।।
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ।।
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ।।
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ।।"[6]

(ਸਿਰੀ ਰਾਗ ਅਸ਼ਟਪਦੀਆਂ)

ਗੁਰੂ ਜੀ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਭਾਰਤੀ ਪੁਰਾਣਾਂ ਵਿਚੋਂ ਪਾਤਰਾਂ ਨੂੰ ਸੰਕੇਤਕ ਰੂਪ ਵਿਚ ਵਰਤਿਆ ਹੈ। ਆਪ ਨੇ ਵਿਸ਼ਨੂੰ, ਸ਼ਿਵ, ਨਾਰਦ, ਰਾਮ, ਰਾਵਨ, ਕ੍ਰਿਸ਼ਨ, ਧਰੂਵ ਤੇ ਪਹਿਲਾਦ ਆਦਿ ਦਾ ਸੰਕੇਤਕ ਪ੍ਰਯੋਗ ਬਾਣੀ ਵਿਚ ਕੀਤਾ ਹੈ। ਬੇਸ਼ੱਕ ਆਪ ਨੇ ਕਵਿਤਾ ਨੂੰ ਵਿਭਿੰਨ ਅਲੰਕਾਰਾਂ ਨਾਲ ਸੁਸ਼ੋਭਿਤ ਕੀਤਾ ਹੈ ਪਰ ਰੂਪਕ ਤੇ ਉਪਮਾ ਦਾ ਪ੍ਰਯੋਗ ਵਿਸ਼ੇਸ਼ ਤੌਰ 'ਤੇ ਰੂਪਕ ਦਾ ਪ੍ਰਯੋਗ ਵਧੇਰੇ ਮਿਲਦਾ ਹੈ। ਆਪ ਨੇ ਪ੍ਰਤੀਕਾਤਮਕ ਵਿਧੀ ਦੁਆਰਾ ਆਪਣੇ ਵਿਚਾਰਾਂ ਨੂੰ ਪੇਸ਼ ਕੀਤਾ ਹੈ। ਬਾਣੀ 'ਓਂਕਾਰ' ਇਕ ਪ੍ਰਤੀਕਾਤਮਕ ਰਚਨਾ ਹੈ, ਜਿਸ ਵਿਚ ਪ੍ਰਭੂ ਦੀ ਭੁੱਖੀ ਆਤਮਾ ਨੂੰ 'ਪੰਛੀ' ਦਾ ਪ੍ਰਤੀਕ ਦਰਸਾਇਆ ਹੈ। ਪ੍ਰਮਾਤਮਾ ਦੇ ਲਈ ਆਮ ਤੌਰ 'ਤੇ ਪਤੀ, ਸਾਗਰ ਆਦਿ ਰੂਪਕ ਵਰਤੇ ਹਨ ਅਤੇ ਆਤਮਾ ਲਈ ਪਤਨੀ, ਧਨ ਜਾਂ ਬੂੰਦ ਆਦਿ ਰੂਪਕਾਂ ਦਾ ਪ੍ਰਯੋਗ ਕੀਤਾ ਹੈ।

ਆਪ ਨੇ ਆਪਣੀ ਬਾਣੀ ਨੂੰ ਰਸਾਂ ਦੀ ਵਰਤੋਂ ਰਾਹੀਂ ਰਸਦਾਇਕ ਬਣਾਇਆ ਹੈ। ਇਹਨਾਂ ਰਸਾਂ ਦੀ ਗਿਣਤੀ 9 ਹੈ। ਇਹਨਾਂ ਸਾਰੇ ਰਸਾਂ ਵਿਚੋਂ ਸਾਂਤ ਰਸ ਪ੍ਰਧਾਨ ਰਿਹਾ ਹੈ। ਧਰਮ ਨਾਲ ਸਬੰਧਤ ਪਾਖੰਡਾਂ ਦਾ ਵਰਣਨ ਕਰਦੇ ਸਮੇਂ ਹਾਸਰਸੀ ਵਾਤਾਵਰਣ ਪੈਦਾ ਹੋ ਜਾਂਦਾ ਹੈ। ਬਾਣੀ ਵਿਚ ਨਿਮਨ ਲਿਖਤ ਪੰਕਤੀਆਂ ਬੀਰ ਰਸ ਦਾ ਨਮੂਨਾ ਪੇਸ਼ ਕਰਦੀਆਂ ਹਨ:

"ਜਉ ਤਉ ਪ੍ਰੇਮ ਖੇਲਣ ਕਾ ਚਾਉ।।
ਸਿਰੁ ਧਰਿ ਤਲੀ ਗਲੀ ਮੇਰੀ ਆਉ।।"[7] (ਸਲੋਕ ਵਾਰਾਂ ਤੇ ਵਧੀਕ)

ਗੁਰੂ ਜੀ ਨੇ ਆਪਣੀ ਰਚਨਾ ਵਿਚ ਸ਼ਬਦਾਂ ਪ੍ਰਯੋਗ ਰਾਗ ਦੇ ਅੰਤਰਗਤ ਕੀਤਾ ਹੈ। ਦੋਹਿਰਾ, ਦਵੱਯਾ, ਚੌਪਈ, ਕੁੰਡਲਿਆ, ਚਿਤਰਕਲਾ ਆਦਿ ਛੰਦਾਂ ਦੀ ਵਰਤੋਂ ਆਪ ਨੇ ਕਵਿਤਾ ਵਿਚ ਕੀਤੀ ਹੈ। ਇਸ ਤੋਂ ਇਲਾਵਾ ਛੰਦ ਮੁਕਤ ਕਵਿਤਾ ਦੀ ਰਚਨਾ ਵੀ ਕੀਤੀ। ਆਪ ਨੂੰ ਛੰਦਾਂ ਦੀ ਪਕੜ ਸਵੀਕਾਰ ਨਹੀਂ ਸਨ। ਇਸ ਲਈ ਕਈ ਥਾਵਾਂ 'ਤੇ ਮਾਤਰਾਵਾਂ ਦੀ ਸੰਖਿਆ ਉਪਰ-ਥੱਲੇ ਹੋ ਜਾਂਦੀ ਹੈ। ਰਾਗ ਵਿਚ ਅਜਿਹੀ ਘਾਟ ਸੁਰ ਨੂੰ ਲੰਮਾ ਜਾਂ ਛੋਟਾ ਕਰਕੇ ਪੂਰੀ ਹੋ ਜਾਂਦੀ ਹੈ। ਗੁਰੂ ਜੀ ਨੇ ਜਿੱਥੇ ਪੰਜਾਬੀ ਸਾਹਿਤ ਵਿਚ ਅਧਿਆਤਮਕ ਵਾਰਾਂ ਰਚਨਾ ਕੀਤੀ ਉੱਥੇ ਲੋਕ-ਕਾਵਿ ਰੂਪਾਂ ਬਾਰਹਮਾਹ, ਪਹਿਰੇ, ਅਲਾਹੁਣੀਆਂ, ਕੁਚਜੀ, ਸੁਚਜੀ ਤੇ ਥਿਤੀ ਦੇ ਮਾਧਿਅਮ ਰਾਹੀਂ ਵੀ ਰਚਨਾ ਕੀਤੀ। ਆਪ ਦੀ ਬਾਣੀ ਦਾ ਜਿੱਥੇ ਸਾਹਿਤਕ ਦ੍ਰਿਸ਼ਟੀਕੋਣ ਤੋਂ ਮਹੱਤਵ ਹੈ ਉਥੇ ਸਮਾਜ ਵਿਚ ਪ੍ਰਚੱਲਿਤ ਕੁਰੀਤੀਆਂ ਨੂੰ ਦੂਰ ਕਰਨ ਵਿਚ ਵੀ ਅਹਿਮ ਭੂਮਿਕਾ ਅਦਾ ਕਰਦੀ ਹੈ।

ਉਪਰੋਕਤ ਵਿਚਾਰਾਂ ਦੀ ਰੋਸ਼ਨੀ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਪਿੜ ਵਿਚ ਬਹੁਮੁੱਲਾ ਯੋਗਦਾਨ ਪਾਇਆ ਹੈ। ਉਹਨਾਂ ਦੀਆਂ ਰਚਨਾਵਾਂ ਜਿਥੇ ਸਮਾਜਿਕ ਸੁਧਾਰ ਲਈ ਸਹਾਇਕ ਬਣੀਆਂ ਹਨ। ਉਥੇ ਸਾਹਿਤਕ ਮਿਆਰ ਨਾਲ ਵੀ ਪੂਰੀ ਤਰ੍ਹਾਂ ਸੰਪੰਨ ਨਜ਼ਰ ਆਉਂਦੀਆਂ ਹਨ। ਪੰਜਾਬੀ ਸਾਹਿਤ ਨੂੰ ਅਮੀਰ ਬਣਾਉਣ ਵਿਚ ਗੁਰੂ ਜੀ ਦੀਆਂ ਰਚਨਾਵਾਂ ਦਾ ਵਿਸ਼ੇਸ਼ ਯੋਗਦਾਨ ਹੈ। ਇਸ ਲਈ ਗੁਰੂ ਨਾਨਕ ਕਾਲ ਨੂੰ ਪੰਜਾਬੀ ਸਾਹਿਤ ਦਾ 'ਸੁਨਹਿਰੀ ਕਾਲ' ਕਿਹਾ ਜਾਂਦਾ ਹੈ। ਪੰਜਾਬੀ ਕਵਿਤਾ ਦੇ ਖੇਤਰ ਵਿਚ ਗੁਰੂ ਜੀ ਦੀ ਵਿਸ਼ੇਸ਼ ਭੂਮਿਕਾ ਉਹਨਾਂ ਨੂੰ ਪ੍ਰਥਮ ਕਵੀ(ਸ਼ਾਇਰ) ਦੇ ਤੌਰ 'ਤੇ ਸਥਾਪਿਤ ਕਰਦੀ ਹੈ। ਉਹਨਾਂ ਨੇ ਬਾਣੀ ਵਿਚ ਵਿਭਿੰਨ ਰਾਗਾਂ, ਪ੍ਰਤੀਕਾਂ, ਅਲੰਕਾਰਾਂ, ਭਾਸ਼ਾਵਾਂ, ਛੰਦਾਂ ਤੇ ਰਸਾਂ ਦਾ ਪ੍ਰਯੋਗ ਕਰਕੇ ਸਾਹਿਤਕ ਮਿਆਰ ਨੂੰ ਕਾਇਮ ਰੱਖਿਆ ਹੈ।

## ਹਵਾਲਾ ਪੁਸਤਕਾਂ


1. ਭਗਤ ਸਿੰਘ, ਪੰਜਾਬ ਦਾ ਇਤਿਹਾਸ,ਪੰਨਾ-82
2. ਨਰਿੰਦਰ ਸਿੰਘ ਦੁਗਲ (ਪ੍ਰੋ.), ਪੰਜਾਬੀ ਸਾਹਿਤ ਇਕ ਸੰਖੇਪ ਸਰਵੇਖਣ, ਭਾਗ ਪਹਿਲਾ, ਜਲੰਧਰ, 1969, ਪੰਨਾ-46-47
3. ਉਦਰਿਤ,ਉਹੀ
4. ਉਹੀ
5. ਤਾਰਨ ਸਿੰਘ (ਡਾ.), ਗੁਰੂ ਨਾਨਕ: ਚਿੰਤਨ ਤੇ ਕਲਾ
6. ਉਹੀ
7. ਉਹੀ

# ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ

**ਡਾ. ਗੁਰਪ੍ਰੀਤ ਕੌਰ**

ਅਸਿਸਟੈਂਟ ਪ੍ਰੋਫੈਸਰ ਪੰਜਾਬੀ,

ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ (ਰੋਪੜ)।

---

ਗੁਰੂ ਨਾਨਕ ਦੇਵ ਜੀ ਬਹੁਪੱਖੀ ਸਖ਼ਸ਼ੀਅਤ ਦੇ ਮਾਲਕ ਹਨ, ਜਿਨ੍ਹਾਂ ਦਾ ਸਿੱਖ ਧਰਮ, ਸੰਸਾਰ ਦੇ ਦੂਸਰੇ ਧਰਮਾਂ ਅਤੇ ਹੋਰ ਖਿੱਤਿਆਂ ਵਿਚ ਵੀ ਅਥਾਹ ਸਤਿਕਾਰ ਕੀਤਾ ਜਾਂਦਾ ਹੈ। ਉਨ੍ਹਾਂ ਦੇ ਰੱਬੀ ਬੋਲਾਂ ਨੇ ਪੱਥਰ ਦਿਲਾਂ ਨੂੰ ਵੀ ਝੁਕਣ ਲਈ ਮਜ਼ਬੂਰ ਕਰ ਦਿੱਤਾ ਅਤੇ ਉਨ੍ਹਾਂ ਦੇ ਗਿਆਨ ਅਤੇ ਅਧਿਆਤਮ ਅੱਗੇ ਵੱਡੇ-ਵੱਡੇ ਸਿੱਧ ਪੁਰਖ ਗਿਆਨੀਆਂ ਨੇ ਸਿਰ ਝੁਕਾ ਕੇ ਨਮਸਕਾਰ ਕੀਤੀ। ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਸੰਸਾਰ ਦਾ ਸਭ ਤੋਂ ਵੱਡਾ ਰਹਿਬਰ ਤੇ ਹਨੇਰੇ ਵਿਚ ਜਗਣ ਵਾਲਾ ਅਜਿਹਾ ਦੀਵਾ ਕਿਹਾ ਹੈ ਜਿਨ੍ਹਾਂ ਦੀ ਬਰਕਤ ਨਾਲ ਸਾਰੀ ਸ੍ਰਿਸਟੀ ਪਾਰ ਲੰਘ ਰਹੀ ਹੈ।ਗੁਰੂ ਨਾਨਕ ਜੀ ਸਮੁੱਚੇ ਜਗਤ ਲਈ ਅਜਿਹੇ ਚਾਨਣ ਮੁਨਾਰਾ ਹਨ ਜਿਨ੍ਹਾਂ ਨੇ ਮੱਧਕਾਲ ਦੇ ਭਾਰਤੀ ਸਮਾਜ ਅੰਦਰ ਨਵੇਂ ਮੁੱਲਾਂ ਅਤੇ ਸੰਕਲਪਾਂ ਵਾਲਾ ਪ੍ਰਵਚਨ ਉਸਾਰਿਆ ਹੈ। ਗੁਰੂ ਨਾਨਕ ਦੇਵ ਜੀ ਨੇ ਅਜਿਹਾ ਦੁਨੀਆਂ ਵਿਚ ਦੁੱਖਾਂ- ਪਾਪਾਂ, ਵਹਿਮਾਂ-ਭਰਮਾਂ ਅਤੇ ਉਚ-ਨੀਚ ਦਾ ਫ਼ਰਕ ਮਿਟਾਉਣ ਲਈ ਕੀਤਾ।ਜਗਤ ਦੇ ਕਲਿਆਣ ਵਾਸਤੇ ਗੁਰੂ ਨਾਨਕ ਦੇਵ ਜੀ ਨੇ ਜੋ ਵਿਸ਼ਵ ਵਿਆਪੀ ਤੇ ਕ੍ਰਾਂਤੀਕਾਰੀ ਵਿਚਾਰਧਾਰਾ ਦਿੱਤੀ, ਉਸਦੀ ਬੁਨਿਆਦ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦੇ ਸਿਧਾਤਾਂ ਉੱਤੇ ਅਧਾਰਿਤ ਹੈ। ਆਪ ਦੀ ਵਿਚਾਰਧਾਰਾ ਇੰਨੀ ਸ਼ਕਤੀਸ਼ਾਲੀ ਸੀ ਕਿ ਅਜੋਕੇ ਸਮੇਂ ਵਿਚ ਵੀ ਨਿਰੰਤਰ ਵਿਕਾਸ ਕਰਦੀ ਚਲੀ ਆ ਰਹੀ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਮਨੁੱਖ ਲਈ ਇਕ ਸਫਲ ਜੀਵਨ ਦੀ ਜਾਚ ਦੱਸੀ ਹੈ। ਗੁਰੂ ਜੀ ਅਨੁਸਾਰ ਮਨੁੱਖ ਨੂੰ ਪਰਮਾਤਮਾ ਦੀ ਪ੍ਰਾਪਤੀ ਲਈ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਪੰਜੇ ਵਿਕਾਰਾਂ ਦਾ ਦਮਨ ਕਰਨਾ ਜ਼ਰੂਰੀ ਹੈ। ਗੁਰੂ ਜੀ ਨੇ 'ਜਪੁਜੀ ਸਾਹਿਬ' ਅੰਦਰ ਮਨੁੱਖ ਨੂੰ ਲੋਭ ਲਾਲਚ ਤੋ ਉਪਰ ਉੱਠਣ ਦੀ ਪ੍ਰੇਰਣਾ ਦਿੱਤੀ ਹੈ।ਗੁਰੂ ਸਾਹਿਬ ਅਨੁਸਾਰ ਸਾਰੇ ਸੰਸਾਰ ਦੇ ਪਦਾਰਥ ਵੀ ਲਾਲਚੀ ਵਿਅਕਤੀ ਨੂੰ ਦਿੱਤੇ ਜਾਣ ਤਾਂ ਵੀ ਉਸ ਦਾ ਲਾਲਚ ਖਤਮ ਨਹੀ ਹੁੰਦਾ:-

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥[1]

ਗੁਰੂ ਸਾਹਿਬ ਅਨੁਸਾਰ ਦੁਨਿਆਵੀ ਕੰਮਾਂ ਅਤੇ ਪਦਾਰਥਾਂ ਦੀ ਅਮੀਰੀ ਨਾਲ ਮਨੁੱਖ ਅਮੀਰ ਨਹੀਂ ਹੁੰਦਾ, ਸਗੋਂ ਇਹ ਤਾਂ ਹਉਮੈਂ ਪੈਦਾ ਕਰਦੇ ਹਨ ਜਿਸਨੂੰ ਕਿ ਗੁਰੂ ਅੰਗਦ ਦੇਵ ਜੀ ਨੇ ਵੀ ਆਪਣੀ ਬਾਣੀ ਵਿੱਚ ਵੱਡਾ ਰੋਗ ਆਖਿਆ ਹੈ, ਜਿਸ ਤੋਂ ਛੁਟਕਾਰਾ ਪਾਉਣ ਦਾ ਇਕੋ-ਇਕ ਸਾਧਨ ਪਰਮਾਤਮਾ ਦਾ ਨਾਮ ਸਿਮਰਨ ਕਰਨ ਵਿਚ ਹੈ:

ਹਉਮੈ ਏਹਾ ਜਾਤਿ ਹੈ, ਹਉਮੈ ਕਰਮ ਕਮਾਹਿ।।
ਹਉਮੈ ਏਈ ਬੰਧਨਾ, ਫਿਰ ਫਿਰ ਜੋਨੀ ਪਾਹਿ।।
ਹਉਮੈ ਕਿਥਹੁ ਊਪਜੈ, ਕਿਤੁ ਸੰਜਮਿ ਇਹ ਜਾਹਿ।।
ਹਉਮੈ ਏਹੋ ਹੁਕਮੁ ਹੈ, ਪਇਐ ਕਿਰਤਿ ਫਿਰਾਹਿ।।
ਹਉਮੈ ਦੀਰਘ ਰੋਗੁ ਹੈ, ਦਾਰੂ ਭੀ ਇਸੁ ਮਾਹਿ।।
ਕਿਰਪਾ ਕਰੇ ਜੇ ਆਪਣੀ, ਤਾਂ ਗੁਰ ਕਾ ਸ਼ਬਦ ਕਮਾਹਿ।।[2]

ਗੁਰੂ ਜੀ ਅਨੁਸਾਰ ਜਿਸ ਮਨੁੱਖ ਅੰਦਰ ਹਉਮੈਂ ਹੁੰਦੀ ਹੈ, ਉਸਨੂੰ ਵਾਰ ਵਾਰ ਜਨਮ ਮਰਨ ਦੇ ਚੱਕਰਾਂ ਵਿੱਚੋਂ ਗੁਜ਼ਰਨਾ ਪੈਂਦਾ ਹੈ। ਹਉਮੈਂ ਅਜਿਹੀ ਸ਼ਕਤੀ ਹੈ ਜੋ ਮਨੁੱਖ ਨੂੰ ਉਸਦੇ ਮਨੋਰਥ ਵੱਲ ਵੇਖਣ ਹੀ ਨਹੀ ਦਿੰਦੀ। ਜੇ ਮਨੁੱਖ ਨੂੰ ਪਰਮਾਤਮਾ ਨਾ ਮਿਲੇ, ਉਸਨੂੰ ਨਾਮ ਦੀ ਸੋਝੀ ਨਾ ਆਵੇ ਤਾਂ ਉਹ ਜੰਮਣ ਮਰਨ ਦੇ ਚੱਕਰਾਂ ਵਿਚ ਪਿਆ ਰਹਿੰਦਾ ਹੈ। ਚੰਗੇ-ਮਾੜੇ ਵਿਅਕਤੀ ਦੀ ਸੋਝੀ ਵੀ ਹਉਮੈਂ ਦੇ ਅਧੀਨ ਹੀ ਹੁੰਦੀ ਹੈ। ਹਉਮੈਂ ਨੂੰ ਸ਼ਬਦ ਰੂਪੀ ਨਾਮ ਹੀ ਦੂਰ ਕਰ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦੇ ਫਰਮਾਇਆ ਹੈ ਕਿ ਦਿਨ ਰਾਤ ਮਨੁੱਖ ਦੀਆਂ ਵਧਦੀਆਂ ਖਾਹਿਸ਼ਾਂ ਹੀ ਹਉਮੈਂ ਨੂੰ ਜਨਮ ਦਿੰਦੀਆ ਹਨ:

ਤ੍ਰਿਸ਼ਨਾ ਅਹਿ ਨਿਸਿ
ਅਗਲੀ ਹਉਮੈ ਰੋਗੁ ਵਿਕਾਰੁ।।[3]

ਗੁਰੂ ਸਾਹਿਬ ਨੇ ਹਉਮੈਂ ਤੋਂ ਛੁਟਕਾਰੇ ਲਈ ਗੁਰੂ ਦੀ ਦਇਆ ਨਾਲ ਨਾਮ ਸਿਮਰਨ ਦੀ ਦਾਤ ਪ੍ਰਾਪਤ ਕਰਨ ਨੂੰ ਇਕੋ ਇਕ ਰਾਹ ਦੱਸਿਆ ਹੈ:

ਗੁਰਮੁਖਿ ਨਾਮੁ ਸਲਾਹੀਐ।।
ਹਉਮੈ ਨਿਵਰੀ ਭਾਹਿ।।[4]

ਗੁਰੂ ਸਾਹਿਬ ਹਉਮੈਂ ਨੂੰ ਤਿਆਗਣ ਤੇ ਬਲ ਦਿੰਦੇ ਹਨ। ਅਸਲ ਵਿੱਚ ਸਾਰਿਆਂ ਵਿਚਾਰਾਂ ਦੇ ਰੂਪ ਵਿਚ ਹਉਮੈਂ ਹੈ ਅਤੇ ਰੱਬ ਦੀ ਪ੍ਰਾਪਤੀ ਵਿਚ ਰੋੜ੍ਹਾ ਬਣਦੀ ਹੈ। ਜਿਨ੍ਹਾਂ ਚਿਰ ਮਨੁੱਖ ਵਿਚ ਹਉਮੈਂ ਕਾਇਮ ਰਹਿੰਦੀ ਹੈ, ਉਹ ਪਰਮਾਤਮਾ ਦੀ ਮਿਹਰ ਪ੍ਰਾਪਤ ਨਹੀਂ ਕਰ ਸਕਦਾ। ਸਮੁੱਚੀ ਸ੍ਰਿਸ਼ਟੀ ਪਰਮਾਤਮਾ ਦੇ ਹੁਕਮ ਵਿੱਚ ਹੀ ਚਲਦੀ ਹੈ, ਹਉਮੈ ਵੀ ਉਸਦੇ ਹੁਕਮ ਅਧੀਨ ਹੀ ਪੈਦਾ ਹੁੰਦੀ ਹੈ, ਜਿਥੇ ਸ੍ਰਿਸ਼ਟੀ ਵੀ ਪਰਮਾਤਮਾ ਦੇ ਹੁਕਮ ਵਿੱਚ ਹੀ ਚਲਦੀ ਹੈ, ਉਥੇ ਮਨੁੱਖ ਵੀ ਪਰਮਾਤਮਾ ਦੇ ਭਾਣੇ ਵਿੱਚ ਹੀ ਚਲਦਾ ਹੈ ਜਿਵੇ:

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥[5]

ਨੈਤਿਕਤਾ ਦੇ ਵਿਸ਼ਾਲ ਦ੍ਰਿਸ਼ਟੀਕੋਣ ਤੋ ਹਰ ਕਿਸਮ ਦੇ ਕਰੱਤਵ ਦੀ ਪਾਲਣਾ ਸਦਾਚਾਰਕ ਕਰਮ ਹਨ।ਨੇਕੀ ਭਰਿਆ ਜੀਵਨ ਅਧਿਆਤਮਕ ਆਦਰਸ਼ ਦੀ ਪ੍ਰਾਪਤੀ ਦਾ ਸਾਧਨ ਹੀ ਨਹੀ ਬਣਦਾ ਸਗੋ ਭਾਈਚਾਰਕ ਪੱਧਰ ਨੂੰ ਉੱਚਾ ਵੀ ਕਰਦਾ ਹੈ। ਚੜ੍ਹਦੀ ਕਲਾ, ਸਰੱਬਤ ਦਾ ਭਲਾ ਤੇ ਨਿਮਰਤਾ ਆਦਿ ਵਿੱਚੋ ਨੈਤਿਕ ਭਾਵਨਾ ਮੂਰਤੀਮਾਨ ਹੁੰਦੀ ਹੈ।ਨਾਮ ਜਪਣਾ, ਕਿਰਤ ਕਰਨਾ, ਵੰਡ ਛਕਣਾ ਆਦਿ ਦੇ ਆਦੇਸ਼ ਭਾਈਚਾਰੇ ਦੀ ਆਤਮਿਕ ਉੱਨਤੀ ਦੇ ਪ੍ਰਤੀਕ ਬਣਦੇ ਹਨ। ਸਤ, ਸੰਤੋਖ ਤੇ ਗਿਆਨ ਸਦਾਚਾਰ ਦੇ ਪ੍ਰਮੁੱਖ ਨੈਤਿਕ ਗੁਣ ਹਨ। ਗੁਰੁ ਨਾਨਕ ਸਾਹਿਬ ਅਨੁਸਾਰ ਪਰਮਾਤਮਾ ਸੱਚ ਹੈ ਅਤੇ ਸਚਿਆਰ ਦੇ ਪ੍ਰਮੁੱਖ ਨੈਤਿਕ ਗੁਣ ਤੋ ਬਿਨਾ ਪਰਮਾਤਮਾ ਨੂੰ ਪਾਇਆ ਨਹੀ ਜਾ ਸਕਦਾ।'ਜਪੁਜੀ ਸਾਹਿਬ' ਅੰਦਰ ਗੁਰੁ ਨਾਨਕ ਦੇਵ ਜੀ ਕੂੜ ਤੋ ਛੁਟਕਾਰਾ ਪਾਉਣ ਲਈ ਅਤੇ ਸਚਿਆਰਾ ਬਣਨ ਲਈ ਮੁਨੱਖ ਨੂੰ ਪਰਮਾਤਮਾ ਦੇ ਹੁਕਮ ਅਧੀਨ ਚੱਲਣ ਦਾ ਉਦੇਸ਼ ਦਿੱਤਾ ਹੈ।

ਸੰਜਮ ਅਤੇ ਸੰਤੋਖ ਵਿਅਕਤੀਗਤ ਨੈਤਿਕਤਾ ਦੀ ਅਗਮ ਪ੍ਰਸੰਨ ਅਵਸਥਾ ਲਈ ਵਿਸ਼ੇਸ ਮਹੱਤਤਾ ਰੱਖਦੇ ਹਨ। ਨੈਤਿਕਤਾ ਮਨੁੱਖ ਸੁਭਾ ਵਿੱਚ ਸੰਜਮ ਦੀ ਲੋੜ ਨੂੰ ਅਨੁਭਵ ਕਰਵਾਉਦੀ ਹੈ।ਨੈਤਿਕਤਾ ਨੇ ਭੌਤਿਕ ਸੁੱਖਾਂ ਦੇ ਭੋਗ ਨੂੰ ਨਿੰਦਿਆ ਹੈ ਅਤੇ ਸੰਸਾਰਕ ਦੁੱਖ-ਸੁੱਖ ਨੂੰ ਸਮਾਨ ਸਮਝਣ ਵਾਲੀ ਬਿਰਤੀ ਧਾਰਨ ਕਰਨ ਦਾ ਆਦੇਸ਼ ਦਿੱਤਾ ਹੈ।ਸੰਜਮ ਦੀ ਜੁਗਤੀ ਨੂੰ ਅਪਨਾਉਣ ਨਾਮ ਮਨੁੱਖ ਸੱਚ ਤੱਕ ਪਹੁੰਚ ਸਕਦਾ ਹੈ; ਸੰਜਮਾਂ ਦੀ ਜੁਗਤੀ ਮਨੁੱਖ ਨੂੰ ਆਪਣੀਆ ਪੰਜ ਇੰਦਰੀਆ ਤੇ ਕਾਬੂ ਪਾਉਣਾ ਸਿਖਾਉਦੀ ਹੈ। ਇਹ ਇੰਦਰੀਆ ਹਨ- ਵੇਖਣਾ, ਸੁਣਨਾ, ਦੇਖਣਾ, ਸੁੰਗਣਾ ਤੇ ਸਪਰਸ਼। ਇਹ ਮਨੁੱਖ ਨੂੰ ਦੁਨਿਆਵੀ ਮੋਹ ਪਾਉਦੇ ਹਨ।

ਇਨ੍ਹਾਂ ਸਾਰਿਆਂ ਦਾ ਸੰਜਮ ਭਰਪੂਰ ਵਰਤਾਰਾ ਭੁੱਖ ਤੇ ਲਾਲਸਾ ਨੂੰ ਘਟਾਉਂਦਾ ਹੈ। ਇਸ ਭੁੱਖ ਨੂੰ ਮਿਟਾਉਣ ਲਈ ਗੁਰੂ ਸਾਹਿਬ ਨੇ ਹੁਕਮ ਵਿਚ ਚੱਲਣ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਚੋਰੀ, ਵੱਢੀ ਜਾਂ ਪਰਾਏ ਹੱਕ ਦੀ ਨਿਖੇਧੀ ਕੀਤੀ ਹੈ। ਉਹ ਕਹਿੰਦੇ ਹਨ ਕਿ ਜੋ ਕੁਝ ਪਰਮਾਤਮਾ ਨੇ ਤੁਹਾਨੂੰ ਦਿੱਤਾ ਹੈ, ਉਸ ਨਾਲ ਹੀ ਸਬਰ-ਸੰਤੋਖ ਕਰਨਾ ਚਾਹੀਦਾ ਹੈ। ਗੁਰੂ ਜੀ ਅਨੁਸਾਰ ਉੱਚੀ ਮਤ ਨੂੰ ਮਾਤਾ ਅਤੇ ਸੰਤੋਖ ਨੂੰ ਪਿਤਾ ਬਣਾਉਣਾ ਚਾਹੀਦਾ ਹੈ। ਫਿਰ ਹੀ ਮਨੁੱਖ ਸੱਚ, ਸਰਮ, ਉੱਤਮ ਕਰਨੀ ਅਤੇ ਸਤਿ ਸੰਗਤ ਨੂੰ ਪ੍ਰਾਪਤ ਕਰ ਸਕਦਾ ਹੈ ।[6]

ਸਮਾਜ ਵਿਚ ਵਿਚਰਦਿਆਂ ਮਨੁੱਖ ਨੂੰ ਆਪਣੇ ਪ੍ਰਤੀ ਹੀ ਨਹੀਂ ਸਗੋਂ ਦੂਜਿਆਂ ਪ੍ਰਤੀ ਵੀ ਫਰਜ਼ ਨਿਭਾਉਣੇ ਚਾਹੀਦੇ ਹਨ। ਸਦਾਚਾਰ ਅਤੇ ਦੁਰਾਚਾਰ ਦੇ ਗੁਣ ਔਗੁਣ ਪਰਸਪਰ ਇਕਮਿਕ ਹੁੰਦੇ ਰਹਿੰਦੇ ਹਨ। ਆਪਣੇ ਮਨ ਤੇ ਕਾਬੂ ਪਾਇਆ ਹਉਮੈਂ ਦੀ ਨਵਿਰਤੀ ਹੁੰਦੀ ਹੈ ਅਤੇ ਕਾਮ, ਕ੍ਰੋਧ,ਲੋਭ, ਮੋਹ ਤੇ ਹੰਕਾਰ ਤੋ ਛੁਟਕਾਰਾ ਹੁੰਦਾ ਹੈ। ਤਤਕਾਲੀਨ ਸਮਾਜ ਹਉਮੈਂ ਵਿਚ ਜਕੜਿਆ ਹੋਇਆ ਹੈ। ਸੰਸਾਰਕ ਮਨੁੱਖਾਂ ਦੇ ਸਭ ਕੰਮ ਅਹੰਕਾਰ ਵਿਚ ਹੀ ਹੋਇਆ ਕਰਦੇ ਹਨ। ਗੁਰੂ ਸਾਹਿਬ ਇਸ ਨੂੰ ਦੂਰ ਕਰਨ ਲਈ 'ਗੁਰੂ' ਸ਼ਬਦ ਦੀ ਕਮਾਈ ਕਰਨ ਲਈ ਪ੍ਰੇਰਦੇ ਹਨ । ਗੁਰੂ ਸਾਹਿਬ ਦੇ ਸਮੇਂ ਵਿਚ ਨਾ ਬਰਾਬਰੀ ਦੀ ਸਮੱਸਿਆ, ਛੂਤ-ਛਾਤ ਦਾ ਭਰਮ, ਉੱਚੇ-ਨੀਵੇਂ ਦੀ ਵੰਡ ਜਾਤ-ਪਾਤ ਆਦਿ ਤੋਂ ਇਲਾਵਾ ਲੋਕ ਭਗਵੇਂ ਕੱਪੜੇ ਪਹਿਨ ਕੇ, ਮੌਲਾਣੇ ਨੀਲੇ ਬਸਤਰ ਧਾਰਨ ਕਰਕੇ, ਬ੍ਰਾਹਮਣ ਧੋਤੀ ਟਿੱਕਾ ਲਗਾ ਕੇ ਤੇ ਜੋਗੀ ਪਿੰਡੇ ਤੇ ਬਿਭੂਤਿ ਮਲ ਕੇ ਭੋਲੇ ਭਾਲੇ ਲੋਕਾਂ ਨੂੰ ਠੱਗਣ ਵਰਗੀਆਂ ਬੁਰਾਈਆਂ ਵੀ ਸਮਾਜ ਵਿੱਚ ਜ਼ੋਰਾਂ ਤੇ ਸਨ। ਗੁਰੂ ਸਾਹਿਬ ਨੇ ਸਾਰੇ ਭੇਦ ਭਰਮ ਦੂਰ ਕਰਕੇ ਇਕ ਨਿਰਪੱਖ ਧਰਮ ਦੀ ਨੀਂਹ ਰੱਖੀ, ਜਿੱਥੇ ਕੋਈ ਉੱਚਾ-ਨੀਵਾਂ ਨਹੀਂ ਸਗੋਂ ਸਾਰੇ ਬਰਾਬਰ ਹਨ।

ਪ੍ਰੋ: ਕਿਸ਼ਨ ਅਨੁਸਾਰ:

> ਨੁਕਸ ਉਸ ਵਕਤ ਹੀ ਪੈਦਾ ਹੁੰਦਾ ਹੈ ਜਦੋਂ ਸਮਾਜਿਕ ਤੌਰ ਤੇ ਮਨੁੱਖੀ ਆਚਰਨ, ਚੀਜਾਂ ਦੀ ਵਰਤੋਂ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੂਸਰੇ ਲਫਜਾਂ ਵਿਚ ਜਮਾਤੀ ਅੰਗ ਦਾ ਹੈ, ਜੋ ਕਾਮ ਆਦਿ ਔਗੁਣਾਂ ਉੱਤੇ ਆਧਾਰਿਤ ਹੈ। ਜਦੋਂ ਅੰਦਰ ਨਾਮ ਵਸ ਜਾਂਦਾ ਹੈ। ਇਨ੍ਹਾਂ ਦੀ ਮੈਲ ਲਥ ਜਾਂਦੀ ਹੈ, ਸਭ ਕੁਝ ਠੀਕ ਹੋ ਜਾਂਦਾ ਹੈ।[7]

ਮੱਧਕਾਲੀ ਸਮਾਜ ਵਿਚ ਇਸਤਰੀ ਨੂੰ ਦੁਜੈਲਾ ਸਥਾਨ ਪ੍ਰਾਪਤ ਸੀ, ਉਸਨੂੰ ਕੁਆਰਿਆਂ ਪਿਤਾ ਦੀ ਅਧੀਨਗੀ ਵਿਚ, ਵਿਆਹ ਤੋਂ ਬਾਅਦ ਪਤੀ ਦੀ ਅਤੇ ਪਤੀ ਤੋਂ ਬਾਅਦ ਪੁੱਤਰ ਦੀ ਅਧੀਨਗੀ ਵਿੱਚ ਆਪਣਾ ਜੀਵਨ ਬਤੀਤ ਕਰਨਾ ਪੈਂਦਾ ਸੀ। ਉਸਨੂੰ ਕੇਵਲ ਭੋਗ-ਵਿਲਾਸ ਦੀ ਵਸਤੂ ਸਮਝ ਕੇ ਉਸਦਾ ਅਪਮਾਨ ਕੀਤਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਇਸਤਰੀ ਜਾਤੀ ਦਾ ਮਾਣ ਵਧਾਉਣ ਲਈ ਉਸਨੂੰ ਸੰਸਾਰ ਦੀ ਜਣਨੀ ਕਹਿ ਕੇ ਸਤਿਕਾਰਿਆ।

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡ ਮੁਆ ਭੰਡੁ ਭਾਲੀਐ ਭੰਡਿ ਹੋਵੈ ਵੀਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥[8]

ਨੈਤਿਕਤਾ ਕੇਵਲ ਸਧਾਰਨ ਸੇਧ ਹੀ ਪ੍ਰਦਾਨ ਨਹੀਂ ਕਰਦੀ ਸਗੋਂ ਇਹ ਮਾਨਵ ਭਲਾਈ ਦਾ ਮੂਲ ਆਦਰਸ਼ ਸਥਾਪਿਤ ਕਰਦੀ ਹੈ। ਵਿਸ਼ਵ ਦੇ ਸਮੂਹ ਜੀਵਾਂ ਵਿਚੋਂ ਇਕ ਜੋਗ ਦਾ ਪ੍ਰਕਾਸ਼ ਵੇਖਣ ਵਾਲੀ ਦ੍ਰਿਸ਼ਟੀ ਦਾ ਸੁਭਾਵਿਕ ਲੱਛਣ ਹੈ ਕਿ ਮਨੁੱਖ-ਮਨੁੱਖ ਵਿਚਕਾਰ ਰੰਗ, ਜਾਤ,ਧਰਮ, ਭਾਸ਼ਾ, ਕੌਮੀਅਤ ਦੇ ਆਧਾਰ ਉੱਤੇ ਭੇਦ ਕਰਨਾ ਭੁੱਲ ਹੈ।

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਅੰਦਰ ਨਿਮਰਤਾ ਤੇ ਮਿੱਠਤ ਨੂੰ ਚੰਗੇ ਗੁਣਾਂ ਦੀ ਨਿਸ਼ਾਨੀ ਦੱਸਿਆ ਹੈ। ਗੁਰੂ ਜੀ ਕਹਿੰਦੇ ਹਨ ਕਿ ਹਲੀਮੀ ਭਾਵ ਨਿਮਰਤਾ ਵਾਲਾ ਮਨੁੱਖ ਸਭ ਗੁਣਾਂ ਦੇ ਹੁੰਦੇ ਹੋਏ ਵੀ ਆਪਣੇ ਆਪ ਨੂੰ ਬਿਨਾਂ ਗੁਣਾਂ ਵਾਲਾ ਸਮਝਦਾ ਹੈ। ਨਿਮਰਤਾ ਵਾਲੇ ਮਨੁੱਖ ਅੰਦਰ ਹੀ 'ਸੇਵਾ ਵਰਗੇ ਗੁਣਾਂ ਦਾ ਵਾਸ ਹੁੰਦਾ ਹੈ। ਸੇਵਾ ਵਿਅਕਤੀ ਨੂੰ ਆਪੇ ਤੋਂ ਉਪਰ ਉੱਠਣ ਅਤੇ ਲੋਕਾਈ ਦੇ ਹਿੱਤਾਂ ਦਾ ਖਿਆਲ ਰੱਖਣ ਦੀ ਸਮਰੱਥਾ ਬਖਸ਼ਦੀ ਹੈ। ਜੋ ਮਨੁੱਖ ਆਪਾ ਗਵਾ ਕੇ ਸੇਵਾ ਕਰਦਾ ਹੈ, ਉਸਨੂੰ ਇਸ ਸੰਸਾਰ ਵਿਚ ਮਾਣ ਪ੍ਰਾਪਤ ਹੁੰਦਾ ਹੈ। ਨਾਮ ਦਾ ਸਿਮਰਨ ਕਰਨ ਨਾਲ ਮਨੁੱਖ ਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਕਰਮਾਂ ਦੇ ਕੀਤੇ ਨੂੰ ਸਵਾਇ ਨਾਮ ਦੇ ਕੋਈ ਨਹੀਂ ਮਿਟਾ ਸਕਦਾ । ਮਨੁੱਖ ਆਪਣੇ ਚੰਗੇ ਤੇ ਮੰਦੇ ਕਰਮਾਂ ਕਰਕੇ ਹੀ ਦਰਗਾਹ ਵਿਚ ਸਤਿਕਾਰੇ ਜਾਂਦੇ ਹਨ। ਗੁਰੂ ਸਾਹਿਬ ਨੇ ਮਨੁੱਖ ਨੂੰ ਚੰਗੇ ਕਰਮ ਕਰਨ ਦੀ ਪ੍ਰੇਰਣਾ ਦਿੱਤੀ ਹੈ ਤਾਂ ਕਿ ਜੀਵ ਮੁੜ ਕੇ ਜੰਮਣ-ਮਰਨ ਦੇ ਚੱਕਰਾਂ ਵਿਚ ਨਾ ਪਵੇ ਕਿਉਂਕਿ ਆਵਾਗਵਨ ਦੇ ਚੱਕਰ ਵਿਚ ਪੈਂਦੇ ਮਨੁੱਖ ਵਾਰ-ਵਾਰ ਦੁੱਖ ਭੋਗਦਾ ਹੈ। ਇਨ੍ਹਾਂ ਦੁੱਖਾਂ ਤੋਂ ਛੁਟਕਾਰਾ ਪਾਉਣਾ ਹੀ ਮੁਕਤੀ ਹੈ। ਗੁਰੂ ਜੀ ਪਰਮਾਤਮਾ ਨੂੰ ਇਕ ਪੁਰਖ ਤੇ ਸੱਚ ਮੰਨਦਿਆਂ

ਉਸ ਨਾਲ ਮਿਲਾਪ ਦਾ ਰਾਹ ਨਾਮ ਤੇ ਸਿਮਰਨ ਨੂੰ ਦੱਸਦੇ ਹਨ। ਸਾਰੀ ਸ੍ਰਿਸ਼ਟੀ ਦਾ ਪਸਾਰਾ ਨਿਰੰਕਾਰ ਦੇ ਅਧੀਨ ਹੈ। ਕਰਮਾਂ ਅਨੁਸਾਰ ਜੀਵਾਂ ਦੀ ਯਾਤਰਾ ਚੱਲਦੀ ਹੈ। ਸਾਰਾ ਸੰਸਾਰ ਹੁਕਮ ਰੂਪੀ ਨਕੇਲ ਦੁਆਰਾ ਨਿਯੰਤ੍ਰਿਤ ਹੈ। ਪਰਮਾਤਮਾ ਦੁਆਰਾ ਹੀ ਸ੍ਰਿਸ਼ਟੀ ਦੀ ਸਿਰਜਣਾ ਹੋਈ ਹੈ। ਬ੍ਰਹਿਮੰਡ ਦੇ ਕਣ-ਕਣ ਵਿਚ ਉਸ ਅਕਾਲ ਪੁਰਖ ਦਾ ਵਾਸਾ ਹੈ। ਹਰ ਇੱਕ ਜੀਵ ਉੱਤੇ ਹਕੂਮਤ ਦੀ ਹੀ ਹਕੂਮਤ ਚਲ ਰਹੀ ਹੈ। ਉਹ ਚਾਹੇ ਤਾਂ ਕਿਸੇ ਨੂੰ ਆਪਣੇ ਆਪ ਵਿਚ ਲੀਨ ਕਰ ਲੈਂਦਾ ਤੇ ਕਿਸੇ ਨੂੰ ਮਾਇਆ ਦੇ ਬੰਧਨਾਂ ਵਿਚ ਪਾ ਦਿੰਦਾ ਹੈ।

ਗੁਰੂ ਸਾਹਿਬ ਨੇ ਸੱਚ ਨਾਲੋਂ ਵਿਯੋਗੇ ਹੋਏ ਮਨੁੱਖ ਦਾ ਸੱਚ ਨਾਲ ਸੰਯੋਗ ਕਰਾਉਣ ਦਾ ਰਾਸਤਾ ਹੁਕਮ ਵਿੱਚ ਚੱਲਣ ਨੂੰ ਮੰਨਿਆ ਹੈ। ਇਹ ਸੰਸਾਰ ਪਰਮਾਤਮਾ ਦੀ ਹੀ ਲੀਲਾ ਹੈ। ਪਰਮਾਤਮਾ ਆਪਣੀ ਇਸ ਰਚਨਾ ਵਿੱਚ ਦੇ ਮੌਜੂਦ ਹੈ ਅਤੇ ਆਪਣੀ ਸਿਰਜਣਾ ਨੂੰ ਬੜੇ ਚਾਅ ਨਾਲ ਸੰਭਾਲ ਰਿਹਾ ਹੈ। ਜਗਤ ਇਕ ਹਕੀਕਤ ਹੈ, ਸਚਾਈ ਹੈ। ਪਰਮਾਤਮਾ ਇਕ ਸਰਵ ਪ੍ਰਵਾਨਿਤ ਸਚਾਈ ਹੈ ਜੋ ਸਾਰੇ ਮਨੁੱਖਾਂ ਨੂੰ ਕਾਰ ਤੇ ਲਗਾਉਦਾਂ ਹੈ। ਇਹ ਸਾਰੀ ਹੁਕਮ ਦੀ ਹੀ ਖੇਡ ਹੈ ਕਿ ਜੀਵ ਇੱਕ ਜਨਮ ਦੀ ਖੇਡ ਮੁਕਾ ਕੇ ਤੁਰ ਜਾਂਦੇ ਅਤੇ ਅਗਲੇ ਜਨਮ ਦੀ ਖੇਡ ਵੀ ਪਰਮਾਤਮਾ ਆਪ ਹੀ ਰਚਾ ਦਿੰਦਾ ਹੈ।ਗੁਰੂ ਤੋ ਬਿਨਾਂ ਮਨੁੱਖੀ ਜੀਵਨ ਅੰਧੇਰੇ ਦਾ ਵਾਸੀ ਰਹਿੰਦਾ ਹੈ। ਇਸ ਅੰਧੇਰੇ ਜੀਵਨ ਤੋਂ ਮੁਕਤੀ ਗੁਰੂ ਸ਼ਰਨ ਦੁਆਰਾ ਹੀ ਸੰਭਵ ਹੋ ਸਕਦੀ ਹੈ। ਗੁਰੂ ਦੀ ਕ੍ਰਿਪਾ ਤੋਂ ਬਿਨ੍ਹਾਂ ਦਾ ਸ਼ਬਦ ਦੀ ਕਮਾਈ ਹੋ ਸਕਦੀ ਹੈ ਅਤੇ ਨਾ ਹੀ ਹਉਮੈਂ ਨਾਲ ਜੁੜੇ ਬੰਧਨਾਂ, ਰੋਗਾਂ ਤੇ ਦੁੱਖਾਂ ਤੋਂ ਛੁਟਕਾਰਾ ਹੋ ਸਕਦਾ ਹੈ।

ਗੁਰੂ ਸਾਹਿਬ ਅਨੁਸਾਰ ਦੇਖਣ ਸੁਣਨ ਜਾਂ ਜਾਣਨ ਨਾਲ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਸਗੋਂ ਪ੍ਰਭੂ ਦੀ ਪ੍ਰਾਪਤੀ ਲਈ ਨਾਮ ਦਾ ਸਿਮਰਨ ਜ਼ਰੂੁਰੀ ਹੈ। ਉਹ ਇਨਸਾਨ ਹੀ ਸਫਲ ਜੀਵਨ ਦਾ ਪਾਂਧੀ ਹੈ ਜੋ ਸਤਿਗੁਰੂ ਦੀ ਸ਼ਰਨ ਵਿਚ ਪੈ ਕੇ ਅਕਾਲ ਪੁਰਖ ਦੇ ਸਿਮਰਨ ਨਾਲ ਜੁੜਦਾ ਹੈ। ਵਿਕਾਰਾਂ ਪਿੱਛੇ ਭਟਕਦੇ ਮਨੁੱਖੀ ਮਨ ਨੂੰ ਸ਼ਾਂਤੀ ਦੀ ਪ੍ਰਾਪਤੀ ਦਾ ਰਾਹ ਨਿਰੰਕਾਰੀ ਸਿਮਰਨ ਵਿਚੋਂ ਹੀ ਪ੍ਰਾਪਤ ਹੋ ਸਕਦਾ ਹੈ। ਨਾਮ ਇਕ ਅਜਿਹਾ ਗਿਆਨ ਹੈ ਜੋ ਹਉਮੈਂ ਤੇ ਮਾਇਆ ਦੇ ਬੰਧਨ ਖਤਮ ਕਰਦਾ ਹੈ। ਨਾਮ ਦੇ ਹਿਰਦੇ ਵਿੱਚ ਵੱਸਣ ਨਾਲ ਮਨੁੱਖ ਖੁਦਗਰਜ਼ੀ ਤੋਂ ਆਜ਼ਾਦ ਹੁੰਦਾ ਹੈ। ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਨਾਮ ਦਾ ਪ੍ਰਕਾਸ਼ ਨਹੀਂ ਉਹ ਦੁਨਿਆਵੀ ਮਾਇਆ ਦੇ ਲਾਲਚ ਵਿਚ ਫਸੇ ਹੋਏ ਹਨ ਅਤੇ ਲਾਲਚ ਵਸ ਹੋ ਕੇ ਗੁਰੂ ਤੋਂ ਬੇਮੁੱਖ ਹੋ ਜਾਂਦਾ ਹੈ ਤੇ ਉਲਟੇ ਪਾਸੇ ਤੁਰਦਾ ਹੈ। ਨਾਮ ਸਿਮਰਨ ਹੀ ਇਕ ਅਜਿਹਾ ਵਸੀਲਾ ਹੈ ਜੋ ਜੀਵ ਨੂੰ ਪਰਮਾਤਮਾ ਨਾਲ ਇਕ ਰੂਪ ਕਰ ਦਿੰਦਾ ਹੈ। ਪਰਮਾਤਮਾ ਦੇ ਨਾਲ

ਜੁੜਨ ਦੀ ਸਿੱਖਿਆਂ ਤੋਂ ਉੱਚੀ ਹੋਰ ਕੋਈ ਸਿੱਖਿਆ ਨਹੀਂ ਹੋ ਸਕਦੀ। ਜਿਵੇਂ-ਜਿਵੇਂ ਮਨੁੱਖ ਆਪਣੇ ਮਨ ਵਿੱਚ ਸ਼ਬਦ ਗ੍ਰਹਿਣ ਕਰਦਾ ਹੈ, ਉਸਨੂੰ ਰੱਬ, ਸਮਾਜ ਤੇ ਸਾਰੀ ਪ੍ਰਕਿਰਤੀ ਦੀ ਸੋਝੀ ਆ ਜਾਂਦੀ ਹੈ।

ਉਪਰੋਕਤ ਚਰਚਾ ਨੂੰ ਸਮੇਟਦਿਆਂ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਰੱਬ ਦੀ ਰਜ਼ਾ ਵਿਚ ਰਹਿਣ ਭਾਵ ਉਸ ਦਾ ਭਾਣਾ ਮੰਨਣ ਦੀ ਪ੍ਰੇਰਣਾ ਦਿੱਤੀ ਹੈ। ਗੁਰੂ ਜੀ ਅਨੁਸਾਰ ਚਿੰਤਾ ਕਰਨਾ ਵਿਅਰਥ ਹੈ। ਮਨੁੱਖ ਨੂੰ ਹਮੇਸ਼ਾ ਰੱਬ ਦੇ ਭਾਣੇ ਵਿਚ ਰਾਜ਼ੀ ਰਹਿਣਾ ਚਾਹੀਦਾ ਹੈ ਕਿਉਂਕਿ ਉਸਦੇ ਹੁਕਮ ਵਿਚ ਹੀ ਸਭ ਹੋ ਰਿਹਾ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ ਮਨੁੱਖੀ ਚਰਿੱਤਰ ਨੂੰ ਸਦਭਾਵਨਾ ਵਾਲੇ ਨੈਤਿਕ ਗੁਣ ਗ੍ਰਹਿਣ ਕਰਨ ਦੀ ਪ੍ਰੇਰਣਾ ਜਗਾਉਂਦੀ ਹੈ ਅਤੇ ਸਰਬੱਤ ਦਾ ਭਲਾ ਮੰਗਣ ਦਾ ਮੂਲ ਆਦਰਸ਼ ਸਥਾਪਿਤ ਕਰਦੀ ਹੈ। ਸੋ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਇੱਕ ਨੇਕ ਜੀਵਨ-ਜਾਚ ਦੀ ਪ੍ਰੇਰਣਾ ਦਿੱਤੀ ਹੈ।

## ਹਵਾਲੇ ਤੇ ਟਿੱਪਣੀਆਂ

1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1.
2. ਰੂਪ ਸਿੰਘ ਤੇ ਡਾ.ਰਘਬੀਰ ਬੈਂਸ, ਸ੍ਰੀ ਗੁਰੂ ਅੰਗਦ ਦੇਵ ਜੀ, ਪੰਨਾ 88.
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 20.
4. ਉਹੀ.
5. ਉਹੀ, ਪੰਨਾ 1.
6. ਜਸਵਿੰਦਰ ਕੌਰ ਢਿੱਲੋਂ, ਗੁਰੂ ਨਾਨਕ ਦੀ ਕੀਮਤ-ਮੀਮਾਂਸਾ, ਪੰਨਾ 125.
7. ਪ੍ਰੋ. ਕਿਸ਼ਨ ਸਿੰਘ, ਗੁਰਬਾਣੀ ਦਾ ਸੱਚ, ਪੰਨਾ 42.
8. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 473.

# Sri Guru Nanak Dev Ji: Theology and Human Psychology

**Dr. Sondeep Monga**

Professor And Head, Sunny Oberoi Viveк Sadan:, Advance institute of Social Sciences Sri Anandpur Sahib, Punjab

**Abstract**

Shri Guru Nanak Dev Ji gave Theology which clears the doubts in human psychology about human life and its relation with God. Human Mind is related to intellect (Buddhi). The Prayer of a Sikh lays emphasis on higher plane for the intellect and lower for the mind. The mind, if let loose, can play havoc and if kept under control can raise spiritually. Shri Guru Nanak Dev Ji gave the method or way life to complete the religious life by action, it must even control the mind. In daily life of humans itself is contemplated as action, action of mind in order to free itself from evil-waging a daily struggle against desire and temptation. Psychologically man feel free from joy and sorrow. He feels love of God called 'Ananda' and Reached at the State of 'Visamad' described in Gurbani. With the ever widening visamad: State of Bliss and the progressive subjugation of man go a developing sense of joy and peace. It is an immense awe, a prodigious wonder engendered by the over whelming, indescribable greatness of God.

**Introduction**

Human Psychology has strange and complexed nature. All Philosophical and Religions conceptions of thought concentrated to deal with its very nature. May be it belongs to Easton or Westen philosophies of world. Actually Psychology is science of behaviour and mind including conscious and unconscious phenomena as well as feeling and thought in context to society. It is the study of how humans think about each other and how they relate to each other. Shri Guru Nanak Dev Ji gave Theology which clears the doubts in human

